ਧੰਨ ਧੰਨ
ਸ੍ਰੀ ਗੁਰੂ ਰਵਿਦਾਸ ਜੀ
ਦੇ 646ਵੇਂ ਪ੍ਰਕਾਸ਼
ਦਿਹਾੜੇ ਦੀਆਂ ਅਦਾਰਾ
"ਦੇਸ਼ ਦੁਆਬਾ"
ਵੱਲੋਂ ਸਮੂਹ ਮਾਨਵਤਾ ਨੂੰ
ਲੱਖ-ਲੱਖ ਵਧਾਈਆਂ

11ਵਾਂ ਸਾਲ
ਹਫਤਾਵਾਰੀ

# ਦੇਸ਼ ਦੁਆਬਾ

VOL - 11 ISSUE - 44
February 8, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com



ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 5 ਫਰਵਰੀ 2023 ਨੂੰ ਸ਼ਰਧਾ ਪੂਰਵਕ ਮਨਾਇਆ ਗਿਆ। *(ਜਿਸ ਦੀ ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ ਵਿਚ ਦੇਖੋ)*

ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 5 ਫਰਵਰੀ 2023 ਦਿਨ ਐਤਵਾਰ ਨੂੰ ਮਨਾਇਆ ਗਿਆ।

ਇਸੇ ਤਰਾਂ ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ (ਕੈਲੇਫੋਰਨੀਆ) ਵਿਖੇ 19 ਫਰਵਰੀ 2023 ਦਿਨ ਐਤਵਾਰ ਨੂੰ, ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ 5 ਮਾਰਚ 2023 ਦਿਨ ਐਤਵਾਰ ਨੂੰ, ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ (ਸੈਕਰਾਮੈਂਟੋ) ਵਿਖੇ ਗੁਰਪੁਰਬ ਅਤੇ ਵਿਸ਼ਾਲ ਨਗਰ ਕੀਰਤਨ 12 ਮਾਰਚ 2023 ਦਿਨ ਐਤਵਾਰ ਨੂੰ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ (ਪ੍ਰਾਪਰਟੀ) ਯੂਨੀਅਨ ਸਿਟੀ (ਕੈਲੇਫੋਰਨੀਆ) ਵਿਖੇ 26 ਮਾਰਚ 2023 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 646ਵੇਂ ਪ੍ਰਕਾਸ਼ ਦਿਹਾੜੇ ਬਹੁਤ ਹੀ ਸ਼ਰਧਾ ਪੂਰਵਕ ਮਨਾਏ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਸਬੰਧਤ ਗੁਰੂ ਘਰਾਂ ਨਾਲ ਸੰਪਰਕ ਕਰੋ ਜੀ।

# ਖਤਰਨਾਕ ਭੁਚਾਲ ਨੇ ਹਿਲਾਏ ਤੁਰਕੀ ਅਤੇ ਸੀਰੀਆ

## ਹੁਣ ਤੱਕ 17000 ਲੋਕਾਂ ਦੀ ਹੋਈ ਮੌਤ, 6000 ਤੋਂ ਵੱਧ ਜ਼ਖਮੀ

**ਅੰਕਾਰਾ (ਬਿਊਰੋ)**-ਤੁਰਕੀ ਅਤੇ ਸੀਰੀਆ ਵਿੱਚ 7.8 ਤੀਬਰਤਾ ਦੇ ਨਾਲ ਆਏ ਭੂਚਾਲ ਨੇ ਭਾਰੀ ਤਬਾਹੀ ਮਚਾਈ ਹੈ, ਜਿਸ ਵਿੱਚ 17000 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ ਅਤੇ 6000 ਤੋਂ ਵੱਧ ਲੋਕ ਜ਼ਖਮੀ ਦੱਸੇ ਜਾ ਰਹੇ ਹਨ। ਮਰਨ ਵਾਲਿਆਂ ਦੀ ਗਿਣਤੀ ਵਧਣ ਦੇ ਆਸਾਰ ਹਨ। ਮਲਬਾ ਹਟਾਉਣ ਦੇ ਨਾਲ-ਨਾਲ ਇਹ ਗਿਣਤੀ ਵਧਦੀ ਜਾ ਰਹੀ ਹੈ। ਤੁਰਕੀ ਦੇ ਰਾਸ਼ਟਰਪਤੀ ਏਰਦੋਗਨ ਨੇ ਭੂਚਾਲ ਨਾਲ ਪ੍ਰਭਾਵਿਤ 10 ਸੂਬਿਆਂ ਵਿੱਚ 3 ਮਹੀਨਿਆਂ ਲਈ ਐਮਰਜੈਂਸੀ ਦੀ ਘੋਸ਼ਣਾ ਕੀਤੀ ਹੈ। ਤੁਰਕੀ ਦੇ ਭੂਚਾਲ




ਪ੍ਰਭਾਵਿਤ ਖੇਤਰਾਂ ਵਿੱਚ ਖੋਜ ਅਤੇ ਬਚਾਅ ਕਾਰਜਾਂ ਲਈ ਐਨਡੀਆਰਐਫ ਸਮੇਤ ਦੁਨੀਆਂ ਭਰ ਤੋਂ ਬਚਾਅ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀਆਂ ਹਦਾਇਤਾਂ ਅਨੁਸਾਰ ਰਾਸ਼ਟਰੀ ਆਫ਼ਤ ਰਿਸਪਾਂਸ ਫੋਰਸ (ਐਨ. ਡੀ. ਆਰ. ਐਫ.) ਦੇ 101 ਕਰਮਚਾਰੀਆਂ ਦੀਆਂ ਦੋ ਟੀਮਾਂ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਕੁੱਤਿਆਂ ਦੇ ਦਸਤੇ ਅਤੇ ਸਾਰੇ ਲੋੜੀਂਦੇ ਸਾਜੋ-ਸਮਾਨ ਸਮੇਤ ਤੁਰਕੀ ਦੇ ਭੂਚਾਲ ਨਾਲ ਤਬਾਹ ਹੋਏ ਇਲਾਕਿਆਂ ਵਿੱਚ ਭੇਜੀਆਂ ਗਈਆਂ। **(ਵਿਸੇਸ ਰਿਪੋਰਟ ਦੇਖੋ ਸਫਾ 3-4 'ਤੇ)**

# ਭਾਰਤੀ-ਅਮਰੀਕੀ ਵਿਦਿਆਰਥਣ ਨਤਾਸ਼ਾ ਪੇਰੀਨਯਾਗਮ ਦੁਨੀਆ ਦੀ ਸਭ ਤੋਂ ਹੁਸ਼ਿਆਰ' ਲੜਕੀ

**ਵਾਸ਼ਿੰਗਟਨ (ਬਿਊਰੋ)**- ਅਮਰੀਕਾ ਸਥਿਤ ਜੌਹਨ ਹੌਪਕਿੰਸ ਸੈਂਟਰ ਫਾਰ ਟੇਲੈਂਟਡ ਯੂਥ ਨੇ ਭਾਰਤੀ-ਅਮਰੀਕੀ ਸਕੂਲੀ ਵਿਦਿਆਰਥਣ ਨਤਾਸ਼ਾ ਪੇਰੀਨਯਾਗਮ ਨੂੰ 76 ਦੇਸ਼ਾਂ ਦੇ 15,000 ਵਿਦਿਆਰਥੀਆਂ ਦੇ ਉਪਰਲੇ ਗ੍ਰੇਡ ਪੱਧਰ ਦੀਆਂ ਪ੍ਰੀਖਿਆਵਾਂ ਦੇ ਨਤੀਜਿਆਂ ਦੇ ਆਧਾਰ 'ਤੇ ਲਗਾਤਾਰ ਦੂਜੇ ਸਾਲ 'ਦੁਨੀਆ ਦੀ ਸਭ ਤੋਂ ਹੁਸ਼ਿਆਰ ਵਿਦਿਆਰਥਣ' ਐਲਾਨਿਆ ਹੈ।

ਪੇਰੀਯਾਨਯਾਗਮ (13) ਨਿਊ ਜਰਸੀ ਦੇ ਫਲੋਰੈਂਸ ਐਮ ਗੋਡੀਨੀਅਰ ਮਿਡਲ ਸਕੂਲ ਦਾ ਵਿਦਿਆਰਥੀ ਹੈ। ਉਸਨੇ 2021 ਵਿੱਚ ਜੌਹਨ ਹੌਪਕਿੰਸ



ਸੈਂਟਰ ਫਾਰ ਟੈਲੇਂਟੌਡ ਯੂਥ (ਸੀਟੀਵਾਈ) ਦੀ ਪ੍ਰੀਖਿਆ ਦਿੱਤੀ ਸੀ। ਉਸ ਸਮੇਂ ਉਹ ਪੰਜਵੀਂ ਜਮਾਤ ਦੀ ਵਿਦਿਆਰਥਣ ਸੀ। ਵਰਬਲ ਅਤੇ ਕੁਆਂਟੀਟੇਟਿਵ ਐਪਟੀਟਿਊਡ ਟੈਸਟ ਵਿੱਚ ਨਤਾਸ਼ਾ ਦਾ ਪ੍ਰਦਰਸ਼ਨ ਗ੍ਰੇਡ ਅੱਠ ਵਿੱਚ 90 ਪ੍ਰਤੀਸ਼ਤ ਸਕੋਰ ਕਰਨ ਦੇ ਬਰਾਬਰ ਸੀ, ਉਸਨੇ ਉਸ ਸਾਲ ਦੀ ਸਨਮਾਨ ਸੂਚੀ ਵਿੱਚ ਸਥਾਨ ਹਾਸਲ ਕੀਤਾ। ਯੂਨੀਵਰਸਿਟੀ ਨੇ ਸੋਮਵਾਰ ਨੂੰ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ, ਨਤਾਸ਼ਾ ਨੂੰ ਇਸ ਸਾਲ CTY ਪ੍ਰਤਿਭਾ ਖੋਜ ਦੇ ਤਹਿਤ ਲਏ ਗਏ SAT, ACT, ਸਕੂਲ ਅਤੇ ਕਾਲਜ ਯੋਗਤਾ ਟੈਸਟਾਂ ਜਾਂ ਆਮ ਮੁਲਾਂਕਣਾਂ ਵਿੱਚ ਉਸ ਦੇ ਬੇਮਿਸਾਲ ਪ੍ਰਦਰਸ਼ਨ ਲਈ ਸਨਮਾਨਿਤ ਕੀਤਾ ਗਿਆ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

# ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸੇਲਮਾ




ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ!!

ਗੁਰੂ ਪਿਆਰੀ ਸਾਧ ਸੰਗਤ ਜੀ ਆਪ ਸਭ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਜਨਮ ਦਿਹਾੜਾ ਮਿਤੀ 17, 18 ਅਤੇ 19 ਫਰਵਰੀ 2023 ਨੂੰ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਸੈਲਮਾਂ ਵਿਖੇ ਬੜੀ ਸ਼ਰਧਾ, ਪਿਆਰ, ਸਤਿਕਾਰ ਅਤੇ ਧੂੰਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਸਮੂਹ ਪਰਿਵਾਰ ਸਮੇਤ ਤਿੰਨੋ ਦਿਨ ਗੁਰੂ ਘਰ ਵਿਖੇ ਆਪਣੀਆਂ ਹਾਜ਼ਰੀਆਂ ਲਗਾ ਕੇ ਗੁਰੂ ਸਾਹਿਬ ਪਾਸੋਂ ਪਿਆਰ ਅਤੇ ਖੁਸ਼ੀਆਂ ਪ੍ਰਾਪਤ ਕਰੋ ਜੀ।

**ਸੰਗਤ ਦੇ ਸੇਵਾਦਾਰ**

ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ :

ਦੇਵਰਾਜ ਸਿੰਘ 559-916-6202, ਮਨੋਹਰ ਗਾਦੜਾ 559-546-3437

ਮਿਤੀ 17 ਫਰਵਰੀ, 2023
ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭਤਾ -
ਸਵੇਰੇ 10:30 ਵਜੇ

ਪ੍ਰੋਗਰਾਮਾਂ ਦਾ ਵੇਰਵਾ

ਮਿਤੀ 19 ਫਰਵਰੀ 2023
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ - 11 ਵਜੇ,
ਉਪਰੰਤ ਗੁਰੂ ਕੇ ਕੀਰਤਨੀ ਸਿੰਘ, ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

Address: 2650 Blaine Avenue Selma (CA) 93662



# SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK





1003 Moffat Blvd,
Manteca CA 95336

209-239-1551

# ਤੁਰਕੀ ਅਤੇ ਸੀਰੀਆ 'ਚ ਭੂਚਾਲ ਨੇ ਮਚਾਈ ਭਾਰੀ ਤਬਾਹੀ

## ਹੁਣ ਤੱਕ 17000 ਲੋਕਾਂ ਦੀ ਹੋਈ ਮੌਤ, 6000 ਤੋਂ ਵੱਧ ਜ਼ਖਮੀ

**ਵਿਸ਼ੇਸ਼ ਰਿਪੋਰਟ : ਜੇ. ਸਿੰਘ 'ਭਡਿਆਰ'**

ਬੀਤੇ ਦਿਨੀਂ ਤੁਰਕੀ ਅਤੇ ਸੀਰੀਆ ਵਿੱਚ 7.8 ਤੀਬਰਤਾ ਦੇ ਨਾਲ ਆਏ ਭੂਚਾਲ ਨੇ ਭਾਰੀ ਤਬਾਹੀ ਮਚਾਈ ਹੈ, ਜਿਸ ਵਿੱਚ 17000 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ ਅਤੇ 6000 ਤੋਂ ਵੱਧ ਲੋਕ ਜ਼ਖਮੀ ਦੱਸੇ ਜਾ ਰਹੇ ਹਨ। ਮਰਨ ਵਾਲਿਆਂ ਦੀ ਗਿਣਤੀ ਵਧਣ ਦੇ ਆਸਾਰ ਹਨ। ਮਲਬਾ ਹਟਾਉਣ ਦੇ ਨਾਲ-ਨਾਲ ਇਹ ਗਿਣਤੀ ਵਧਦੀ ਜਾ ਰਹੀ ਹੈ। ਹਰ ਪਾਸੇ ਹਫੜਾ-ਦਫੜੀ ਅਤੇ ਮਲਬਾ ਹੀ ਨਜ਼ਰ ਆ ਰਿਹਾ ਹੈ। ਸਭ ਤੋਂ ਵੱਧ ਤਬਾਹੀ ਦੱਖਣੀ ਤੁਰਕੀ ਅਤੇ ਉੱਤਰੀ ਸੀਰੀਆ ਵਿੱਚ ਹੋਈ। ਰਾਹਤ ਅਤੇ ਬਚਾਅ ਕਾਰਜ ਜਾਰੀ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ ਸਾਲ 1939 ਵਿੱਚ ਤੁਰਕੀ ਵਿੱਚ 7.8 ਤੀਬਰਤਾ ਦਾ ਭੂਚਾਲ ਆਇਆ ਸੀ, ਜਿਸ ਵਿੱਚ 32 ਹਜ਼ਾਰ ਤੋਂ ਵੱਧ ਲੋਕ ਮਾਰੇ ਗਏ ਸਨ। ਤੁਰਕੀ ਵਿੱਚ ਹੋਈ ਤਬਾਹੀ ਦੇ ਕਈ ਵੀਡੀਓ ਇੰਟਰਨੈਂਟ ਮੀਡੀਆ 'ਤੇ ਵਾਇਰਲ ਹੋ ਰਹੇ ਹਨ। ਇਸ ਵਿੱਚ ਉੱਚੀਆਂ ਇਮਾਰਤਾਂ ਨੂੰ ਜ਼ਮੀਨਦੋਜ਼ ਦਿਖਾਇਆ ਗਿਆ ਹੈ। ਲੋਕ ਇਧਰ-ਉਧਰ ਆਪਣੇ ਅਜ਼ੀਜ਼ਾਂ ਨੂੰ ਲੱਭਦੇ ਨਜ਼ਰ ਆ ਰਹੇ ਹਨ। ਸੜਕਾਂ ਤੋਂ ਲੰਘਣ ਵਾਲੇ ਕਈ ਲੋਕ ਵੀਡੀਓਜ਼ ਰਾਹੀਂ ਤਬਾਹੀ ਦਾ ਦ੍ਰਿਸ਼ ਦਿਖਾ ਰਹੇ ਹਨ।



ਸਭ ਤੋਂ ਪਹਿਲਾਂ ਸੋਮਵਾਰ ਸਵੇਰੇ ਕਾਹਰਾਮਨਮਾਰਸ 'ਚ ਭੂਚਾਲ ਆਇਆ। ਇਸਨੇ ਕਈ ਗੁਆਂਢੀ ਪ੍ਰਾਂਤਾਂ ਜਿਵੇਂ ਕਿ ਗਾਜ਼ੀਅਨਟੇਪ, ਸਾਨਲੀਉਰਫਾ, ਦਿਯਾਰਬਾਕਿਰ, ਅਡਾਨਾ, ਅਦਯਾਮਨ, ਮਾਲਤਿਆ, ਓਸਮਾਨੀਆ, ਹਤਯ ਅਤੇ ਕਿਲਿਸ ਨੂੰ ਵੀ ਘੇਰ ਲਿਆ। ਇਸ ਤੋਂ ਬਾਅਦ ਦੁਪਹਿਰ 1:24 'ਤੇ ਕਾਹਰਾਮਨਮਾਰਸ ਕੇਂਦਰ 'ਚ ਹੀ ਇਕ ਵਾਰ ਫਿਰ 7.6 ਤੀਬਰਤਾ ਦਾ ਭੂਚਾਲ ਆਇਆ। ਤੁਰਕੀਏ (ਤੁਰਕੀ) ਵਿੱਚ ਸੋਮਵਾਰ ਨੂੰ 46 ਵਾਰ ਭੂਚਾਲ ਆਇਆ।

### ਰਾਹਤ ਅਤੇ ਬਚਾਅ ਕਾਰਜਾਂ ਲਈ ਵਿਸ਼ੇਸ਼ ਗਲਿਆਰਾ

ਭੂਚਾਲ ਤੋਂ ਬਾਅਦ ਤੁਰਕੀ ਦੇ ਹਥਿਆਰਬੰਦ ਬਲਾਂ ਦੁਆਰਾ ਭੂਚਾਲ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਅਤੇ ਬਚਾਅ ਕਾਰਜਾਂ ਲਈ ਇੱਕ 'ਹਵਾਈ ਸਹਾਇਤਾ ਕੋਰੀਡੋਰ' ਬਣਾਇਆ ਗਿਆ ਸੀ। ਤੁਰਕੀ ਦੇ ਰਾਸ਼ਟਰੀ ਰੱਖਿਆ ਮੰਤਰੀ ਹੁਲੁਸੀ ਅਕਾਰ ਨੇ ਕਿਹਾ, 'ਅਸੀਂ ਭੂਚਾਲ ਪ੍ਰਭਾਵਿਤ ਖੇਤਰਾਂ ਵਿੱਚ ਮੈਡੀਕਲ ਟੀਮਾਂ, ਖੋਜ ਅਤੇ ਬਚਾਅ ਟੀਮਾਂ ਨੂੰ ਆਪਣੇ ਜਹਾਜ਼ ਭੇਜ ਦਿੱਤੇ ਹਨ। ਸਾਡੀ ਕੋਸ਼ਿਸ਼ ਹੈ ਕਿ ਜ਼ਖਮੀ ਲੋਕਾਂ ਨੂੰ ਜਲਦੀ ਤੋਂ ਜਲਦੀ ਬਾਹਰ ਕੱਢਿਆ ਜਾਵੇ।'

### ਤੁਰਕੀ 'ਚ ਕਿਉਂ ਵਾਰ-ਵਾਰ ਹਿੱਲਦੀ ਹੈ ਧਰਤੀ?

ਤੁਰਕੀ ਨੂੰ ਭੂਚਾਲਾਂ ਲਈ ਸਭ ਤੋਂ ਖਤਰਨਾਕ ਸਥਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇੱਥੇ ਅਕਸਰ ਭੂਚਾਲ ਆਉਣ ਦਾ ਕਾਰਨ ਟੈਕਟੋਨਿਕ ਪਲੇਟਾਂ ਹਨ। ਅੱਠ ਕਰੋੜ ਦੀ ਆਬਾਦੀ ਵਾਲਾ ਇਹ ਦੇਸ਼ ਚਾਰ ਟੈਕਟੋਨਿਕ ਪਲੇਟਾਂ 'ਤੇ ਸਥਿਤ ਹੈ। ਜਿਵੇਂ ਹੀ ਇਨ੍ਹਾਂ ਵਿੱਚੋਂ ਇੱਕ ਪਲੇਟ ਹਿੱਲਦੀ ਹੈ, ਪੂਰੇ ਖੇਤਰ ਵਿੱਚ ਜ਼ਬਰਦਸਤ ਭੂਚਾਲ ਦੇ ਝਟਕੇ ਮਹਿਸੂਸ ਹੁੰਦੇ ਹਨ। ਤੁਰਕੀ ਦਾ ਸਭ ਤੋਂ ਵੱਡਾ ਹਿੱਸਾ ਐਨਾਟੋਲੀਅਨ ਪਲੇਟ 'ਤੇ ਸਥਿਤ ਹੈ, ਜੋ ਕਿ ਦੋ ਵੱਡੀਆਂ ਪਲੇਟਾਂ, ਯੂਰੇਸ਼ੀਅਨ ਅਤੇ ਅਫਰੀਕਨ, ਅਤੇ ਨਾਲ ਹੀ ਇੱਕ ਛੋਟੀ ਅਰਬੀ ਪਲੇਟ ਦੇ ਵਿਚਕਾਰ ਸਥਿਤ ਹੈ। ਜਿਵੇਂ ਹੀ ਅਫ਼ਰੀਕੀ ਅਤੇ ਅਰਬੀ ਪਲੇਟਾਂ ਬਦਲਦੀਆਂ ਹਨ, ਸਾਰਾ ਤੁਰਕੀ ਹਿੱਲਣ ਲੱਗ ਪੈਂਦਾ ਹੈ। ਤੁਰਕੀ ਦੀ ਆਫ਼ਤ ਅਤੇ ਐਮਰਜੈਂਸੀ ਪ੍ਰਬੰਧਨ ਅਥਾਰਟੀ ਦੇ ਅੰਕੜਿਆਂ ਅਨੁਸਾਰ, ਸਾਲ 2020 ਵਿੱਚ ਹੀ, 33,000 ਤੋਂ ਵੱਧ ਭੂਚਾਲ ਆਏ ਸਨ। ਇਨ੍ਹਾਂ ਵਿੱਚੋਂ 322 ਦੀ ਤੀਬਰਤਾ 4.0 ਤੋਂ ਵੱਧ ਸੀ।

ਇਸ ਲਈ ਸੀਰੀਆ ਵਿੱਚ ਸਭ ਤੋਂ ਵਿਨਾਸ਼ਕਾਰੀ ਭੂਚਾਲ ਸੀਰੀਆ ਦੇ ਇੱਕ ਅਜਿਹੇ ਖੇਤਰ ਵਿੱਚ ਆਇਆ ਜਿੱਥੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਘਰੇਲੂ ਯੁੱਧ ਚੱਲ ਰਿਹਾ ਹੈ ਅਤੇ ਪ੍ਰਭਾਵਿਤ ਖੇਤਰ ਸਰਕਾਰ ਅਤੇ ਬਾਗੀਆਂ ਵਿਚਕਾਰ ਵੰਡਿਆ ਹੋਇਆ ਹੈ। ਵਿਰੋਧੀਆਂ ਦੇ ਕਬਜ਼ੇ ਵਾਲੇ ਸੀਰੀਆ ਦੇ ਖੇਤਰ ਵਿੱਚ ਲੜਾਈ ਕਾਰਨ ਇੱਥੋਂ ਦੀਆਂ ਇਮਾਰਤਾਂ ਪਹਿਲਾਂ ਹੀ ਕਮਜ਼ੋਰ ਜਾਂ ਨੁਕਸਾਨੀਆਂ ਗਈਆਂ ਸਨ। ਭੂਚਾਲ ਨੇ ਇਸ ਅੱਗ ਵਿੱਚ ਤੇਲ ਪਾਇਆ।

### ਤੁਰਕੀ ਵਿੱਚ 7 ਦਿਨਾਂ ਦਾ ਰਾਸ਼ਟਰੀ ਸੋਗ

ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤਇਪ ਏਰਦੋਗਨ ਨੇ ਕਿਹਾ ਹੈ ਕਿ ਭੂਚਾਲ ਪੀੜਤਾਂ ਨੂੰ ਹਰ ਸੰਭਵ ਮਦਦ ਦਿੱਤੀ ਜਾ ਰਹੀ ਹੈ। ਤੁਰਕੀ 'ਚ ਭੂਚਾਲ ਕਾਰਨ ਹੋਈ ਤਬਾਹੀ ਤੋਂ ਬਾਅਦ 7 ਦਿਨਾਂ ਦੇ ਰਾਸ਼ਟਰੀ ਸੋਗ ਦਾ ਐਲਾਨ ਕੀਤਾ ਗਿਆ ਹੈ। ਏਰਦੋਗਨ ਨੇ ਆਪਣੇ ਅਧਿਕਾਰਤ ਟਵਿਟਰ ਰਾਹੀਂ ਟਵੀਟ ਕੀਤਾ, '6 ਫਰਵਰੀ ਨੂੰ ਸਾਡੇ ਦੇਸ਼ ਵਿੱਚ ਆਏ ਭੂਚਾਲ ਨੇ ਬਹੁਤ ਨੁਕਸਾਨ ਕੀਤਾ ਹੈ। ਇਸ ਸੰਕਟ ਦੀ ਘੜੀ ਵਿੱਚ ਸੱਤ ਦਿਨਾਂ ਦਾ ਰਾਸ਼ਟਰੀ ਸੋਗ ਹੋਵੇਗਾ। 12 ਫਰਵਰੀ ਨੂੰ ਸੂਰਜ ਡੁੱਬਣ ਤੱਕ ਦੇਸ਼-ਵਿਦੇਸ਼ ਵਿੱਚ ਲੋਕ ਸਾਡੇ। ਸਾਡੇ ਦੂਤਾਵਾਸਾਂ ਵਿੱਚ ਝੰਡਾ ਅੱਧਾ ਝੁਕਿਆ ਰਹੇਗਾ।'

### ਭਾਰਤ ਤੁਰਕੀ ਦੀ ਹਰ ਮਦਦ ਲਈ ਤਿਆਰ-ਨਰਿੰਦਰ ਮੋਦੀ

ਤੁਰਕੀ ਦੇ ਵਿੱਚ ਆਏ ਭਿਆਨਕ ਭੂਚਾਲ ਦੇ ਨਾਲ ਉੱਥੋਂ ਦੇ ਲੋਕਾਂ ਦੇ ਹੋਏ ਜਾਨ-ਮਾਲ ਦੇ ਨੁਕਸਾਨ ਨੂੰ ਲੈ ਕੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗਹਿਰਾ ਦੁੱਖ ਜਤਾਇਆ ਹੈ।

ਟਵੀਟ ਕਰ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਤੁਰਕੀ ਦੇ ਵਿੱਚ ਆਏ ਭੂਚਾਲ ਕਾਰਨ ਹੋਏ ਜਾਨੀ ਅਤੇ ਮਾਲੀ ਨੁਕਸਾਨ ਤੋਂ ਮੈਂ ਬੇਹੱਦ ਦੁਖੀ ਹਾਂ। ਮੈਂ ਇਸ ਸਮੇਂ ਦੁਖੀ ਪਰਿਵਾਰਾਂ ਦੇ ਪ੍ਰਤੀ ਹਮਦਰਦੀ ਅਤੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦਾ ਹਾਂ। ਉਨ੍ਹਾਂ ਨੇ ਕਿਹਾ ਕਿ ਭਾਰਤ ਤੁਰਕੀ ਦੇ ਲੋਕਾਂ ਨਾਲ ਇਕਜੁਟਤਾ ਨਾਲ ਖੜ੍ਹਾ ਹੈ ਅਤੇ ਇਸ ਤ੍ਰਾਸਦੀ ਨਾਲ ਨਜਿੱਠਣ ਦੇ ਲਈ ਹਰ ਸੰਭਵ ਮਦਦ ਕਰਨ ਦੇ ਲਈ ਤਿਆਰ ਹੈ।

ਪਰਾਧੀਨਤਾ ਪਾਪ ਹੈ ਜਾਣ ਲਿਓ ਰੇ ਮੀਤ
ਰਵਿਦਾਸ ਦਾਸ ਪ੍ਰਾਧੀਨ ਕੌ ਕੌਣ ਕਰੈ ਹੈ ਪ੍ਰੀਤ

ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)



ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ
ਧੰਨ ਧੰਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ
ਪ੍ਰਕਾਸ਼ ਦਿਹਾੜਾ 3, 4, 5 ਮਾਰਚ 2023 ਨੂੰ ਮਨਾਇਆ ਜਾ ਰਿਹਾ ਹੈ

ਪ੍ਰੋਗਰਾਮਾਂ ਦਾ ਵੇਰਵਾ

ਆਰੰਭ ਸ੍ਰੀ ਅਖੰਡ ਪਾਠ ਸਹਿਬ – 3 ਮਾਰਚ 2023, 10 ਵਜੇ ਸਵੇਰੇ
ਨਿਸ਼ਾਨ ਸਾਹਿਬ ਦੀ ਸੇਵਾ – 4 ਮਾਰਚ 2023, 5 ਵਜੇ ਸ਼ਾਮੀ
ਭੋਗ ਸ੍ਰੀ ਅਖੰਡ ਪਾਠ ਸਾਹਿਬ – 5 ਮਾਰਚ 2023, ਸਵੇਰੇ 10 ਵਜੇ

ਹੋਰ ਵਧੇਰੇ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ:
559-486-3091 'ਤੇ ਸੰਪਰਕ ਕੀਤਾ ਜਾ ਸਕਦਾ ਹੈ

Shri Guru Ravidass Sabha (CV) Fresno (California)
5025 S. Cherry Ave., Fresno (California) 93706

## ਕਿਹੜੇ ਕਿਹੜੇ ਦੇਸ਼ਾਂ ’ਚ ਭੂਚਾਲ ਮਚਾ ਚੁੱਕਾ ਤਬਾਹੀ

* 14 ਅਗਸਤ, 2021 : ਹੈਤੀ ਵਿੱਚ 7.2 ਤੀਬਰਤਾ ਦਾ ਭੂਚਾਲ ਆਇਆ। 2,200 ਤੋਂ ਵੱਧ ਲੋਕ ਮਾਰੇ ਗਏ ਸਨ ਅਤੇ ਲਗਭਗ 13,000 ਘਰਾਂ ਨੂੰ ਨੁਕਸਾਨ ਪਹੁੰਚਿਆ ਸੀ।
* 28 ਸਤੰਬਰ 2018 : ਇੰਡੋਨੇਸ਼ੀਆ ਦੇ ਸੁਲਾਵੇਸੀ ਟਾਪੂ ’ਤੇ 7.5 ਤੀਬਰਤਾ ਦਾ ਭੂਚਾਲ ਆਇਆ। ਇਸ ਕਾਰਨ ਸੁਨਾਮੀ ਆਈ ਅਤੇ 4,300 ਤੋਂ ਵੱਧ ਲੋਕ ਮਾਰੇ ਗਏ।
* 25 ਅਪ੍ਰੈਲ 2015 : ਨੇਪਾਲ ਵਿੱਚ 7.8 ਤੀਬਰਤਾ ਦਾ ਭੂਚਾਲ ਆਇਆ। ਤਕਰੀਬਨ 9,000 ਲੋਕ ਮਾਰੇ ਗਏ ਸਨ ਅਤੇ 80 ਲੱਖ ਤੋਂ ਵੱਧ ਲੋਕਾਂ ਦੀ ਜ਼ਿੰਦਗੀ ਤਬਾਹ ਹੋ ਗਈ ਸੀ।
* 11 ਮਾਰਚ, 2011 : ਉੱਤਰ-ਪੂਰਬੀ ਜਾਪਾਨ ਵਿੱਚ 9.0 ਤੀਬਰਤਾ ਦਾ ਭੂਚਾਲ ਅਤੇ ਸੁਨਾਮੀ ਆਈ। ਇਸ ’ਚ ਕਰੀਬ 15,690 ਲੋਕ ਮਾਰੇ ਗਏ ਸਨ ਅਤੇ 5,700 ਜ਼ਖਮੀ ਹੋਏ ਸਨ।
* 13 ਜਨਵਰੀ 2010 : ਹੈਤੀ ਵਿੱਚ 7.0 ਤੀਬਰਤਾ ਦੇ ਭੂਚਾਲ ਨੇ ਰਾਜਧਾਨੀ ਪੋਰਟ-ਓ-ਪ੍ਰਿੰਸ ਨੂੰ ਤਬਾਹ ਕਰ ਦਿੱਤਾ ਅਤੇ ਲਗਭਗ 316,000 ਲੋਕਾਂ ਦੀ ਮੌਤ ਹੋ ਗਈ। 80,000 ਇਮਾਰਤਾਂ ਤਬਾਹ ਹੋ ਗਈਆਂ।
* 12 ਮਈ, 2008 : ਚੀਨ ਦੇ ਸਿਚੁਆਨ ਸੂਬੇ ਵਿਚ 7.8 ਤੀਬਰਤਾ ਦਾ ਭੂਚਾਲ ਆਇਆ, ਜਿਸ ਵਿਚ ਲਗਭਗ 87,600 ਲੋਕ ਮਾਰੇ ਗਏ।
* ਦਸੰਬਰ 26, 2004 : ਸੁਮਾਤਰਾ ਦੇ ਨੇੜੇ 9.15 ਤੀਬਰਤਾ ਦੇ ਭੂਚਾਲ ਨੇ ਸੁਨਾਮੀ ਸ਼ੁਰੂ ਕਰ ਦਿੱਤੀ ਜੋ ਇੰਡੋਨੇਸ਼ੀਆ, ਥਾਈਲੈਂਡ, ਭਾਰਤ, ਸ਼੍ਰੀਲੰਕਾ ਅਤੇ ਖੇਤਰ ਦੇ ਕਈ ਹੋਰ ਦੇਸ਼ਾਂ ਵਿੱਚ ਫੈਲ ਗਈ। ਇਸ ਤਬਾਹੀ ਵਿੱਚ ਲਗਭਗ 2,30,000 ਲੋਕਾਂ ਦੀ ਮੌਤ ਹੋ ਗਈ ਸੀ।
* 8 ਅਕਤੂਬਰ 2005 : ਉੱਤਰ-ਪੂਰਬੀ ਪਾਕਿਸਤਾਨ ਵਿੱਚ 7.6 ਤੀਬਰਤਾ ਦਾ ਭੂਚਾਲ ਆਇਆ, ਜਿਸ ਵਿੱਚ ਘੱਟੋ-ਘੱਟ 73,000 ਲੋਕ ਮਾਰੇ ਗਏ।
ਇਸ ਭੂਚਾਲ ਨਾਲ ਜੰਮੂ-ਕਸ਼ਮੀਰ ’ਚ ਵੀ 1,244 ਲੋਕਾਂ ਦੀ ਮੌਤ ਹੋ ਗਈ ਸੀ।
* 26 ਦਸੰਬਰ 2003 : ਈਰਾਨ ਦੇ ਦੱਖਣ-ਪੂਰਬੀ ਕੇਰਮਾਨ ਸੂਬੇ ਵਿੱਚ 6.6 ਤੀਬਰਤਾ ਦੇ ਭੂਚਾਲ ਨੇ ਬਾਮ ਸ਼ਹਿਰ ਨੂੰ ਤਬਾਹ ਕਰ ਦਿੱਤਾ। ਇਸ ਵਿੱਚ 31,000 ਲੋਕਾਂ ਦੀ ਮੌਤ ਹੋ ਗਈ ਸੀ।

# ਭੂਚਾਲ ਦੇ ਮਲਬੇ ਹੇਠ ਵਿਅਕਤੀ ਕਿੰਨਾਂ ਸਮਾਂ ਜ਼ਿੰਦਾ ਰਹਿ ਸਕਦਾ ਹੈ

ਤੁਰਕੀ ਵਿੱਚ ਭੁਚਾਲ ਤੋਂ ਬਾਅਦ ਡਿੱਗੀਆਂ ਇਮਾਰਤਾਂ ਦੇ ਮਲਬੇ ਹੇਠ ਦੱਬੇ ਲੋਕਾਂ ਨੂੰ ਕੱਢਣ ਲਈ ਬਚਾਅ ਕਾਰਜਾਂ ਵਿੱਚ ਲੱਗੀਆਂ ਦੇਸ਼ ਅਤੇ ਵਿਦੇਸ਼ ਦੀਆਂ ਟੀਮਾਂ 24 ਘੰਟੇ ਕੰਮ ਕਰ ਰਹੀਆਂ ਹਨ। ਪਰ ਸਵਾਲ ਹੈ ਕਿ ਤੁਸੀਂ ਮਲਬੇ ਹੇਠਾਂ ਕਿੰਨਾਂ ਸਮਾਂ ਜ਼ਿੰਦਾ ਰਹਿ ਸਕਦੇ ਹੋ? ਜ਼ਿੰਦਾ ਰਹਿਣ ਵਿੱਚ ਕਿਹੜੀਆਂ ਚੀਜਾਂ ਜਰੂਰੀ ਹੁੰਦੀਆਂ ਹਨ?

ਤੁਰਕੀ ਅਤੇ ਸੀਰੀਆ ਵਿੱਚ ਸੋਮਵਾਰ ਨੂੰ ਆਏ ਭੁਚਾਲ ਤੋਂ ਬਾਅਦ ਮਲਬੇ ਵਿੱਚ ਫਸੇ ਲੋਕਾਂ ਲਈ ਸਮਾਂ ਖ਼ਤਮ ਹੋ ਰਿਹਾ ਹੈ। ਬਚਾਅ ਕਾਰਜਾਂ ਵਿੱਚ ਲੱਗੀਆਂ ਟੀਮਾਂ ਨੂੰ ਜਿੱਥੇ ਵੀ ਕਿਸੇ ਦੇ ਜਿਉਂਦੇ ਹੋਣ ਦੀ ਉਮੀਦ ਹੈ, ਉਸ ਥਾਂ ਤੋਂ ਮਲਬਾ ਹਟਾਇਆ ਜਾ ਰਿਹਾ ਹੈ। ਪਰ ਮਲਬੇ ਹੇਠ ਫਸੇ ਹੋਏ ਲੋਕ ਕਿੰਨਾਂ ਸਮਾਂ ਹੋਰ ਜਿਉਂਦੇ ਰਹਿ ਸਕਦੇ ਹਨ?

ਮਨੁੱਖ ਦੇ ਅਜਿਹੇ ਹਲਾਤਾਂ ਵਿੱਚ ਜ਼ਿੰਦਾ ਰਹਿਣ ਵਿੱਚ ਕਈ ਚੀਜ਼ਾਂ ਆਪਣਾ ਰੋਲ ਅਦਾ ਕਰਦੀਆਂ ਹਨ। ਇਸ ਵਿੱਚ ਦੇਖਣ ਵਾਲੀ ਗੱਲ ਹੁੰਦੀ ਹੈ ਕਿ ਫਸੇ ਹੋਏ ਵਿਅਕਤੀ ਨੂੰ ਹਵਾ ਅਤੇ ਪਾਣੀ ਕਿੰਨਾਂ ਪਹੁੰਚਦਾ ਹੈ, ਉੱਥੇ ਮੌਸਮ ਕਿਸ ਤਰ੍ਹਾਂ ਦਾ ਹੈ ਅਤੇ ਵਿਅਕਤੀ ਦੀ ਸਰੀਰਕ ਸਿਹਤ ਕਿਹੋ ਜਿਹੀ ਹੈ? ਅਕਸਰ ਬਚਾਅ ਦਾ ਕੰਮ ਘਟਨਾ ਦੇ 24 ਘੰਟਿਆਂ ਤੱਕ ਚੱਲਦਾ ਹੈ ਪਰ ਕਈ ਵਾਰ ਇਹ ਲੰਮਾਂ ਸਮਾਂ ਚੱਲ ਜਾਂਦਾ ਹੈ। ਸੰਯੁਕਤ ਰਾਸ਼ਟਰ ਇਹ ਸਮਾਂ ਆਮ ਤੌਰ 'ਤੇ ਪੰਜ ਤੋਂ ਸੱਤ ਦਿਨਾਂ ਵਿੱਚ ਖਤਮ ਮੰਨਦਾ ਹੈ। ਇਹ ਫੈਸਲਾ ਉਸ ਸਮੇਂ ਲਿਆ ਜਾਂਦਾ ਹੈ ਜਦੋ ਕੋਈ ਵੀ ਬੰਦਾ ਇੱਕ ਜਾਂ ਦੋ ਦਿਨਾਂ ਤੱਕ ਜ਼ਿੰਦਾ ਨਾ ਮਿਲਿਆ ਹੋਵੇ। ਹੁਣ ਦੇਖਣ ਵਾਲੀ ਗੱਲ ਹੈ ਕਿ ਕਿਹੜੀਆਂ ਚੀਜ਼ਾਂ ਪੀੜਤ ਨੂੰ ਜਿਉਂਦਾ ਰੱਖ ਸਕਦੀਆਂ ਹਨ?

### ਜਾਗਰੂਕਤਾ ਅਤੇ ਤਿਆਰੀ

ਮਾਹਿਰ ਕਹਿੰਦੇ ਹਨ ਕਿ ਭਾਵੇਂ ਕਿ ਇਹ ਪਤਾ ਨਹੀਂ ਹੁੰਦੀ ਕਿ ਭੁਚਾਲ ਕਦੋਂ ਆਉਂਣਾ ਹੈ ਜਾਂ ਇਮਾਰਤ ਨੇ ਕਦੋਂ ਡਿੱਗਣਾ ਹੈ ਪਰ ਐਂਮਰਜੈਂਸੀ ਵਿੱਚ ਤੁਸੀਂ ਕੀ ਕਦਮ ਚੁੱਕਦੇ ਹੋ, ਇਹ ਸਭ ਤੋਂ ਮਹੱਤਵਪੂਰਨ ਹੁੰਦਾ ਹੈ। ਚੰਗੀ ਤਰ੍ਹਾਂ ਲੱਭੀ ਹੋਈ ਥਾਂ ਤੁਹਾਨੂੰ ਸਰੀਰਕ ਤੌਰ ਉਪਰ ਅਤੇ ਹਵਾ ਲੈਣ ਵਿੱਚ ਸਹਾਇਕ ਹੋ ਸਕਦੀ ਹੈ। ਤੁਰਕੀ ਦੀ ਸਭ ਤੋਂ ਵੱਡੀ ਸਿਵਲ ਸੋਸਾਇਟੀ ਸਹਾਇਤਾ ਅਤੇ ਏਕੇਯੂਟੀ (ਤੁਰਕੀ ਸਰਚ ਐਂਡ ਰੈਸਕਿਊ ਐਸੋਸੀਏਸ਼ਨ) ਦੇ ਕੋਆਰਡੀਨੇਟਰ, ਮੂਰਤ ਹਾਰੂਨ ਓਂਗੋਰੇਨ ਕਹਿੰਗੇ ਹਨ, "'ਡ੍ਰੌਪ, ਕਵਰ ਅਤੇ ਹੋਲਡ' ਸਥਿਤੀ ਬਚਣ ਵਿੱਚ ਸਹਾਇਕ ਹੋ ਸਕਦੀ ਹੈ।"

### ਡ੍ਰੌਪ, ਕਵਰ ਅਤੇ ਹੋਲਡ'

ਡ੍ਰੌਪ ਦਾ ਮਤਲਬ ਗੋਡਿਆਂ ਭਾਰ ਝੁਕ ਜਾਣਾ, ਕਵਰ ਦਾ ਅਰਥ ਹੈ ਆਪਣੇ ਆਪ ਨੂੰ ਟੇਬਲ ਹੇਠਾਂ ਲਕੋ ਲੈਣਾ ਅਤੇ ਹੋਲਡ ਦਾ ਭਾਵ ਜਦੋਂ ਤੱਕ ਇਲਾਕਾ ਕੰਬ ਰਿਹਾ ਹੈ, ਉਦੋਂ ਤੱਕ ਆਪਣੇ ਆਪ ਨੂੰ ਕਸ ਕੇ ਰੱਖਣਾ। ਉਹ ਕਹਿੰਦੇ ਹਨ, "ਐਂਮਰਜੈਂਸੀ ਉਪਾਵਾਂ ਬਾਰੇ ਸਿੱਖਿਆ ਅਤੇ ਸਿਖਲਾਈ ਤੋਂ ਜਾਣੂ ਹੋਣਾ ਮਹੱਤਵਪੂਰਨ ਹੈ ਪਰ ਅਕਸਰ ਇਸ ਨੂੰ ਅਣ-ਦੇਖਿਆ ਕੀਤਾ ਜਾਂਦਾ ਹੈ।" "ਅਜਿਹਾ ਮਲਬੇ ਹੇਠਾਂ ਤੁਹਾਡੀ ਉਮਰ ਦੀ ਸੰਭਾਵਨਾ ਨੂੰ ਨਿਰਧਾਰਤ ਕਰੇਗਾ।" ਡਬਲਯੂਐਚਓ ਦੇ ਵਿਸ਼ਵ ਸਿਹਤ ਐਮਰਜੈਂਸੀ ਪ੍ਰੋਗਰਾਮ ਦੇ ਤਕਨੀਕੀ ਅਧਿਕਾਰੀ ਡਾਕਟਰ ਜੇਤਰੀ ਰੇਗਮੀ ਵੀ ਤਿਆਰੀ ਦੀ ਮਹੱਤਤਾ ਉਪਰ ਜ਼ੋਰ ਦਿੰਦੇ ਹਨ। ਉਹ ਕਹਿੰਦੇ ਹਨ, "ਸੁਰੱਖਿਅਤ ਥਾਂ ਜਿਵੇਂ ਕਿ ਇੱਕ ਮਜ਼ਬੂਤ ਡੈਸਕ ਜਾਂ ਟੇਬਲ ਦੇ ਹੇਠਾਂ ਆਪਣੇ ਆਪ ਨੂੰ ਢੱਕ ਲੈਣ ਨਾਲ ਬਚਾਅ ਦੀਆਂ ਸੰਭਾਵਨਾਵਾਂ ਵਿੱਚ ਵਾਧਾ ਹੁੰਦਾ ਹੈ। ਭਾਵੇਂ ਕੁਝ ਵੀ ਪੱਕਾ ਨਹੀਂ ਕਿਉਂਕਿ ਹਰ ਐਮਰਜੈਂਸੀ ਵੱਖਰੀ ਹੁੰਦੀ ਹੈ ਪਰ ਸ਼ੁਰੂਆਤੀ ਖੋਜ ਅਤੇ ਬਚਾਅ ਦੇ ਯਤਨ ਸਥਾਨਕ ਲੋਕਾਂ ਵੱਲੋਂ ਕੀਤੀ ਤਿਆਰੀ ਦੀ ਸਮਰੱਥਾ 'ਤੇ ਨਿਰਭਰ ਕਰਦੇ ਹਨ।"

### ਹਵਾ ਅਤੇ ਪਾਣੀ ਮਿਲਣਾ

ਮਲਬੇ ਹੇਠਾਂ ਫਸੇ ਇਨਸਾਨ ਲਈ ਹਵਾ ਅਤੇ ਪਾਣੀ ਦੀ ਸਪਲਾਈ ਜ਼ਿੰਦਾ ਰਹਿਣ ਲਈ ਮੁੱਖ ਚੀਜ ਹੁੰਦੀ ਹੈ। ਪਰ ਇਹ ਸੱਟਾਂ ਲੱਗਣ ਉਪਰ ਵੀ ਨਿਰਭਰ ਕਰਦਾ ਹੈ। ਮਾਹਿਰਾਂ ਮੁਤਾਬਕ ਜੇਕਰ ਵਿਅਕਤੀ ਬੁਰੀ ਤਰ੍ਹਾਂ ਜ਼ਖਮੀ ਨਹੀਂ ਹੋਇਆ ਹੈ ਅਤੇ ਉਸ ਕੋਲ ਸਾਹ ਲੈਣ ਲਈ ਹਵਾ ਹੈ ਤਾਂ ਬਸ ਦੂਜੀ ਚੀਜ਼ ਹੈ ਕਿ ਸਰੀਰ ਨੂੰ ਪਾਣੀ ਮਿਲਦਾ ਰਹੇ।" ਅਮਰੀਕਾ ਦੀ ਡਿਊਕ ਯੂਨੀਵਰਸਿਟੀ ਦੇ ਇੰਟੈਂਸਿਵ ਕੇਅਰ ਦੇ ਮਾਹਿਰ ਪ੍ਰੋ ਰਿਚਰਡ ਐਡਵਰਡ ਮੂਨ ਦੇ ਅਨੁਸਾਰ, "ਪਾਣੀ ਅਤੇ ਆਕਸੀਜਨ ਦੀ ਘਾਟ ਬਚਾਅ ਲਈ ਗੰਭੀਰ ਮੁੱਦੇ ਹਨ।" ਮਾਹਰ ਕਹਿੰਦੇ ਹਨ, "ਹਰ ਬੰਦਾ ਇੱਕ ਦਿਨ ਵਿੱਚ 1.2 ਲੀਟਰ ਪਾਣੀ ਗੁਆਉਂਦਾ ਹੈ।" "ਇਸ ਦਾ ਕਾਰਨ ਪਿਸ਼ਾਬ, ਸਾਹ ਛੱਡਣਾ, ਪਾਣੀ ਦਾ ਵਾਸ਼ਪ ਅਤੇ ਪਸੀਨਾ ਹੈ। ਜਿੱਥੇ ਤੁਸੀਂ ਅੱਠ ਲੀਟਰ ਜਾਂ ਇਸ ਤੋਂ ਵੱਧ ਪਾਣੀ ਗੁਆ ਚੁੱਕੇ ਹੁੰਦੇ ਹੋ, ਉੱਥੇ ਵਿਅਕਤੀ ਗੰਭੀਰ ਰੂਪ ਵਿੱਚ ਬਿਮਾਰ ਹੋ ਜਾਂਦਾ ਹੈ।" ਕੁਝ ਅੰਦਾਜ਼ੇ ਦੱਸਦੇ ਹਨ ਕਿ ਲੋਕ ਪਾਣੀ ਤੋਂ ਬਿਨਾਂ ਤਿੰਨ ਤੋਂ ਸੱਤ ਦਿਨਾਂ ਤੱਕ ਜੀਉਂਦੇ ਰਹਿ ਸਕਦੇ ਹਨ।

### ਸੱਟ ਦੀ ਗੰਭੀਰਤਾ

ਜੇਕਰ ਕਿਸੇ ਵਿਅਕਤੀ ਦੇ ਸਿਰ ਵਿੱਚ ਸੱਟ ਲੱਗ ਗਈ ਹੈ ਜਾਂ ਹੋਰ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਸਾਹ ਲੈਣ ਲਈ ਸੀਮਤ ਥਾਂ ਹੈ, ਤਾਂ ਉਸ ਦੇ ਅਗਲੇ ਦਿਨ ਤੱਕ ਬਚਣ ਦੀ ਸੰਭਾਵਨਾ ਬਹੁਤ ਘੱਟ ਹੈ। ਡਾਕਟਰ ਰੇਗਮੀ ਦੇ ਅਨੁਸਾਰ ਸੱਟ ਦੀ ਗੰਭੀਰਤਾ ਦਾ ਮੁਲਾਂਕਣ ਕਰਨ ਦੇ ਯੋਗ ਹੋਣਾ ਮਹੱਤਵਪੂਰਨ ਹੈ। ਉਹ ਕਹਿੰਦੇ ਹਨ, "ਰੀੜ੍ਹ ਦੀ ਹੱਡੀ, ਸਿਰ ਜਾਂ ਛਾਤੀ ਦੀਆਂ ਸੱਟਾਂ ਨਾਲ ਪੀੜਤ ਲੋਕ ਉਦੋਂ ਤੱਕ ਬਚ ਨਹੀਂ ਸਕਦੇ ਜਦੋਂ ਤੱਕ ਉਨ੍ਹਾਂ ਨੂੰ ਵੱਡੀਆਂ ਸਹੂਲਤਾਂ ਵਾਲੇ ਸੈਂਟਰ ਵਿੱਚ ਨਹੀਂ ਲਿਜਾਇਆ ਜਾਂਦਾ। ਖੂਨ ਦੀ ਕਮੀ, ਫ੍ਰੈਕਚਰ ਜਾਂ ਅੰਗ ਦੇ ਟੁੱਟਣ ਨਾਲ ਮੌਤ ਦੀ ਸੰਭਾਵਨਾ ਵਧ ਜਾਂਦੀ ਹੈ।" ਡਾਕਟਰ ਰੇਗਮੀ ਦੇ ਮੁਤਾਬਕ ਬਚਾਅ ਤੋਂ ਬਾਅਦ ਦੇਖਭਾਲ ਦਾ ਪ੍ਰਬੰਧ ਵੀ ਬਰਾਬਰ ਮਹੱਤਵਪੂਰਨ ਹੈ। "ਜਿਨ੍ਹਾਂ ਨੂੰ ਮਲਬੇ ਚੋਂ ਬਚਾ ਲਿਆ ਗਿਆ, ਉਹ ਲੋਕ ਵੀ 'ਕਰਸ਼ ਸਿੰਡਰੋਮ' ਕਾਰਨ ਮਰ ਸਕਦੇ ਹਨ। ਇਹ ਆਮ ਤੌਰ 'ਤੇ ਭੁਚਾਲਾਂ ਵਰਗੀਆਂ ਤਬਾਹੀਆਂ ਵਿੱਚ ਕਾਰਨ ਮਲਬੇ ਹੇਠਾਂ ਫਸੇ ਹੋਏ ਵਿਅਕਤੀਆਂ ਨਾਲ ਹੁੰਦਾ ਹੈ।" ਡਬਲਯੂਐਚਓ ਦੇ ਤਕਨੀਕੀ ਅਧਿਕਾਰੀ ਦੇ ਅਨੁਸਾਰ, ਕ੍ਰਸ਼ ਸਿੰਡਰੋਮ ਉਦੋਂ ਹੁੰਦਾ ਹੈ ਜਦੋਂ ਮਲਬੇ ਦੇ ਦਬਾਅ ਕਾਰਨ ਮਾਸਪੇਸ਼ੀਆਂ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਜ਼ਹਿਰ ਪੈਦਾ ਕਰਦਾ ਹੈ। ਇੱਕ ਵਾਰ ਮਲਬੇ ਨੂੰ ਹਟਾਏ ਜਾਣ ਤੋਂ ਬਾਅਦ, ਜ਼ਹਿਰੀਲੇ ਸਰੀਰ ਵਿੱਚ ਸਿਹਤ ਲਈ ਗੰਭੀਰ ਪ੍ਰਭਾਵਾਂ ਦੇ ਨਾਲ ਫੈਲਦਾ ਹੈ।

### ਜਲਵਾਯੂ ਅਤੇ ਮੌਸਮ ਦੀ ਸਥਿਤੀ

ਇਲਾਕੇ ਦਾ ਮਾਹੌਲ ਵੀ ਇਹ ਨਿਰਧਾਰਤ ਕਰਦਾ ਹੈ ਕਿ ਪੀੜਤ ਕਿੰਨੀ ਦੇਰ ਤੱਕ ਬਚਿਆ ਰਹਿ ਸਕਦਾ ਹੈ। ਪ੍ਰੋਫੈਸਰ ਮੂਨ ਮੁਤਾਬਕ ਤੁਰਕੀ ਵਿੱਚ ਸਰਦੀਆਂ ਸਥਿਤੀ ਨੂੰ ਹੋਰ ਬਦਤਰ ਬਣਾਉਂਦੀਆਂ ਹਨ। ਉਹ ਕਹਿੰਦੇ ਹਨ, "ਇੱਕ ਆਮ ਇਨਸਾਨ 21 ਡਿਗਰੀ ਸੈਲਸੀਅਸ ਤੱਕ ਘੱਟ ਤਾਪਮਾਨ ਦਾ ਸਾਮ੍ਹਣਾ ਕਰ ਸਕਦਾ ਹੈ। ਉਹ ਅਜਿਹਾ ਬਿਨਾਂ ਸਰੀਰ ਦੀ ਗਰਮੀ ਨੂੰ ਬਰਕਰਾਰ ਰੱਖਣ ਦੀ ਸਮਰੱਥਾ ਗੁਆਏ ਕਰ ਸਕਦਾ ਹੈ। ਪਰ ਜਦੋਂ ਠੰਢ ਕਾਰਨ ਇਹ ਇੱਕ ਵੱਖਰੀ ਕਹਾਣੀ ਬਣ ਜਾਂਦੀ ਹੈ।" ਏਥੇ ਸਰੀਰ ਦਾ ਤਾਪਮਾਨ ਅੰਬੀਨਟ ਤਾਪਮਾਨ ਅਨੁਸਾਰ ਕੰਮ ਕਰਦਾ ਹੈ। ਗਰਮੀਆਂ ਵਿੱਚ ਵਿਅਕਤੀ ਦਾ ਪਾਣੀ ਬਹੁਤ ਤੇਜੀ ਨਾਲ ਘਟਦਾ ਹੈ ਜਿਸ ਕਾਰਨ ਉਸ ਦੇ ਬਚਣ ਦੀਆਂ ਸੰਭਾਵਨਾਵਾਂ ਘੱਟ ਜਾਂਦੀਆਂ ਹਨ।

### ਮਾਨਸਿਕ ਸਥਿਤੀ

ਮਾਹਿਰਾਂ ਦੇ ਅਨੁਸਾਰ ਜਿਉਂਦੇ ਰਹਿਣ ਲਈ ਮਾਨਸਿਕ ਇੱਛਾ ਅਤੇ ਮਾਨਸਿਕਤਾ ਨੂੰ ਸਥਿਰ ਰੱਖਣਾ ਵੀ ਮਹੱਤਵਪੂਰਨ ਹੋ ਸਕਦਾ ਹੈ। ਮਾਹਿਰ ਓਂਗੋਰੇਨ ਕਹਿੰਦੇ ਹਨ, "ਡਰ ਕੁਦਰਤੀ ਪ੍ਰਤੀਕ੍ਰਿਆ ਹੈ ਪਰ ਸਾਨੂੰ ਘਬਰਾਉਣਾ ਨਹੀਂ ਚਾਹੀਦਾ। ਸਾਨੂੰ ਬਚਣ ਦੇ ਯੋਗ ਹੋਣ ਲਈ ਮਾਨਸਿਕ ਤੌਰ 'ਤੇ ਮਜ਼ਬੂਤ ਹੋਣ ਦੀ ਲੋੜ ਹੁੰਦੀ ਹੈ।" ਇਸ ਲਈ ਦ੍ਰਿੜ ਇਰਾਦੇ ਦੀ ਲੋੜ ਹੁੰਦੀ ਹੈ। "ਇਸ ਲਈ ਡਰ ਦੀ ਭਾਵਨਾ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਆਪਣੇ ਆਪ 'ਤੇ ਕਾਬੂ ਰੱਖਣਾ ਮਹੱਤਵਪੂਰਨ ਹੁੰਦਾ ਹੈ।" ਇਹ ਸੋਚਣਾ ਚਾਹੀਦਾ ਹੈ, 'ਠੀਕ ਹੈ ਹੁਣ ਮੈਂ ਇੱਥੇ ਹਾਂ, ਮੈਨੂੰ ਜ਼ਿੰਦਾ ਰਹਿਣ ਲਈ ਇੱਕ ਰਸਤਾ ਲੱਭਣ ਦੀ ਜ਼ਰੂਰਤ ਹੈ।' ਇਸ ਨਾਲ ਘੱਟ ਰੌਲਾ ਅਤੇ ਸਰੀਰਕ ਗਤੀਸ਼ੀਲਤਾ ਵਧੇਗੀ।







# ਚੀਨ ਦੇ ਜਾਸੂਸੀ ਗੁਬਾਰਿਆਂ ਨੇ ਭਾਰਤ ਸਮੇਤ ਕਈ ਦੇਸ਼ਾਂ ਨੂੰ ਬਣਾਇਆ ਨਿਸ਼ਾਨਾ

**ਵਾਸ਼ਿੰਗਟਨ–** ਚੀਨ ਨੇ ਭਾਰਤ ਅਤੇ ਜਾਪਾਨ ਸਮੇਤ ਕਈ ਦੇਸ਼ਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਜਾਸੂਸੀ ਗੁਬਾਰਿਆਂ ਦਾ ਇੱਕ ਬੇੜਾ ਚਲਾਇਆ ਹੈ। ਇਕ ਮੀਡੀਆ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਹੈ। ਇਹ ਰਿਪੋਰਟ ਕੁਝ ਦਿਨ ਬਾਅਦ ਆਈ ਹੈ ਜਦੋਂ ਅਮਰੀਕੀ ਫੌਜ ਨੇ ਸੰਵੇਦਨਸ਼ੀਲ ਅਮਰੀਕੀ ਸਥਾਪਨਾਵਾਂ 'ਤੇ ਘੁੰਮ ਰਹੇ ਇਕ ਚੀਨੀ ਨਿਗਰਾਨੀ ਬੈਲੂਨ ਨੂੰ ਨਸ਼ਟ ਕਰ ਦਿੱਤਾ ਸੀ। ਅਮਰੀਕੀ ਅਧਿਕਾਰੀਆਂ ਨੇ ਚੀਨੀ ਗੁਬਾਰੇ ਦੀ ਜਾਣਕਾਰੀ ਭਾਰਤ ਸਮੇਤ ਆਪਣੇ ਦੋਸਤਾਂ ਅਤੇ ਸਹਿਯੋਗੀਆਂ ਨੂੰ ਦਿੱਤੀ ਹੈ। ਦੱਖਣੀ ਕੈਰੋਲੀਨਾ ਦੇ ਤੱਟ 'ਤੇ ਐਟਲਾਂਟਿਕ ਮਹਾਸਾਗਰ ਦੇ ਉੱਪਰ ਸ਼ਨੀਵਾਰ ਨੂੰ ਇਕ ਲੜਾਕੂ ਜਹਾਜ਼ ਦੁਆਰਾ ਗੁਬਾਰੇ ਨੂੰ ਨਸ਼ਟ ਕਰ ਦਿੱਤਾ ਗਿਆ। ਅਮਰੀਕੀ ਉਪ ਵਿਦੇਸ਼ ਮੰਤਰੀ ਵੈਂਡੀ ਸ਼ਰਮਨ ਨੇ ਸੋਮਵਾਰ ਨੂੰ ਇੱਥੇ ਕਰੀਬ 40 ਦੂਤਾਵਾਸਾਂ ਦੇ ਅਧਿਕਾਰੀਆਂ ਨੂੰ ਇਸ ਦੀ ਜਾਣਕਾਰੀ ਦਿੱਤੀ।

**ਵਾਸ਼ਿੰਗਟਨ ਪੋਸਟ ਨੇ ਕੀਤਾ ਵੱਡਾ ਦਾਅਵਾ**

ਵਾਸ਼ਿੰਗਟਨ ਪੋਸਟ ਨੇ ਮੰਗਲਵਾਰ ਨੂੰ ਕਿਹਾ ਕਿ ਬੈਲੂਨ-ਨਿਗਰਾਨੀ ਕੋਸ਼ਿਸ਼ ਤਹਿਤ 'ਜਾਪਾਨ, ਭਾਰਤ, ਵੀਅਤਨਾਮ, ਤਾਈਵਾਨ ਤੇ ਫਿਲੀਪੀਨਜ਼ ਸਮੇਤ ਕਈ ਦੇਸ਼ਾਂ ਤੇ ਫੌਜੀ ਜਾਇਦਾਦ ਤੇ ਚੀਨ ਲਈ ਉਭਰ ਰਹੇ ਰਣਨੀਤਕ ਹਿੱਤਾਂ ਦੇ ਖੇਤਰਾਂ ਵਿਚ ਜਾਣਕਾਰੀ ਇਕੱਤਰ ਕੀਤੀ ਗਈ ਹੈ।' ਇਹ ਰਿਪੋਰਟ ਵਾਸ਼ਿੰਗਟਨ ਪੋਸਟ ਦੇ ਕਈ ਬੇਨਾਮ ਰੱਖਿਆ ਤੇ ਖੁਫੀਆ ਅਧਿਕਾਰੀਆਂ ਨਾਲ ਇੰਟਰਵਿਊ 'ਤੇ ਆਧਾਰਿਤ ਹੈ। ਰਿਪੋਰਟ ਅਨੁਸਾਰ, ਅਧਿਕਾਰੀਆਂ ਨੇ ਕਿਹਾ ਹੈ ਕਿ ਚੀਨ ਦੀ ਪੀਐਲਏ (ਪੀਪਲਜ਼ ਲਿਬਰੇਸ਼ਨ ਆਰਮੀ) ਏਅਰ ਫੋਰਸ ਵੱਲੋਂ ਸੰਚਾਲਿਤ ਇਨ੍ਹਾਂ ਨਿਗਰਾਨੀ ਵਾਹਨਾਂ ਨੂੰ ਪੰਜ ਮਹਾਂਦੀਪਾਂ ਵਿਚ ਦੇਖਿਆ ਗਿਆ ਹੈ।

**ਦੂਜੇ ਦੇਸ਼ਾਂ ਦੀ ਪ੍ਰਭੂਸੱਤਾ ਦੀ ਕੀਤੀ ਉਲੰਘਣਾ**

ਇਕ ਸੀਨੀਅਰ ਰੱਖਿਆ ਅਧਿਕਾਰੀ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ, "ਇਹ ਗੁਬਾਰੇ ਿਆਰਸੀ (ਪੀਪਲਜ਼ ਰੀਪਬਲਿਕ ਆਫ ਚਾਈਨਾ) ਦੇ ਗੁਬਾਰਿਆਂ ਦੇ ਬੇੜੇ ਦਾ ਹਿੱਸਾ ਹਨ, ਜਿਨ੍ਹਾਂ ਨੂੰ ਨਿਗਰਾਨੀ ਆਪਰੇਸ਼ਨ ਕਰਨ ਲਈ ਵਿਕਸਤ ਕੀਤਾ ਗਿਆ ਹੈ ਅਤੇ ਦੂਜੇ ਦੇਸ਼ਾਂ ਦੀ ਪ੍ਰਭੂਸੱਤਾ ਦੀ ਉਲੰਘਣਾ ਕੀਤੀ ਹੈ।" ਦੈਨਿਕ ਸਮਾਚਾਰ ਅਨੁਸਾਰ, ਹਾਲ ਦੇ ਸਾਲਾਂ ਵਿੱਚ ਹਵਾਈ, ਫਲੋਰੀਡਾ, ਟੈਕਸਾਸ ਤੇ ਗੁਆਮ ਵਿਚ ਘੱਟੋ ਘੱਟ ਚਾਰ ਗੁਬਾਰੇ ਦੇਖੇ ਗਏ ਹਨ।

# ਬਿਜਲੀ ਸਟੇਸ਼ਨਾਂ ਅਤੇ ਵਿਸ਼ੇਸ਼ ਬੁਨਿਆਦੀ ਢਾਂਚੇ ਨੂੰ ਨਸ਼ਟ ਕਰਨ ਲਈ ਸਾਜਿਸ਼ ਰਚਣ ਦੇ ਦੋਸ਼ਾਂ ਤਹਿਤ 2 ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਬਾਲਟੀਮੋਰ ਖੇਤਰ ਵਿਚ ਬਿਜਲੀ ਸਬ ਸਟੇਸ਼ਨਾਂ ਨੂੰ ਨਸ਼ਟ ਕਰਨ ਲਈ ਸਾਜਿਸ਼ ਰਚਣ ਤੇ ਫਲੋਰਿਡਾ ਵਿਚ ਵਿਸ਼ੇਸ਼ ਬੁਨਿਆਦ ਢਾਂਚੇ ਨੂੰ ਨਿਸ਼ਾਨਾ ਬਣਾਉਣ ਲਈ ਯੋਜਨਾ ਬਣਾਉਣ ਦੇ ਦੋਸ਼ਾਂ ਤਹਿਤ ਪੁਲਿਸ ਨੇ ਦੋ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ ਜਿਨਾਂ ਵਿਚ ਇਕ ਔਰਤ ਸ਼ਾਮਿਲ ਹੈ।



ਇਹ ਖੁਲਾਸਾ ਸੰਘੀ ਅਧਿਕਾਰੀਆਂ ਨੇ ਕੀਤਾ ਹੈ। ਡਿਸਟ੍ਰਿਕਟ ਆਫ ਮੈਰੀਲੈਂਡ ਦੇ ਅਟਾਰਨੀ ਦੇ ਦਫਤਰ ਅਨੁਸਾਰ ਸਾਰਾਹ ਬੈਥ ਕਲੈਨਡੈਨੀਅਲ ਤੇ ਬਰੈਨਡਨ ਕਲਿੰਟ ਰਸਲ ਨੂੰ ਗ੍ਰਿਫਤਾਰ ਕਰਕੇ ਉਨਾਂ ਵਿਰੁੱਧ ਗੋਲੀਬਾਰੀ ਦੁਆਰਾ ਬਿਜਲੀ ਗਰਿਡਾਂ ਨੂੰ ਨਸ਼ਟ ਕਰਨ ਦੀ ਸਾਜਿਸ਼ ਰਚਣ ਦੇ ਦੋਸ਼ ਆਇਦ ਕੀਤੇ ਗਏ ਹਨ। ਕਲੈਨਡੈਨੀਅਲ ਨੇ ਕਥਿੱਤ ਤੌਰ 'ਤੇ ਮੰਨਿਆ ਹੈ ਕਿ ਉਹ ਪੂਰੇ ਸ਼ਹਿਰ ਨੂੰ ਤਬਾਹ ਕਰਨਾ ਚਹੁੰਦੀ ਸੀ ਤੇ ਉਸ ਨੇ ਬਾਲਟੀਮੋਰ ਦੇ ਆਸ ਪਾਸ ਸਥਿੱਤ 5 ਬਿਜਲੀ ਸਬ ਸਟੇਸ਼ਨਾਂ ਨੂੰ ਤਬਾਹ ਕਰਨ ਦੀ ਯੋਜਨਾ ਬਣਾਈ ਸੀ। ਅਟਾਰਨੀ ਦੇ ਦਫਤਰ ਵੱਲੋਂ ਦਰਜ ਕਰਵਾਈ ਫੌਜਦਾਰੀ ਸ਼ਕਾਇਤ ਅਨੁਸਾਰ ਰਸਲ ਨਵ ਨਾਜ਼ੀਵਾਦ ਦੇ ਅੱਤਵਾਦੀ ਗਰੁੱਪ ਦਾ ਮੈਂਬਰ ਹੈ ਜਿਸ ਦੀਆਂ ਕਈ ਰਾਜਾਂ ਵਿਚ ਇਕਾਈਆਂ ਹਨ। ਉਸ ਨੇ ਫਲੋਰਿਡਾ ਵਿਚ ਅਹਿਮ ਬੁਨਿਆਦੀ ਢਾਂਚੇ ਨੂੰ ਤਬਾਹ ਕਰਨ ਦੀ ਯੋਜਨਾ ਬਣਾਈ ਸੀ।

ਮੈਰੀਲੈਂਡ ਯੂ ਐਸ ਅਟਾਰਨੀ ਏਰਕ ਬੈਰਨ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਗ੍ਰਿਫਤਾਰ ਸ਼ੱਕੀ ਦੋਸ਼ੀਆਂ ਦੇ ਯੋਜਨਾਬੱਧ ਹਮਲਿਆਂ ਕਾਰਨ ਲੋਕਾਂ ਦੀ ਜਾਨ ਨੂੰ ਖਤਰਾ ਪੈਦਾ ਹੋ ਜਾਣਾ ਸੀ ਤੇ ਅੱਤ ਦੀ ਸਰਦੀ ਦੌਰਾਨ ਬਿਨਾਂ ਬਿਜਲੀ ਹਨੇਰੇ ਵਿਚ ਰਹਿਣ ਲਈ ਮਜਬੂਰ ਹੋਣਾ ਪੈਣਾ ਸੀ।

# ਜੱਸੀ ਵਲੋਂ ਆਪਣੀਆਂ ਲਿਖੀਆਂ ਕਿਤਾਬਾਂ ਦਾ ਸੈਟ ਲੋਕ ਸੰਪਰਕ ਅਫ਼ਸਰ ਨੂੰ ਭੇਂਟ ਕੀਤਾ

## ਜੱਸੀ ਸਮਾਜ ਦੀਆਂ ਪੀੜਾਂ ਨੂੰ ਉਜਾਗਰ ਕਰਨ ਵਾਲੀ ਸਖਸ਼ੀਅਤ



**ਨਵਾਂਸਹਿਰ (ਸਤਨਾਮ ਸਿੰਘ ਸਹੂੰਗੜਾ)** ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਲੋਕ ਸੰਪਰਕ ਅਫ਼ਸਰ ਸਰਦਾਰ ਰਵੀ ਇੰਦਰ ਸਿੰਘ ਮੱਕੜ ਨੂੰ ਜੱਸੀ ਵਲੋਂ ਆਪਣੀਆਂ ਲਿਖੀਆਂ ਕਿਤਾਬਾਂ ਦਾ ਸੈਟ ਭੇਂਟ ਕੀਤਾ। ਉੱਘੇ ਲੇਖਕ, ਸਮਾਜ ਚਿੰਤਕ ਤੇ ਜੁਝਾਰੂ ਆਗੂ ਸ਼੍ਰੀ ਸੰਤੋਖ ਸਿੰਘ ਜੱਸੀ ਵਲੋਂ ਦੋ ਕਿਤਾਬਾਂ "ਸੱਚ ਸਮੁੰਦਰ" ਸਕਾਰਾਤਮਕ ਦ੍ਰਿਸ਼ਟੀਕੋਣ ਤੇ "ਬਾਬਾ ਸਾਹਿਬ ਯੂ ਐਨ ਓ ਤੱਕ" ਹਾਸ਼ੀਏ ਤੇ ਧੱਕੇ ਲੋਕਾਂ ਦੀ ਵਾਰਤਾ ਬਿਆਨ ਕਰਦੀਆਂ ਹਨ। ਅੱਜ ਲੋਕ ਸੰਪਰਕ ਦਫ਼ਤਰ ਨਵਾਂਸ਼ਹਿਰ ਵਿਖੇ ਇੱਕ ਸੰਖੇਪ ਮਿਲਣੀ ਦੌਰਾਨ ਲੋਕ ਸੰਪਰਕ ਅਫ਼ਸਰ ਸਰਦਾਰ ਰਵੀ ਇੰਦਰ ਸਿੰਘ ਨੂੰ ਇਹ ਕਿਤਾਬਾ ਭੇਂਟ ਕੀਤੀਆਂ। ਇਸ ਮੌਕੇ ਤੇ ਜੱਸੀ ਨੇ ਕਿਹਾ ਕਿ "ਬਹੁਜਨਾਂ ਨੂੰ ਹੁਕਮਰਾਨ ਬਣਾਉਣ ਵਾਲੇ" ਅਤੇ "ਸਾਡਾ ਪਿੰਡ ਆਪਣੇ ਲੋਕ" ਜਲਦ ਪ੍ਰਕਾਸ਼ਿਤ ਹੋਣ ਜਾ ਰਹੀਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ "ਸੱਸੇ ਦੀਆਂ ਸਿਖਰਾਂ" ਕਿਤਾਬ ਤੇ ਵੀ ਕੰਮ ਸ਼ੁਰੂ ਕੀਤਾ ਗਿਆ ਹੈ। ਉਹਨਾਂ ਚਰਚਾ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਉਹ ਸਵੈ-ਜੀਵਨੀ ਦੂਰ-ਦੂਰ ਨੇੜੇ-ਨੇੜੇ ਵੀ ਲਿਖ ਰਹੇ ਹਨ। ਇਸ ਮੌਕੇ ਤੇ ਲੋਕ ਸੰਪਰਕ ਅਫ਼ਸਰ ਨੇ ਕਿਹਾ ਕਿ ਜਿੱਥੇ ਉਹ ਲੇਖਕ ਤੇ ਪੱਤਰਕਾਰ ਵਜੋਂ ਪ੍ਰਵਾਨਤ ਹਨ ਉੱਥੇ ਹੀ ਉਹ ਵੱਖ-ਵੱਖ ਸੰਸਥਾਵਾਂ ਨਾਲ ਜੁੜੇ ਹੋਏ ਜੁਝਾਰੂ ਨੌਜਵਾਨ ਹਨ। ਇਨ੍ਹਾਂ ਦੀਆਂ ਲਿਖੀਆਂ ਕਿਤਾਬਾਂ ਤੇ ਵੱਖ-ਵੱਖ ਅਖਬਾਰਾਂ ਵਿੱਚ ਛੱਪਦੇ ਆਰਟੀਕਲ ਜਾਣਕਾਰੀ ਭਰਪੂਰ ਹੁੰਦੇ ਹਨ। ਵਰਨਣਯੋਗ ਹੈ ਕਿ ਉਹ ਲੰਮਾਂ ਸਮਾਂ ਪਿੰਡ ਦੇ ਸਰਪੰਚ ਰਹੇ ਹਨ। ਉਹ ਪੰਜਾਬ ਸਰਕਾਰ ਦੇ ਪੇਂਡੂ ਵਿਭਾਗ, ਜਿਲ੍ਹਾਂ ਪ੍ਰਸਾਸ਼ਨ ਤੇ ਭਲਾਈ ਵਿਭਾਗ ਵਲੋਂ ਸਨਮਾਨੇ ਜਾ ਚੁੱਕੇ ਹਨ। ਉਹ ਪੰਚਾਇਤ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਵਜੋਂ ਵੀ ਆਪਣੀਆਂ ਸੇਵਾਵਾਂ ਦੇ ਚੁੱਕੇ ਹਨ। ਉਹਨਾਂ ਦੀ ਕਿਤਾਬ ਬਾਬਾ ਸਾਹਿਬ ਯੂ ਐਨ ਓ ਤੱਕ ਅਮਰੀਕਾ ਤੋਂ ਛੱਪਦੇ ਅਖਬਾਰ "ਦੇਸ਼ ਦੋਆਬਾ" ਵਿਚ ਵੀ ਲੜੀਵਾਰ ਛੱਪ ਚੁੱਕੀ ਹੈ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਸਤਿਗੁਰੂ ਰਵਿਦਾਸ ਬਾਣੀ ਵਿਚਾਰ



**ਡਾ. ਜੀ. ਸੀ. ਕੌਲ**
ਐਮ. ਏ., ਪੀ. ਐਚ. ਡੀ.
91-94632-23223

ਸਦੀਆਂ ਪਹਿਲਾਂ ਭਾਰਤ ਦੇ ਅਛੂਤਾਂ ਅੰਦਰ ਸਵੈਮਾਣ, ਸਵੈ-ਵਿਸ਼ਵਾਸ ਤੇ ਸਵੈ-ਸ਼ਕਤੀ ਦਾ ਅਹਿਸਾਸ ਜਗਾਉਣ ਵਾਲੇ ਸੰਤ-ਸਤਿਗੁਰੂ ਰਵਿਦਾਸ ਜੀ ਇਕ ਮਹਾਨ, ਆਕਰਸ਼ਕ, ਵਿਲੱਖਣ, ਅਦੁੱਤੀ ਤੇ ਬੇਮਿਸਾਲ ਵਿਅਕਤਿਤਵ ਦੇ ਮਾਲਕ ਸਨ। ਆਪ ਜੀ ਦੀਆਂ ਸਮਕਾਲੀਨ ਪ੍ਰਸਥਿਤੀਆਂ ਏਨੀਆਂ ਵਿਕਟ ਤੇ ਮਾਨਵਤਾ ਵਿਰੋਧੀ ਸਨ ਕਿ ਸਮੁੱਚੇ ਦੇਸ਼ ਵਿਚ ਛੂਤ-ਛਾਤ, ਜਾਤ-ਪਾਤ, ਊਚ-ਨੀਚ ਅਤੇ ਆਡੰਬਰ ਪੂਰਨ ਕਰਮ-ਕਾਂਡ ਪ੍ਰਧਾਨ ਸਨ। ਧਰਮ ਅਭਿਮਾਨੀ ਮਨੁੱਖਤਾ ਨੂੰ ਪੈਰਾਂ ਹੇਠ ਰੋਲ ਰਹੇ ਸਨ, ਵੈਰ, ਵਿਰੋਧ, ਨਫ਼ਰਤ, ਸਾੜਾ, ਕੀਨਾ, ਈਰਖਾ ਆਦਿ ਮਾਨਵਤਾ ਦਾ ਲਹੂ ਚਿੱਟਾ ਕਰ ਰਹੇ ਸਨ। ਅਜਿਹੇ ਸੰਕਟ-ਗ੍ਰਸਤ ਸਮੇਂ ਵਿਚ ਦੁਖੀ, ਪੀੜਤ, ਲਤਾੜੇ ਤੇ ਸਤਾਏ ਹੋਏ ਜਨ-ਸਾਧਾਰਨ ਨੂੰ ਗੁਰੂ ਰਵਿਦਾਸ ਨੇ ਆਪਣੀ ਅੰਮ੍ਰਿਤ-ਬਾਣੀ ਦੁਆਰਾ ਇਕ ਨਵੀਂ ਜ਼ਿੰਦਗੀ ਬਖਸ਼ੀ, ਧਾਰਮਿਕ ਤੇ ਸਮਾਜਿਕ ਸੇਧ ਦਿੱਤੀ ਅਤੇ ਭਾਰਤ ਨੂੰ ਰਸਾਤਲ ਦੀਆਂ ਡੂੰਘੀਆਂ ਖੱਡਾਂ ਵਿਚ ਡਿੱਗਣ ਤੋਂ ਬਚਾਇਆ।

ਸਤਿਗੁਰੂ ਰਵਿਦਾਸ ਚੇਤਨਾ ਦੀ ਲਟ-ਲਟ ਬਲਦੀ ਇਕ ਅਜਿਹੀ ਮਿਸ਼ਾਲ ਸੀ ਜਿਸਨੇ ਨਿਮਨ ਵਰਗ ਵਿਚ ਜੋਸ਼ ਅਤੇ ਉਤਸ਼ਾਹ ਦੀ ਇਕ ਅਜਿਹੀ ਅਗਨੀ ਪ੍ਰਚੰਡ ਕੀਤੀ, ਜੋ ਤਤਕਾਲੀਨ ਸਮਾਜ ਦੀਆਂ ਬੁਰਾਈਆਂ ਅਤੇ ਕੁਰੀਤੀਆਂ ਨੂੰ ਸਾੜ ਕੇ ਇਕ ਅਜਿਹਾ ਪ੍ਰਕਾਸ਼ ਪਿੱਛੇ ਛੱਡ ਗਈ ਕਿ ਅੱਜ ਵੀ ਲੱਖਾਂ ਪ੍ਰਾਣੀ ਉਸ ਤੋਂ ਰੌਸ਼ਨੀ ਪ੍ਰਾਪਤ ਕਰ ਰਹੇ ਹਨ।

ਗੁਰੂ ਜੀ ਸੱਚੇ ਕਰਮਯੋਗੀ, ਮਾਨਵਤਾਵਾਦੀ, ਨਿਰਵੈਰ ਤੇ ਨਿਰਵਿਰੋਧ ਸ਼ਖਸੀਅਤ, ਚੰਗੇ ਗ੍ਰਹਿਸਥੀ, ਸਹਿਣਸ਼ੀਲ, ਦਿਆਲੂ, ਪਰਉਪਕਾਰੀ, ਰੱਬੀ ਰਜ਼ਾ ਵਿਚ ਰਹਿਣ ਵਾਲੇ, ਅਮਲ ਪਸੰਦ, ਕਥਨੀ-ਕਰਨੀ ਵਿਚ ਸਮਾਨਤਾ ਰੱਖਣ ਵਾਲੇ, ਮਿੱਠ-ਬੋਲੜੇ, ਨਿਰਭੈ, ਤਰਕਸ਼ੀਲ, ਚੰਗੇ ਸ਼ਹਿਰੀ ਅਤੇ ਮਹਾਨ ਸੰਤ ਸਨ। ਉਨ੍ਹਾਂ ਦੀ ਬੇਮਿਸਾਲ ਸ਼ਖਸੀਅਤ ਦਾ ਹੀ ਪ੍ਰਭਾਵ ਸੀ ਕਿ ਅਖੌਤੀ ਨਿਮਨ ਵਰਗ ਵਿਚ ਪੈਦਾ ਹੋ ਕੇ ਵੀ ਉਹ ਸ਼ਾਹੀ ਖਾਨਦਾਨ ਦੇ ਰਾਜਗੁਰੂ ਬਣੇ ਅਤੇ ਅਨੇਕ ਰਾਜੇ-ਮਹਾਰਾਜੇ, ਪੰਡਤ ਅਤੇ ਕਥਿਤ ਉਚਤਮ ਵਰਗ ਦੇ ਲੋਕ ਉਨ੍ਹਾਂ ਦੇ ਸ਼ਿਸ਼ ਬਣੇ।

ਸੱਤ ਸਾਲ ਦੀ ਉਮਰ ਵਿਚ ਆਪ ਨੇ ਧਾਗੇ ਦਾ ਜਨੇਊ ਗਲ਼ ਵਿਚ ਪਾ ਲਿਆ, ਜੁੱਤੀਆਂ ਗੰਢਣ ਵਾਲੀ ਪੱਥਰੀ ਨੂੰ ਠਾਕੁਰ ਬਣਾ ਲਿਆ, ਧੇਲੇ ਦਾ ਰੰਗ ਲੈ ਕੇ ਮੱਥੇ ਤੇ ਮਲ਼ ਲਿਆ ਅਤੇ ਪ੍ਰੋਹਿਤਾਂ ਵਾਲਾ ਰੂਪ ਧਾਰ ਕੇ ਪੁਰਾਤਨ ਧਰਮ ਦੇ ਗੜ੍ਹ ਕਾਸ਼ੀ ਵਿਚ ਸੰਖ ਵਜਾ ਦਿੱਤਾ। ਇਨਕਲਾਬੀ ਰਹਿਬਰ ਵੱਲੋਂ ਪੰਡਤਾਂ ਵਾਲਾ ਪਹਿਰਾਵਾ ਧਾਰਨ ਕਰਨਾ ਧਰਮ ਨੂੰ 'ਜੱਦੀ ਕਿੱਤਾ' ਬਣਾਉਣ ਵਾਲੇ ਲੋਕਾਂ ਉਪਰ ਕਰਾਰੀ ਚੋਟ ਸੀ, ਇਕ ਵਾਰ ਸੀ, ਵੰਗਾਰ ਸੀ ਅਤੇ ਭਾਰਤ ਦੇ ਅਰਸ਼ਾਂ ਵਿਚ ਕਰਮਕਾਂਡੀ ਧਰਮ ਦੇ ਝੂਲ ਰਹੇ ਝੰਡੇ ਨੂੰ ਲੀਰੋ-ਲੀਰ ਕਰਨ ਲਈ ਬਗਾਵਤ ਵੱਲ ਪੁੱਟਿਆ ਪਹਿਲਾ ਕਦਮ ਸੀ। ਪੰਡਤਾਂ ਵੱਲੋਂ ਵਿਰੋਧ ਕਰਨ ਤੇ ਉਨ੍ਹਾਂ ਨੇ ਬੁਲੰਦ ਆਵਾਜ਼ ਵਿਚ ਕਿਹਾ:

**ਆਪਨ ਬਾਪੈ ਨਾਹੀ ਕਿਸੀ ਕੋ**
**ਭਾਵਨ ਕੋ ਹਰਿ ਰਾਜਾ।**

**ਅਰਥਾਤ:** ਪਰਮਾਤਮਾ ਕਿਸੇ ਦੇ ਬਾਪ ਦਾ ਨਹੀਂ, ਕਿਸੇ ਦੇ ਪਿਉ ਦੀ ਜਾਗੀਰ ਨਹੀਂ, ਉਸ ਵਿਚ ਨਿਸਚਾ ਅਤੇ ਪ੍ਰੇਮ-ਭਾਵਨਾ ਰੱਖਣ ਵਾਲਾ ਕੋਈ ਵੀ ਜੀਵ ਉਸਦੀ ਪੂਜਾ ਭਗਤੀ ਕਰ ਸਕਦਾ ਹੈ। ਧਰਮ ਵਿਚ ਪ੍ਰਚੱਲਿਤ ਆਰਤੀ ਨੂੰ ਆਪਨੇ 'ਝੂਠੇ ਸਗਲ ਪਸਾਰੇ' ਕਹਿ ਕੇ ਕੇਵਲ ਇਕ ਦਿਖਾਵਾ ਘੋਸ਼ਿਤ ਕੀਤਾ। ਮੂਰਤੀ ਪੂਜਕ ਭਗਤਾਂ ਵੱਲੋਂ ਅਖੌਤੀ ਦੇਵ-ਪੂਜਾ ਸਮੇਂ ਸੁੱਚੇ ਜਲ, ਫਲ-ਫੁੱਲ ਅਤੇ ਦੁੱਧ ਆਦਿ ਨਾਲ ਪੱਥਰਾਂ ਨੂੰ ਇਸ਼ਨਾਨ ਕਰਾਉਣ ਅਤੇ ਠਾਕੁਰਾਂ ਨੂੰ ਭੋਗ ਲਗਾਉਣ ਦੇ ਤਰੀਕੇ ਨੂੰ ਆਪ ਨੇ ਪ੍ਰੋਹਿਤਵਾਦੀ ਪਾਖੰਡ ਦੱਸਿਆ। ਆਪ ਨੇ ਇਹ ਗੱਲ ਡੱਟ ਕੇ ਆਖੀ ਕਿ ਪੱਥਰਾਂ ਨੂੰ ਭੋਗ ਲੁਆਉਣ ਲਈ ਭੇਂਟ ਕੀਤਾ ਦੁੱਧ, ਜਲ ਅਤੇ ਫੁੱਲ ਤਾਂ ਪਹਿਲਾਂ ਹੀ ਕ੍ਰਮਵਾਰ ਗਾਂ ਦੇ ਵੱਛੇ, ਮਛਲੀ ਅਤੇ ਭੌਰੇ ਨੇ ਜੂਠੇ ਕੀਤੇ ਹੋਏ ਹਨ ਅਤੇ ਇਸ ਜੂਠੀ ਸਮੱਗਰੀ ਨਾਲ ਇਹ ਪੂਜਾ ਪਵਿੱਤਰ ਕਿਵੇਂ ਹੋਈ? ਆਪ ਦਾ ਫੁਰਮਾਨ ਹੈ:

**ਦੂਧੁ ਤ ਬਛਰੈ ਥਨਹੁ ਬਿਟਾਰਿਓ।।**
**ਫੂਲੁ ਭਵਰਿ ਜਲੁ ਮੀਨਿ ਬਿਗਾਰਿਓ।।**
**ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ।।**

ਸਤਿਗੁਰੂ ਰਵਿਦਾਸ ਜੀ ਦੀ ਬਾਣੀ ਨੇ ਜਨ-ਚੇਤਨਾ ਪੈਦਾ ਕਰਕੇ ਸਦੀਆਂ ਤੋਂ ਲਤਾੜੇ ਅਤੇ ਪੀੜਤ ਵਰਗ ਦੇ ਲੋਕਾਂ ਨੂੰ ਸਮਾਜ ਦਾ ਨਵ-ਨਿਰਮਾਣ ਕਰਕੇ ਮਾਨਵਤਾ ਲਈ ਸਮਾਨਤਾ, ਸੁਤੰਤਰਤਾ, ਮਨੁੱਖੀ ਭਾਈਚਾਰੇ ਵਿਚ ਏਕਤਾ, ਪਿਆਰ ਅਤੇ ਸਮਨਵੈ ਦੀ ਭਾਵਨਾ ਪੈਦਾ ਕਰਕੇ 'ਸਤਿਸੰਗਤ ਮਿਲ ਰਹੀਐ' ਵਾਲਾ ਇਕ ਸੁਚੱਜਾ ਸਮਾਜ ਸਿਰਜਣ ਦੀ ਪ੍ਰੇਰਨਾ ਪ੍ਰਦਾਨ ਕੀਤੀ।

ਗੁਰੂ ਰਵਿਦਾਸ ਜੀ ਇਕ ਇਨਕਲਾਬੀ ਯੋਧੇ ਸਨ। ਆਪ ਨੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਪਰਾਧੀਨਤਾ ਵਿਰੁੱਧ ਝੰਡਾ ਬੁਲੰਦ ਕੀਤਾ। ਉਨ੍ਹਾਂ 'ਪਰਾਧੀਨਤਾ ਪਾਪ ਹੈ' ਦਾ ਨਾਅਰਾ ਬੁਲੰਦ ਕਰਦਿਆਂ ਗੁਲਾਮੀ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਨੇ ਸਮਾਜਿਕ ਅਤੇ ਆਰਥਿਕ ਸਮਾਨਤਾ ਵਾਲਾ ਭਾਈਚਾਰਕ ਸਮਾਜ ਸਿਰਜਣ ਦਾ ਚਿੰਤਨ ਪ੍ਰਸਤੁਤ ਕੀਤਾ। ਆਪ ਦਾ ਕਥਨ ਹੈ:

(ੳ) **ਐਸਾ ਚਾਹੋਂ ਰਾਜ ਮੈਂ।**
**ਜਹਾਂ ਮਿਲੈ ਸਭਨ ਕੋ ਅੰਨ।।**
**ਛੋਟ ਬੜੇ ਸਭ ਸਮ ਬਸੈਂ।**
**ਰਵਿਦਾਸ ਰਹੈ ਪ੍ਰਸੰਨ।।**

(ਅ) **ਪਰਾਧੀਨਤਾ ਪਾਪ ਹੈ।**
**ਜਾਨ ਲੇਹੁ ਰੇ ਮੀਤ।।**
**ਰਵਿਦਾਸ ਦਾਸ ਪਰਾਧੀਨ ਸਿਉ।**
**ਕਉਨ ਕਰੈ ਹੈ ਪ੍ਰੀਤ।।**

ਆਪ ਮਾਨਵਤਾਵਾਦੀ ਸੰਤ ਸਨ। ਆਪ ਭਾਰਤੀ ਸਮਾਜ ਵਿਚ ਧਰਮ, ਜਾਤ ਅਤੇ ਮਜ਼ਹਬ ਦੇ ਨਾਂ ਤੇ ਪਈਆਂ ਵੰਡੀਆਂ ਨੂੰ ਦੂਰ ਕਰਕੇ ਅਜਿਹਾ ਸਮਾਜ ਸਥਾਪਿਤ ਕਰਨਾ ਚਾਹੁੰਦੇ ਸਨ ਜਿਸ ਵਿਚ ਧਾਰਮਿਕ ਅੰਧ-ਵਿਸ਼ਵਾਸਾਂ, ਆਡੰਬਰਾਂ, ਕਰਮਕਾਂਡਾਂ ਅਤੇ ਵਿਤਕਰਿਆਂ ਦਾ ਬੋਲਬਾਲਾ ਨਾ ਹੋਵੇ। ਆਪ ਨੇ ਵੇਦਾਂ-ਸ਼ਾਸਤਰਾਂ ਦੀ ਪ੍ਰਭੂਸੱਤਾ ਨੂੰ ਇਹ ਕਹਿ ਕੇ ਵੰਗਾਰਿਐ ਕਿ ਇਹ ਸ਼ੰਕਿਆਂ ਨਾਲ ਭਰੇ ਪਏ ਹਨ। ਆਪ ਦਾ ਸਪਸ਼ਟ ਫਰਮਾਨ ਹੈ:

(ੳ) **ਕਰਮ ਅਕਰਮ ਬੀਚਾਰੀਐ**
**ਸੰਕਾ ਸੁਨਿ ਬੇਦ ਪੁਰਾਨ।।**

(ਅ) **ਰਵਿਦਾਸ ਇਕ ਹੀ ਬੂੰਦ ਸੋ, ਸਭ ਹੀ ਭਯੋ ਵਿੱਥਾਰ।**
**ਮੂਰਖਿ ਹੈਂ ਜੋ ਕਰਤ ਹੈਂ, ਬਰਨ ਅਬਰਨ ਬਿਚਾਰ।।**

ਗੁਰੂ ਜੀ ਵੱਲੋਂ ਵਰਣ-ਵਿਵਸਥਾ ਦੇ ਸਿਰਜਕਾਂ ਨੂੰ ਮੂਰਖਾਂ ਦੀ ਸੰਗਿਆ ਦੇਣਾ ਅਤੇ ''ਮਾਥੈ ਤਿਲਕ ਹਾਥ ਜਪਮਾਲਾ, ਜਗ ਠਗਨੇ ਨੂੰ ਸਵਾਂਗ ਬਣਾਇਆ'' ਕਹਿ ਕੇ ਇਸ ਵਿਵਸਥਾ ਨੂੰ ਵੰਗਾਰਨਾ ਇਕ ਵਿਦਰੋਹ ਹੀ ਤਾਂ ਸੀ। ਆਪ ਨੇ ਆਪਣੀ ਬਾਣੀ ਵਿਚ ਮਨੁੱਖ ਨੂੰ ਮਾਨਸਿਕ ਰੂਪ ਵਿਚ ਕਮਜ਼ੋਰ ਤੇ ਗੁਲਾਮ



ਬਣਾਈ ਰੱਖਣ ਵਾਲੇ ਇਨ੍ਹਾਂ ਅਖੌਤੀ ਧਰਮ-ਸ਼ਾਸਤਰਾਂ ਅਤੇ ਇਨ੍ਹਾਂ ਦੀ ਰਚਨਾ ਕਰਨ ਵਾਲਿਆਂ ਵਿਰੁੱਧ ਨਿਰਭੈ ਹੋ ਕੇ ਆਵਾਜ਼ ਬੁਲੰਦ ਕੀਤੀ। ਆਪ ਨੇ ਅੰਧ-ਵਿਸ਼ਵਾਸਾਂ ਅਧੀਨ ਫੈਲਾਏ ਭਰਮ-ਜਾਲ, ਜਪ, ਤਪ, ਦਾਨ, ਤੀਰਥ-ਇਸ਼ਨਾਨ, ਪੂਜਾ, ਅਰਚਨਾ, ਮੂਰਤੀਆਂ ਅੱਗੇ ਨੱਚਣ, ਗਾਉਣ ਆਦਿ ਦਾ ਜ਼ੋਰਦਾਰ ਖੰਡਨ ਕੀਤਾ, ਆਪ ਦਾ ਕਥਨ ਹੈ:

(ੳ) **ਮਾਧਵੈ ਕਿਹਾ ਕਹੀਐ ਭ੍ਰਮ ਐਸਾ।**
**ਜੈਸਾ ਮਾਨੀਐ ਹੋਇ ਨ ਤੈਸਾ।**

(ਅ) **ਭਾਈ ਰੇ! ਭ੍ਰਮ ਭਗਤਿ ਸੂੰ ਜਾਨ।**
**ਜੌ ਲੌ ਨਹੀਂ ਸਾਂਚ ਸੂੰ ਪਹਿਚਾਣ।। ਟੇਕ।।**
**ਭ੍ਰਮ ਨਚਣ ਭ੍ਰਮ ਗਾਇਣ, ਭ੍ਰਮ ਜਪ ਤਪੁ ਦਾਨਿ।**
**ਭ੍ਰਮ ਸੇਵਾ ਭ੍ਰਮ ਪੂਜਾ ਅਰੁ ਭ੍ਰਮ ਸੂੰ ਪਹਿਚਾਨ।।**

ਸਤਿਗੁਰੂ ਰਵਿਦਾਸ ਜੀ ਨੇ ਇਨ੍ਹਾਂ ਬਾਹਰਮੁਖੀ ਕਰਮਕਾਂਡਾਂ ਦਾ ਪੁਰਜ਼ੋਰ ਖੰਡਨ ਕੀਤਾ ਹੈ। ਦਰਅਸਲ ਧਰਮ-ਸ਼ਾਸਤਰਾਂ ਵੱਲੋਂ ਇਹ ਵਹਿਮ, ਭਰਮ ਅਤੇ ਅੰਧ-ਵਿਸ਼ਵਾਸ ਫੈਲਾ ਕੇ ਵਿਹਲੜ ਪੁਰੋਹਿਤਾਂ ਤੇ ਪੁਜਾਰੀਆਂ ਦੀ ਰੋਜ਼ੀ-ਰੋਟੀ ਦਾ ਪ੍ਰਬੰਧ ਕੀਤਾ ਗਿਆ ਸੀ। ਮਨੂੰ ਸਿਮ੍ਰਤੀ ਦਾ ਸਪਸ਼ਟ ਆਦੇਸ਼ ਹੈ ਕਿ ''ਬ੍ਰਾਹਮਣ ਦਾ ਪੈਦਾ ਹੋਣਾ ਹੀ ਸਭ ਤੋਂ ਸ੍ਰੇਸ਼ਟ ਉਤਪੱਤੀ ਹੈ। ਉਹ ਸਭ ਜੀਵਾਂ ਦੇ ਧਰਮਾਂ ਦੀ ਰੱਖਿਆ ਕਰਨ ਵਿਚ ਸਮਰੱਥ ਹੈ।'' ''ਇਹ ਸੰਸਾਰ ਵਿਚ ਜੋ ਕੁਝ ਵੀ ਹੈ, ਉਹ ਸਭ ਬ੍ਰਾਹਮਣ ਦਾ ਹੀ ਹੈ ਕਿਉਂਕਿ (ਉਹ) ਬ੍ਰਹਮਾ ਦੇ ਮੂੰਹ ਤੋਂ ਪੈਦਾ ਹੋਣ ਕਰਕੇ ਸਭ ਕੁਝ ਗ੍ਰਹਿਣ ਕਰਨ ਦਾ ਅਧਿਕਾਰੀ ਹੈ।''

ਵਾਸਤਵ ਵਿਚ ਯੂਰੇਸ਼ੀਆ ਤੋਂ ਆਏ ਆਰੀਅਨ ਵੱਲੋਂ ਸਿਮ੍ਰਤੀਆਂ, ਸ਼ਰੁਤੀਆਂ ਅਤੇ ਸ਼ਾਸਤਰਾਂ ਦੁਆਰਾ ਭਰਮ ਪੈਦਾ ਕਰਕੇ ਇਕ ਅਜਿਹਾ ਆਰਥਿਕ ਪ੍ਰਬੰਧ ਉਸਾਰਿਆ ਗਿਆ ਕਿ ਬ੍ਰਾਹਮਣ ਹਮੇਸ਼ਾ ਵਿਹਲਾ ਰਹਿ ਕੇ ਦੂਸਰਿਆਂ ਦੀ ਕਿਰਤ-ਕਮਾਈ 'ਤੇ ਸੁੱਖ ਭਰਿਆ ਜੀਵਨ ਬਤੀਤ ਕਰ ਸਕੇ। ਤੇਤੀ ਕਰੋੜ ਦੇਵੀ-ਦੇਵਤਿਆਂ ਦੀ ਕਲਪਨਿਕ ਸਿਰਜਣਾ, ਅਠਾਰਹ ਤੀਰਥਾਂ ਦੀ ਯਾਤਰਾ, ਜਪ, ਤਪ, ਦਾਨ, ਇਸ਼ਨਾਨ, ਪੂਜਾ, ਅਰਚਨਾ, ਆਰਤੀ, ਸਰਾਧ ਅਥਵਾ ਪਿੱਤਰ ਪੂਜਾ, ਜਨੇਊ ਸੰਸਕਾਰ, ਜਨਮ, ਵਿਆਹ ਤੇ ਮੌਤ ਸਬੰਧੀ ਅਨੇਕ ਸੰਸਕਾਰ, ਜਾਨਵਰਾਂ, ਪਸ਼ੂ, ਪੰਛੀਆਂ ਤੇ ਬ੍ਰਿਛਾਂ ਦੀ ਪੂਜਾ, ਅਨੇਕ ਭਾਂਤ ਦੇ ਅਣਗਿਣਤ ਤਿਥ-ਤਿਉਹਾਰ, ਮੇਲੇ, ਜਾਤਾਂ, ਗੋਤਾਂ ਆਦਿ ਵਿਚ ਉਲਝਾਈ ਰੱਖਣ ਦੀ ਨੀਤੀ ਬ੍ਰਾਹਮਣਾਂ ਦੇ ਸ਼ਾਤਰ ਦਿਮਾਗ ਦੀਆਂ ਕਾਢਾਂ ਹਨ। ਮਨੂੰ ਸਿਮ੍ਰਤੀ ਦਾ ਸਪਸ਼ਟ ਆਦੇਸ਼ ਹੈ:

''ਬ੍ਰਾਹਮਣ ਜੋ ਕੁਝ ਦੂਜਿਆਂ ਦਾ ਖਾਂਦਾ ਹੈ, ਦੂਜਿਆਂ ਦਾ ਦਿੱਤਾ ਪਹਿਨਦਾ ਹੈ ਜਾਂ ਦੂਜੇ ਤੋਂ ਲੈ ਕੇ ਕਿਸੇ ਹੋਰ ਨੂੰ ਦਿੰਦਾ ਹੈ, ਉਹ ਸਭ ਕੁਝ ਉਸਦਾ ਆਪਣਾ ਹੀ ਹੈ, ਕਿਉਂਕਿ ਉਸਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਸਭ ਸੁੱਖ ਮਾਣਦੇ ਹਨ।''

ਦਰਅਸਲ ਪੁਰਾਤਨ ਸਮਿਆਂ ਅਤੇ ਵਰਤਮਾਨ ਵਿਚ ਸਿਰਜੇ ਗਏ ਅਠਾਰਹ ਤੀਰਥਾਂ ਸਮੇਤ ਲੱਖਾਂ ਧਰਮ ਅਸਥਾਨ ਅਜਿਹੇ ਕੇਂਦਰੀ ਬਿੰਦੂ ਹਨ, ਜਿੱਥੋਂ ਰੂੜ੍ਹੀਵਾਦੀਆਂ ਦਾ ਵਿਉਪਾਰ ਚੱਲਦਾ ਹੈ, ਜਿੱਥੋਂ ਉਨ੍ਹਾਂ ਦੀ ਆਰਥਿਕਤਾ ਮਜ਼ਬੂਤ ਹੁੰਦੀ ਹੈ, ਜਿੱਥੋਂ ਉਨ੍ਹਾਂ ਨੂੰ ਮਾਣ ਤੇ ਸਨਮਾਨ ਮਿਲਦਾ ਹੈ ਅਤੇ ਜਿੱਥੋਂ ਉਨ੍ਹਾਂ ਵੱਲੋਂ ਰਾਜਨੀਤੀ ਤੇ ਕਾਬਜ਼ ਹੋਣ ਅਤੇ ਜਨ-ਸਧਾਰਨ ਨੂੰ ਗੁਲਾਮ ਬਣਾਈ ਰੱਖਣ ਦੀਆਂ ਗੋਂਦਾਂ ਗੁੰਦੀਆਂ ਜਾਂਦੀਆਂ ਹਨ। ਇਸ ਸੰਦਰਭ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ ਨਿਮਨ-ਲਿਖਤ ਵਿਚਾਰ ਵਾਚਣਯੋਗ ਹੈ:

''ਹਿੰਦੂ ਧਰਮ (ਜੋ ਪੁਰਾਣੇ ਬ੍ਰਾਹਮਣ ਧਰਮ ਦਾ ਹੀ ਇਕ ਨਵਾਂ ਨਾਮ ਹੈ) ਕੋਈ ਧਰਮ ਨਹੀਂ ਬਲਕਿ ਉਸ ਤਰ੍ਹਾਂ ਦੇ ਚਰਿੱਤਰ ਵਾਲੀ ਇਕ ਰਾਜਨੀਤਿਕ ਵਿਚਾਰਧਾਰਾ ਹੈ ਜੋ ਪੂਰੀ ਤਰ੍ਹਾਂ ਲੋਕਤੰਤਰ ਵਿਰੋਧੀ ਹੈ।''

ਗੁਰੂ ਜੀ ਨੇ 'ਰਵਿਦਾਸ ਉਪਿਜਇ ਸਭ ਇਕ ਬੂੰਦ ਤੇ, ਕਾ ਬਾਹਮਨ ਕਾ ਸੂਦ'' ਕਹਿ ਕੇ ਵਰਣ-ਵਿਵਸਥਾ ਅਧੀਨ ਬ੍ਰਾਹਮਣ ਦੀ ਅਖੌਤੀ ਉਚ-ਪਦਵੀ ਨੂੰ ਚੁਣੌਤੀ ਦਿੱਤੀ ਹੈ। ਆਪ ਨੇ ਆਪਣੀ ਬਾਣੀ ਵਿਚ ਜਾਤ-ਪਾਤ ਅਤੇ ਊਚ-ਨੀਚ ਵਰਗੀ ਭਾਰਤੀ ਸਮਾਜ ਦੀ ਸਰੰਚਨਾ ਨੂੰ ਤਰਕਸ਼ੀਲ ਢੰਗ ਨਾਲ ਅਸਵੀਕਾਰ ਕੀਤਾ ਹੈ। ਆਪ ਦਾ ਕਥਨ ਹੈ ਕਿ ਜਦੋਂ ਸੰਸਾਰ ਦੇ ਸਾਰੇ ਜੀਵਾਂ ਦੀ ਉਤਪੱਤੀ ਇਕੋ ਢੰਗ ਅਤੇ ਵਿਧੀ ਦੁਆਰਾ ਹੁੰਦੀ ਹੈ ਤਾਂ ਇਹ ਜਨਮ-ਜਾਤ ਅਤੇ ਬ੍ਰਾਹਮਣ ਤੇ ਚਮਾਰ ਦਾ ਮਸਲਾ ਕਿਵੇਂ ਪੈਦਾ ਹੋ ਸਕਦਾ ਹੈ। ਆਪ ਜੀ ਦਾ ਫੁਰਮਾਨ ਹੈ:

**(ੳ) ਰਵਿਦਾਸ ਇਕ ਹੀ ਨੂਰ ਤੇ, ਜਿਮਿ ਉਪਜਯੋ ਸੰਸਾਰ।**
**ਊਚ ਨੀਚ ਕਿਹ ਬਿਧ ਭਯੇ, ਬਾਹਮਨ ਅਰੁ ਚਮਾਰ।।**
**(ਅ) ਰਵਿਦਾਸ ਜਨਮ ਕੇ ਕਾਰਨੈ ਹੋਤ ਨ ਕੋਊ ਨੀਚ।**
**ਨਰ ਕੂੰ ਨੀਚ ਕਰਿ ਡਾਰਿ ਹੈ, ਓਛੈ ਕਰਮ ਕੌ ਕੀਚ।।**

ਸਿਮ੍ਰਿਤੀਆਂ ਅਤੇ ਸ਼ਾਸਤਰਾਂ ਵਿਚ ਸ਼ੂਦਰ ਦੀ ਸਥਿਤੀ ਨੂੰ ਜਾਨਵਰਾਂ ਤੋਂ ਵੀ ਭੈੜੀ ਅੰਕਿਤ ਕਰਦਿਆਂ ਉਸ ਪ੍ਰਤੀ ਬੇਹੱਦ ਘਟੀਆ ਸ਼ਬਦਾਵਲੀ ਵਰਤੀ ਗਈ ਹੈ। ਪਰ ਇਸ ਖੋਜ-ਪੱਤਰ ਦੀ ਲਿਖਣ ਸੀਮਾ ਅਤੇ ਵਿਸ਼ੇ ਨੂੰ ਧਿਆਨ ਵਿਚ ਰੱਖਦਿਆਂ ਇੱਥੇ ਵਿਸਤ੍ਰਿਤ ਚਰਚਾ ਕਰਨੀ ਮੁਨਾਸਬ ਨਹੀਂ ਹੈ। 'ਸ੍ਰੀ ਰਾਮਚਰਿਤ ਮਾਨਸ' ਦੇ ਲੇਖਕ ਸ੍ਰੀ ਤੁਲਸੀ ਦਾਸ ਨੇ ਮਨੂੰ ਸਿਮ੍ਰਤੀ ਦਾ ਅਨੁਸਰਣ ਕਰਦਿਆਂ ਔਗੁਣਾਂ ਨਾਲ ਭਰੇ ਹੋਏ ਅਗਿਆਨੀ ਵਿਪ੍ਰ ਅਥਵਾ ਬ੍ਰਾਹਮਣ ਦੀ ਪੂਜਾ ਕਰਨ ਲਈ ਪ੍ਰੇਰਿਤ ਕਰਦਿਆਂ ਜਨ-ਸਧਾਰਨ ਨੂੰ ਗਿਆਨਵਾਨ, ਵਿਦਵਾਨ ਅਤੇ ਸਰਬ ਗੁਣ ਸੰਪੰਨ ਸ਼ੂਦਰ ਦੀ ਪੂਜਾ ਕਰਨ ਦੀ ਮਨਾਹੀ ਕੀਤੀ ਹੈ। ਉਹ ਲਿਖਦੇ ਹਨ:

**ਪੂਜਿਅ ਬਿਪ੍ਰ ਸੀਲ ਗੁਨ ਹੀਨਾ।**
**ਸੂਦ੍ਰ ਨਾ ਗੁਨ ਗਨ ਗਿਆਨ ਪ੍ਰਵੀਨਾ।।**

ਸਾਰੀਆਂ ਸਿਮ੍ਰਤੀਆਂ ਅਤੇ ਅਖੌਤੀ ਧਰਮ ਸ਼ਾਸਤਰ ਅਜਿਹੇ ਆਦੇਸ਼ਾਂ ਨਾਲ ਭਰੇ ਪਏ ਹਨ। ਪਰ ਸਤਿਗੁਰੂ ਰਵਿਦਾਸ ਜੀ ਨੇ 'ਊਚੇ ਕੁਲ ਕੈ ਕਾਰਣੇ ਬ੍ਰਾਹਮਣ ਕੋਈ ਨਾ ਹੋਏ' ਕਹਿ ਕੇ ਆਪਣੀ ਬਾਣੀ ਵਿਚ ਕਥਿਤ ਧਰਮ ਸ਼ਾਸਤਰਾਂ ਦੇ ਅਜਿਹੇ ਆਦੇਸ਼ਾਂ ਨੂੰ ਨਕਾਰਿਆ ਹੈ। ਗੁਰੂ ਜੀ ਨੇ ਹਉਮੈ ਦੀ ਅੱਗ ਵਿਚ ਸੜ ਰਹੇ ਅਜਿਹੇ ਅਖੌਤੀ ਕੁਲੀਨ ਵਰਗ ਨਾਲ ਸਬੰਧਤ ਵੱਡੇ ਕਵੀਆਂ, ਪੰਡਤਾਂ, ਜੋਗੀਆਂ, ਸੰਨਿਆਸੀਆਂ ਅਤੇ ਆਪਣੇ ਆਪ ਨੂੰ ਗੁਣੀ, ਗਿਆਨੀ, ਸੂਰਬੀਰ ਦਾਤੇ ਕਹਿਣ ਵਾਲਿਆਂ ਨੂੰ ਬਉਰੇ ਅਥਵਾ ਕਮਲੇ ਤੇ ਪਾਗਲ ਆਖਦਿਆਂ ਗੁਣਾਂ ਨਾਲ ਪ੍ਰਬੀਨ ਚੰਡਾਲ ਦੀ ਪੂਜਾ ਕਰਨ ਲਈ ਪ੍ਰੇਰਿਤ ਕਰਦਿਆਂ ਅਤੇ ਹੰਕਾਰ-ਗ੍ਰਸਤ ਗੁਣਹੀਣ ਬ੍ਰਾਹਮਣ ਦਾ ਸਤਿਕਾਰ ਕਰਨ ਤੋਂ ਵੀ ਮਨਾ ਕੀਤਾ ਹੈ, ਆਪ ਦਾ ਸਪਸ਼ਟ ਫੁਰਮਾਨ ਹੈ:

**(ੳ) ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ।।**
**ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ।।**
**ਕਹੁ ਰਵਿਦਾਸ ਸਭੈ ਨਹੀਂ ਸਮਝਸਿ ਭੂਲਿ ਪਰੇ ਜੈਸੇ ਬਉਰੇ।।**
**(ਅ) ਰਵਿਦਾਸ ਬਾਹਮਨ ਮਤ ਪੂਜੀਏ, ਜਉ ਹੋਵੇ ਗੁਨਹੀਨ।**
**ਪੂਜਹਿੰ ਚਰਨ ਚੰਡਾਲ ਕੇ, ਜਉ ਹੋਵੇ ਗੁਨ ਪਰਵੀਨ।।**

ਭਾਰਤੀ ਸਮਾਜ ਵਿਚ ਵਰਣ-ਵਿਵਸਥਾ ਅਤੇ ਜਾਤ-ਵੰਡ ਦੀ ਅਸਮਾਜਿਕ ਰੁਚੀ ਤੋਂ ਇਲਾਵਾ ਇਸਤਰੀ ਵਰਗ ਦੀ ਹਾਲਤ ਵੀ ਬਹੁਤ ਤਰਸਯੋਗ ਸੀ। ਅਨਪੜ੍ਹਤਾ, ਬਾਲ-ਵਿਆਹ, ਸਤੀ-ਪ੍ਰਥਾ, ਅਸੁਰੱਖਿਆ ਅਤੇ ਕਈ ਧਾਰਮਿਕ ਗ੍ਰੰਥਾਂ ਤੇ ਸਿਮ੍ਰਤੀਆਂ ਦੇ ਆਦੇਸ਼ਾਂ ਕਾਰਨ ਇਸਤਰੀ ਜਾਤੀ ਦੀ ਹਾਲਤ ਦੁੱਖ ਭਰੀ ਸੀ। ਧਰਮ ਸ਼ਾਸਤਰਾਂ ਅਨੁਸਾਰ 'ਇਸਤਰੀਆਂ ਨੂੰ ਸਿੱਖਿਆ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਉਨ੍ਹਾਂ ਨੂੰ ਅਕਲ ਘੱਟ ਹੁੰਦੀ ਹੈ' ਅਤੇ 'ਇਸਤਰੀਆਂ, ਸ਼ੂਦਰ, ਵੈਸ਼ ਤੇ ਚੰਡਾਲ ਸਭ ਪਾਪ ਯੋਨੀ ਤੋਂ ਪੈਦਾ ਹੋਏ ਹਨ' ਵਰਗੇ ਅਮਾਨਵੀ ਧਾਰਮਿਕ ਫਰਮਾਨਾਂ ਨੇ ਇਸਤਰੀ ਦੀ ਸਥਿਤੀ ਨੂੰ ਦੁਰਦਸ਼ਾ ਅਤੇ ਨਿਰਾਦਰੀ ਦੀ ਹੱਦ ਤੱਕ ਪਹੁੰਚਾ ਦਿੱਤਾ। 'ਅਮੀਰ ਹਿੰਦੂ ਸ਼ਰਾਬ ਵੀ ਪੀਂਦੇ ਸਨ, ਜੂਆ ਵੀ ਖੇਡਦੇ ਸਨ ਅਤੇ ਜੂਏ ਵਿਚ ਔਰਤਾਂ ਨੂੰ ਵੀ ਦਾਅ ਤੇ ਲਾਉਂਦੇ ਸਨ। ਇਸ ਸਮਾਜਿਕ ਤੇ ਸਦਾਚਾਰਕ ਕੁਰੀਤੀ, ਕੁਕਰਮ ਤੇ ਕੁਰਹਿਤ ਨੇ ਗ੍ਰਿਹਸਥ ਜੀਵਨ ਨੂੰ ਤਬਾਹ ਕਰਕੇ ਰੱਖ ਦਿੱਤਾ। ਗੁਰੂ ਰਵਿਦਾਸ ਬਾਣੀ ਵਿਚ ਆਚਰਣ ਦੀ ਸ਼ੁਧਤਾ ਉਪਰ ਬਹੁਤ ਬਲ ਦਿੱਤਾ ਗਿਆ ਹੈ। ਡਾ. ਸੀਤਾ ਰਾਮ ਬਾਹਰੀ ਲਿਖਦੇ ਹਨ:

ਸੰਤਾਂ ਨੇ ਮਦ, ਮਾਸ, ਜੂਆ, ਭ੍ਰਿਸ਼ਟਾਚਾਰ ਆਦਿਕ ਬੁਰਾਈਆਂ ਨੂੰ ਹਟਾ ਕੇ ਗ੍ਰਿਹਸਥ ਨੂੰ ਸ਼ੁੱਧ ਅਤੇ ਉੱਚਾ ਬਣਾਉਣ ਦਾ ਯਤਨ ਕੀਤਾ। ਉਨ੍ਹਾਂ ਨੇ ਇਸਤਰੀਆਂ ਤੇ ਸ਼ੂਦਰਾਂ ਨੂੰ ਵੀ ਸਮਾਜਿਕ ਅਤੇ ਧਾਰਮਿਕ ਪੱਧਰ ਤੇ ਬਰਾਬਰੀ ਦੇ ਹੱਕ ਦਿੱਤੇ।

ਸਤਿਗੁਰੂ ਰਵਿਦਾਸ ਜੀ ਨੇ ਇਸਤਰੀ ਵਰਗ ਦੇ ਸਮਾਨ ਅਧਿਕਾਰਾਂ ਦੀ ਸੁਰੱਖਿਆ ਲਈ ਅਧਿਆਤਮਿਕਤਾ ਦੇ ਬੰਦ ਦਰਵਾਜ਼ੇ ਖੋਲ੍ਹੇ। ਆਪ ਨੇ ਚਿਤੌੜ ਦੀ ਮਹਾਰਾਣੀ ਰਤਨ ਕੁੰਵਰਿ ਉਰਫ ਝਾਲੀ ਅਤੇ ਉਸਦੀ ਨੂੰਹ, ਭਾਰਤ ਦੀ ਪ੍ਰਸਿੱਧ ਸੰਤ ਮੀਰਾ ਬਾਈ ਨੂੰ ਦੀਕਸ਼ਾ ਦੇ ਕੇ ਇਸਤਰੀ ਦੇ ਮਾਣ, ਸਨਮਾਨ ਅਤੇ ਸਤਿਕਾਰ ਵਿਚ ਵਾਧਾ ਕੀਤਾ।

ਆਪ ਸੱਚੇ ਕਰਮਯੋਗੀ ਸਨ ਅਤੇ ਆਪਣੀ ਕਿਰਤ ਨੂੰ ਪ੍ਰਭੂ-ਭਗਤੀ ਤੋਂ ਵੀ ਵੱਧ ਪਵਿੱਤਰ ਸਮਝਦੇ ਸਨ।' ਕਰਮ ਹੀ ਪੂਜਾ ਹੈ' ਆਪ ਜੀ ਦੇ ਜੀਵਨ ਦਾ ਪ੍ਰਮੁੱਖ ਸਿਧਾਂਤ ਸੀ। ਆਪ ਨੇ ਜੀਵਨ ਵਿਚ 'ਜੋ ਵਿਚਾਰਿਆ, ਉਸਨੂੰ ਕਮਾਇਆ ਅਤੇ ਜੋ ਕਮਾਇਆ, ਉਹੋ ਹੀ ਸੁਣਾਇਆ ਅਤੇ ਪ੍ਰਗਟਾਇਆ।'

ਆਪ ਦੀ ਕਹਿਣੀ ਅਤੇ ਕਰਨੀ ਵਿਚ ਕੋਈ ਅੰਤਰ ਨਹੀਂ ਸੀ। ਡਾ. ਧਰਮਪਾਲ ਮੈਨੀ ਦਾ ਮੱਤ ਹੈ ਕਿ ਸੰਤ ਰਵਿਦਾਸ ਨੇ ਕਥਨੀ ਤੇ ਕਰਨੀ ਦੀ ਏਕਤਾ ਦੇ ਮਹੱਤਵ ਨੂੰ ਸਦਾ ਹੀ ਹਿੱਕ ਨਾਲ ਲਾ ਕੇ ਰੱਖਿਆ। ਦਰਅਸਲ ਮੱਧਕਾਲੀਨ ਸੰਤ-ਸਤਿਗੁਰੂਆਂ ਨੇ ਸਦੀਆਂ ਪਹਿਲਾਂ ਤਥਾਗਤ ਬੁੱਧ ਦੁਆਰਾ ਆਰੰਭੀ ਸ੍ਰਮਣ ਸੰਸਕ੍ਰਿਤੀ ਦੀ ਲੋਕ-ਲਹਿਰ ਨੂੰ ਹੀ ਪੁਨਰ ਸੁਰਜੀਤ ਕਰਨ ਦਾ ਯਤਨ ਕੀਤਾ। ਡਾ. ਬੁੱਧ ਰਾਮ ਗੁਪਤਾ ਦਾ ਕਥਨ ਹੈ:

''ਰਵਿਦਾਸ ਜੀ ਨੇ ਆਪਣੇ ਨੀਵੇਂ ਵਰਗ ਦੀ ਕਿਰਤੀ-ਸ਼ਾਨ ਨੂੰ ਹੀ ਨਹੀਂ ਵਧਾਇਆ ਸਗੋਂ ਦਸਾਂ ਨੌਹਾਂ ਦੀ ਕਿਰਤ ਦਾ ਹਿਤ ਪੂਰਿਆ, ਸੱਚੀ-ਸੁੱਚੀ ਮਿਹਨਤ ਵਿਚ ਜੁਟੇ ਲੋਕਾਂ ਨੂੰ ਕਿਰਤ ਦੇ ਸਹਾਰੇ ਹੀ ਬੁਲੰਦ ਹੋਣ ਲਈ ਪ੍ਰੇਰਿਆ। ਚਾਹੇ ਇਹ ਪ੍ਰੇਰਨਾ, ਭਰਪੂਰ ਇਸ਼ਕੇ-ਇਲਾਜ ਵਿਚ ਰੰਗੀ ਹੋਈ ਸੀ, ਇਸ ਕਿਰਤ ਪ੍ਰੇਮ ਨੇ ਹੀ ਅਜੋਕੀ ਸਦੀ ਦੇ ਸਮਾਜਵਾਦ ਅਤੇ ਕਾਮਿਆਂ ਦੇ ਇਨਕਲਾਬ ਨੂੰ ਜਨਮ ਦਿੱਤਾ।

ਆਰਥਿਕ ਸੰਪਨਤਾ ਲਈ ਨਿਰੰਤਰ ਕਿਰਤ ਨਾਲ ਜੁੜੇ ਰਹਿਣ, 'ਅਬਿਦਿਆ' ਤੇ ਅਗਿਆਨਤਾ ਤੋਂ ਮੁਕਤੀ ਲਈ ਬਿਬੇਕ ਰੂਪੀ ਦੀਪ ਦੀ ਮਲੀਨਤਾ ਨੂੰ ਵਿੱਦਿਆ ਦੇ ਨੂਰ ਨਾਲ ਪ੍ਰਜਵਲਿਤ ਕਰਨ, ਨਸ਼ਿਆਂ ਦੇ ਸੇਵਨ ਤੋਂ ਪ੍ਰਹੇਜ, ਸਾਦੀ ਰਹਿਣੀ-ਬਹਿਣੀ ਅਤੇ ਦੂਸਰਿਆਂ ਪ੍ਰਤੀ ਹਮਦਰਦੀ ਅਰਥਾਤ ਪਰਾਇਆ ਦਰਦ ਵੰਡਾਉਣ ਦੀ ਪ੍ਰੇਰਨਾ ਮਨੁੱਖੀ ਅਰਥਚਾਰੇ ਨੂੰ ਹੁਲਾਰਾ ਦੇਣ ਦੀ ਸਮਰੱਥਾ ਰੱਖਦੀ ਹੈ। ਜਨ-ਕਲਿਆਣ ਦੀ ਭਾਵਨਾ ਨਾਲ ਓਤਪੋਤ ਵੇਦਨਾ ਭਰਪੂਰ ਦਿਲ ਪਰਾਇਆਂ ਪ੍ਰਤੀ ਵੀ ਅਕਹਿ, ਅਸਹਿ ਤੇ ਅਥਾਹ ਦਰਦ ਰੱਖਦਾ ਹੈ। ਗੁਰੂ ਜੀ ਦਾ ਕਥਨ ਹੈ ਕਿ ਸੰਵੇਦਨਸ਼ੀਲ ਤੇ ਦਰਦਮੰਦ ਹਿਰਦੇ ਵਿਚ ਹੀ ਪਰਾਈ ਪੀੜ ਦਾ ਅਹਿਸਾਸ ਹੋ ਸਕਦਾ ਹੈ:

**ਸੋ ਕਤ ਜਾਨੈ ਪੀਰ ਪਰਾਈ।।**
**ਜਾ ਕੈ ਅੰਤਰਿ ਦਰਦ ਨਾ ਪਾਈ।।**

ਗੁਰੂ ਰਵਿਦਾਸ ਜੀ ਦੀ ਬਾਣੀ ਸਮਕਾਲੀਨ ਅਣਉਚਿਤ, ਅਯੋਗ, ਅਜੋੜ, ਅਸਾਵੀਂ, ਅਨਿਆਂ-ਪੂਰਣ, ਅੱਤਿਆਚਾਰੀ ਅਤੇ ਅੰਦੇਸ਼ਿਆਂ ਭਰਪੂਰ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਵਿਵਸਥਾ ਵਿਰੁੱਧ 'ਬੇਗਮਪੁਰਾ ਸਹਰ' ਦੇ ਸੰਕਲਪ ਦੁਆਰਾ ਅਜਿਹੇ ਸੁਤੰਤਰ ਤੇ ਸਦੀਵੀ ਰਾਜ ਦਾ ਮਾਡਲ ਪ੍ਰਸਤੁਤ ਕਰਦੀ ਹੈ, ਜਿਸ ਵਿਚ ਏਕਾਧਿਕਾਰੀ ਸਾਮੰਤਸ਼ਾਹੀ ਹਕੂਮਤ ਦੀ ਥਾਂ ਸਹੀ ਮਾਇਨਿਆਂ ਵਿਚ ਲੋਕਤੰਤਰ ਹੋਵੇ। ਪ੍ਰੰਤੂ ਪਦਾਰਥਵਾਦੀ ਰੁਚੀਆਂ ਅਧੀਨ ਅਸੀਂ ਆਪਣੇ ਸੰਤ-ਸਤਿਗੁਰੂਆਂ ਦੀ ਵਿਵਹਾਰਕ ਵਿਚਾਰਧਾਰਾ ਤੋਂ ਬੜੀ ਤੇਜ਼ੀ ਨਾਲ ਦੂਰ ਹੁੰਦੇ ਜਾ ਰਹੇ ਹਾਂ। ਅਜੋਕੀਆਂ ਤੇ ਮੱਧਕਾਲੀਨ ਪ੍ਰਸਥਿਤੀਆਂ ਵਿਚ ਵਧੇਰੇ ਪਰਿਵਰਤਨ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਅੱਜ ਦਾ ਅਖੌਤੀ ਆਜ਼ਾਦ ਤੇ ਸੁਤੰਤਰ ਮਨੁੱਖ ਹਾਲੇ ਵੀ ਸਮਾਜਿਕ ਰਹਿਤਾਂ, ਧਾਰਮਿਕ ਵਲਗਣਾਂ, ਬੰਦਸ਼ਾਂ ਤੇ ਰਾਜਸ਼ਕਤੀ ਦਾ ਕੈਦੀ, ਗੁਲਾਮ ਤੇ ਪਰਾਧੀਨ ਹੈ। ਜਾਤਾਂ, ਰੰਗਾਂ, ਨਸਲਾਂ, ਕੌਮਾਂ ਅਤੇ ਕਿੱਤਿਆਂ ਦੇ ਵਿਤਕਰੇ ਕਿਸੇ ਨਾ ਕਿਸੇ ਬਦਲਵੇਂ ਰੂਪ ਵਿਚ ਅੱਜ ਵੀ ਮੌਜੂਦ ਹਨ। ਬ੍ਰਾਹਮਣਵਾਦ ਹਰ ਮਨੁੱਖ, ਜਾਤ, ਕੌਮ, ਮਜ਼ਹਬ ਅਤੇ ਨਸਲ ਵਿਚ ਸਮਾ ਗਿਆ ਹੈ। ਗੁਰੂ ਰਵਿਦਾਸ ਜੀ ਦੇ ਵਿਸ਼ਵ ਭਾਈਚਾਰੇ ਦੇ ਫਲਸਫੇ ਨੂੰ ਸੰਕੀਰਣ ਦਾਇਰਿਆਂ ਵਿਚ ਕੈਦ ਕੀਤਾ ਜਾ ਰਿਹੈ। ਲੋਭ, ਲਾਲਚ, ਲਾਲਸਾ, ਨਸ਼ਾਖੋਰੀ, ਸੁਕਿਰਤ ਤੋਂ ਬੇਮੁਖਤਾ, ਬੇਈਮਾਨੀ, ਬਦਇਖਲਾਕੀ, ਬੇਗੈਰਤੀ, ਬੇਤਰਸੀ, ਬੇਦਰਦੀ, ਬੇਲਿਹਾਜੀ, ਬੇਵਿਸ਼ਵਾਸੀ, ਬੇਵਫਾਈ ਤੇ ਸਵਾਰਥੀ ਰੁਚੀਆਂ ਅਧੀਨ ਗੁਰੂ ਜੀ ਦੀ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ, ਜਿਸ ਰੂੜ੍ਹੀਵਾਦੀ ਕਰਮਕਾਂਡ, ਆਡੰਬਰ ਤੇ ਪਾਖੰਡ ਦਾ ਸਤਿਗੁਰੂ ਰਵਿਦਾਸ ਜੀ ਨੇ ਖੰਡਨ ਕੀਤਾ ਸੀ, ਉਸਨੂੰ ਹੀ ਪੂਰੀ ਤਰ੍ਹਾ ਅਪਣਾ ਲਿਆ ਗਿਆ ਹੈ।

ਸਾਡਾ ਸਾਰਿਆਂ ਦਾ ਇਹ ਫਰਜ਼ ਬਣਦੈ ਕਿ ਸਤਿਗੁਰੂ ਰਵਿਦਾਸ ਜੀ ਦੀ ਇਨਕਲਾਬੀ, ਤਰਕਸ਼ੀਲ ਅਤੇ ਮਾਨਵਵਾਦੀ ਵਿਚਾਰਧਾਰਾ ਨੂੰ ਅਮਲੀ ਤੇ ਵਿਵਹਾਰਿਕ ਰੂਪ ਵਿਚ ਆਪਣੇ ਜੀਵਨ ਵਿਚ ਧਾਰਨ ਕਰੀਏ, ਤਾਂ ਹੀ ਆਪ ਜੀ ਦੇ ਪੁਰਬ ਮਨਾਉਣੇ ਅਤੇ ਧਾਰਮਿਕ ਸਮਾਗਮ ਆਯੋਜਿਤ ਕਰਨੇ ਸਾਰਥਕ ਹੋ ਸਕਦੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਕੈਲੀਫੋਰਨੀਆ ਵਿਚ ਮਾਂ ਤੇ 10 ਮਹੀਨਿਆਂ ਦੇ ਬੱਚੇ ਸਮੇਤ ਹੋਈਆਂ 6 ਹੱਤਿਆਵਾਂ ਦੇ ਮਾਮਲੇ ਵਿਚ 2 ਸ਼ੱਕੀ ਗ੍ਰਿਫਤਾਰ



**ਸੈਕਰਾਮੈਂਟੋ, ਕੈਲੀਫੋਰਨੀਆ–** ਪਿਛਲੇ ਮਹੀਨੇ ਕੇਂਦਰੀ ਕੈਲੀਫੋਰਨੀਆ ਦੇ ਗੋਸ਼ਨ ਕਸਬੇ ਵਿਚ ਨਬਾਲਗ ਮਾਂ ਤੇ ਉਸ ਦੇ 10 ਮਹੀਨਿਆਂ ਦੇ ਲੜਕੇ ਸਮੇਤ ਮਾਰੇ ਗਏ ਇਕ ਪਰਿਵਾਰ ਦੇ 6 ਜੀਆਂ ਦੇ ਮਾਮਲੇ ਵਿਚ ਪੁਲਿਸ ਵੱਲੋਂ 2 ਸ਼ੱਕੀ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਟੂਲੇਰ ਕਾਊਂਟੀ ਦੇ ਸ਼ੈਰਿਫ ਮਾਈਕ ਬੌਡਰੀਅਕਸ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਗ੍ਰਿਫਤਾਰ ਸ਼ੱਕੀ ਦੋਸ਼ੀਆਂ ਵਿਚ ਐਂਜਲ ਉਰੀਅਰਟ (35) ਤੇ ਨੋਆਹ ਬੀਅਰਡ (25) ਸ਼ਾਮਿਲ ਹਨ ਜੋ ਨਾਰਟੀਨੋ ਗਿਰੋਹ ਦੇ ਮੈਂਬਰ ਹਨ। ਉਨਾਂ ਕਿਹਾ ਕਿ ਇਹ ਹੱਤਿਆਵਾਂ ਸੰਭਾਵੀ ਤੌਰ 'ਤੇ ਨਾਰਟੀਨੋ ਤੇ ਸੂਰੇਨੋਸ ਗਿਰੋਹ ਦੀ ਆਪਸੀ ਦੁਸ਼ਮਣੀ ਦਾ ਸਿੱਟਾ ਹੈ।

ਸ਼ੈਰਿਫ ਅਨੁਸਾਰ ਸ਼ੱਕੀ ਦੋਸ਼ੀਆਂ ਤੇ ਪੀੜਤਾਂ ਦਾ ਗੰਨ ਹਿੰਸਾ ਦਾ ਪੁਰਾਣਾ ਰਿਕਾਰਡ ਹੈ। ਉਹ ਵੱਡੀ ਪੱਧਰ 'ਤੇ ਗਿਰੋਹ ਹਿੰਸਾ, ਗੰਨ ਹਿੰਸਾ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਸ਼ਾਮਿਲ ਰਹੇ ਹਨ। ਏ ਟੀ ਐਫ ਦੇ ਕਾਰਜਕਾਰੀ ਇੰਚਾਰਜ ਜੋਸ਼ੂਆ ਜੈਕਸਨ ਅਨੁਸਾਰ ਗ੍ਰਿਫਤਾਰੀ ਸਮੇ ਸ਼ੱਕੀ ਉਰੀਅਰਟ ਏ ਟੀ ਐਫ ਜਵਾਨਾਂ ਨਾਲ ਹੋਈ ਗੋਲੀਬਾਰੀ ਦੌਰਾਨ ਜਖਮੀ ਹੋ ਗਿਆ ਸੀ ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਸ ਦੀ ਹਾਲਤ ਸਥਿਰ ਹੈ ਜਦ ਕਿ ਦੂਸਰੇ ਸ਼ੱਕੀ ਬੀਅਰਡ ਨੂੰ ਬਿਨਾਂ ਕਿਸੇ ਅਣਸੁਖਾਵੀਂ ਘਟਨਾ ਦੇ ਹਿਰਾਸਤ ਵਿਚ ਲੈ ਲਿਆ ਗਿਆ। ਪਰਿਵਾਰ ਦੇ ਮਾਰੇ ਗਏ 6 ਜੀਆਂ ਵਿਚ ਰੋਸਾ ਪਰਾਜ਼ (72), ਈਲੀਸਾ ਪਾਰਾਜ਼ (16), 10 ਮਹੀਨਿਆਂ ਦਾ ਬੱਚਾ ਨਿਕੋਲਸ ਪਰਾਜ਼, ਮਾਰਕੋਸ ਪਰਾਜ਼ (19), ਈਲਾਡੀਓ ਪਰਾਜ਼ ਜੂਨੀਅਰ (52) ਤੇ ਜੈਨੀਫਰ ਅਨਾਲਾ (50) ਸ਼ਾਮਿਲ ਸਨ।

# ਭਾਰਤੀ ਮੂਲ ਦੇ ਅਮਰੀਕੀ ਸਾਂਸਦ ਐਮੀ ਬੇਰਾ ਦੀ ਇੰਟੈਲੀਜੈਂਸੀ ਕਮੇਟੀ ਵਿਚ ਨਿਯੁਕਤੀ



**ਸੈਕਰਾਮੈਂਟੋ, ਕੈਲੀਫੋਰਨੀਆ–** ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ਐਮੀ ਬੇਰਾ ਨੂੰ ਕਾਂਗਰਸ ਦੀ ਇੰਟੈਲੀਜੈਂਸ ਬਾਰੇ ਪ੍ਰਭਾਵਸ਼ਾਲੀ ਸਥਾਈ ਵਿਸ਼ੇਸ਼ ਕਮੇਟੀ ਵਿਚ ਨਿਯੁਕਤ ਕੀਤਾ ਗਿਆ ਹੈ। ਬੇਰਾ ਨੇ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਮੈਨੂੰ ਸਦਨ ਦੇ ਲੀਡਰ ਜੈਫਰੀਜ ਦੁਆਰਾ ਹਾਊਸ ਇੰਟੈਲੀਜੈਂਸ ਕਮੇਟੀ ਵਿਚ ਨਿਯੁਕਤ ਕੀਤਾ ਗਿਆ ਹੈ ਜੋ ਕਮੇਟੀ ਅਮਰੀਕਾ ਦੀ ਕੌਮੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਲੰਬੇ ਸਮੇ ਤੋਂ ਅਮਰੀਕੀ ਕਾਂਗਰਸ ਵਿਚ ਸੇਵਾ ਨਿਭਾ ਰਹੇ ਐਮੀ ਬੇਰਾ ਪਹਿਲੀ ਵਾਰ 2012 ਵਿਚ ਕਾਂਗਰਸ ਲਈ ਚੁਣੇ ਗਏ ਸਨ। ਉਹ ਕੈਲੀਫੋਰਨੀਆ ਦੇ 6ਵੇਂ ਡਿਸਟ੍ਰਿਕਟ ਦੀ ਪ੍ਰਤੀਨਿੱਧਤਾ ਕਰਦੇ ਹਨ।

# ਭਾਰਤੀ ਮੂਲ ਦੀ ਸਾਂਸਦ ਪ੍ਰਾਮੀਲਾ ਜਯਾਪਾਲ ਇਮੀਗ੍ਰੇਸ਼ਨ ਬਾਰੇ ਕਮੇਟੀ ਵਿਚ ਨਿਯੁਕਤ



**ਸੈਕਰਾਮੈਂਟੋ, ਕੈਲੀਫੋਰਨੀਆ–** ਭਾਰਤੀ ਮੂਲ ਦੀ ਸਾਂਸਦ ਪ੍ਰਾਮੀਲਾ ਜਯਾਪਾਲ ਨੂੰ ਇਮੀਗ੍ਰੇਸ਼ਨ ਬਾਰੇ ਸ਼ਕਤੀਸ਼ਾਲੀ ਹਾਊਸ ਜੁਡੀਸ਼ੀਅਰ ਕਮੇਟੀ ਪੈਨਲ ਵਿਚ ਨਿਯੁਕਤ ਕੀਤਾ ਗਿਆ ਹੈ। 57 ਸਾਲਾ ਜਯਾਪਾਲ ਵਾਸ਼ਿੰਗਟਨ ਰਾਜ ਦੇ 7 ਵੇਂ ਡਿਸਟ੍ਰਿਕਟ ਤੋਂ ਪ੍ਰਤੀਨਿੱਧਤਾ ਕਰਦੇ ਹਨ ਤੇ ਉਹ ਜੋ ਲੋਫਗਰਨ ਦੀ ਥਾਂ ਲੈਣਗੇ। ਜਯਾਪਾਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੈਨੂੰ ਇਮੀਗ੍ਰੇਸ਼ਨ ਇੰਟੈਗਰਿਟੀ, ਸਕਿਊਰਟੀ ਤੇ ਇਨਫੋਰਸਮੈਂਟ ਬਾਰੇ ਸਦਨ ਦੀ ਸਬ ਕਮੇਟੀ ਵਿਚ ਰੈਂਕਿੰਗ ਮੈਂਬਰ ਵਜੋਂ ਨਿਯੁਕਤ ਕੀਤਾ ਗਿਆ ਹੈ ਜੋ ਮੇਰੇ ਲਈ ਮਾਣ ਵਾਲੀ ਗੱਲ ਹੈ।

# ਨਿਊ ਜਰਸੀ ਵਿਚ ਕੌਂਸਲ ਮੈਂਬਰ ਦੀ ਗੋਲੀਆਂ ਮਾਰ ਕੇ ਹੱਤਿਆ

**ਸੈਕਰਾਮੈਂਟੋ, ਕੈਲੀਫੋਰਨੀਆ–** ਸੇਰੇਵਿਲੇ ਦੇ ਬਰੌਘ, ਨਿਊ ਜਰਸੀ ਸ਼ਹਿਰ ਦੀ ਕੌਂਸਲ ਮੈਂਬਰ ਈਨਾਈਸ ਡਵਮਫੋਰ ਦੀ ਗੋਲੀਆਂ ਵਿੰਨੀ ਲਾਸ਼ ਉਸ ਦੀ ਕਾਰ ਵਿਚੋਂ ਬਰਾਮਦ ਹੋਈ ਹੈ। 30 ਸਾਲਾ ਡਵਮਫੋਰ ਰਿਪਬਲੀਕਨ ਪਾਰਟੀ ਦੀ ਆਗੂ ਸੀ। ਪੁਲਿਸ ਅਨੁਸਾਰ ਉਸ ਦੇ ਕਈ ਗੋਲੀਆਂ ਵਜੀਆਂ ਹੋਈਆਂ ਸਨ ਤੇ ਉਸ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਡਵਮਫੋਰ ਆਪਣੇ ਘਰ ਨੇੜੇ ਕਾਰ ਵਿਚ ਹੀ ਸੀ ਜਦੋਂ ਉਸ ਦੇ ਗੋਲੀਆਂ ਮਾਰੀਆਂ ਗਈਆਂ। ਗੋਲੀਆਂ ਚਲਣ ਉਪਰੰਤ ਉਸ ਦੀ ਕਾਰ ਸੜਕ ਤੋਂ ਉਤਰ ਕੇ ਸੜਕ ਉਪਰ ਖੜੇ ਹੋਰ ਵਾਹਣਾਂ ਵਿਚ ਜਾ ਵੱਜੀ। ਪੁਲਿਸ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਸਮੇ ਕਿਸੇ ਸਿੱਟੇ 'ਤੇ ਨਹੀਂ ਪੁਜਿਆ ਜਾ ਸਕਦਾ। ਸੇਰੇਵਿਲੇ ਦੀ ਮੇਅਰ ਵਿਕਟੋਰੀਆ ਕਿਲਪਾਟਰਿਕ ਨੇ ਕਿਹਾ ਹੈ ਕਿ ਉਸ ਨੂੰ ਡਵਮਫੋਰ ਦੀ ਮੌਤ ਉਪਰ ਅਫਸੋਸ ਹੈ। ਉਸ ਦਾ ਇਸਾਈ ਧਰਮ ਵਿਚ ਅਥਾਹ ਵਿਸ਼ਵਾਸ਼ ਸੀ ਤੇ ਉਹ ਇਕ ਕੁਸ਼ਲ ਆਗੂ ਸੀ।



# ਭਾਰਤੀ ਅਮਰੀਕੀ ਸਾਂਸਦ ਸਦਨ ਦੀ ਵਿਸ਼ੇਸ਼ ਅਧਿਕਾਰ ਕਮੇਟੀ ਦੇ ਮੈਂਬਰ ਨਿਯੁਕਤ

**ਸੈਕਰਾਮੈਂਟੋ, ਕੈਲੀਫੋਰਨੀਆ–** ਭਾਰਤੀ ਮੂਲ ਦੇ ਅਮਰੀਕੀ ਸਾਂਸਦ ਰਾਜਾ ਕ੍ਰਿਸ਼ਨਾਮੂਰਤੀ ਨੂੰ ਅਮਰੀਕਾ ਤੇ ਚੀਨ ਦੀ ਕਮਿਊਨਿਸਟ ਪਾਰਟੀ ਵਿਚਾਲੇ ਰਣਨੀਤਿਕ ਮੁਕਾਬਲੇਬਾਜੀ ਬਾਰੇ ਸਦਨ ਦੀ ਵਿਸ਼ੇਸ਼ ਅਧਿਕਾਰੀ ਕਮੇਟੀ ਦਾ ਰੈਂਕਿੰਗ ਮੈਂਬਰ ਨਿਯੁਕਤ ਕੀਤਾ ਗਿਆ ਹੈ। ਰਾਜਾ ਕ੍ਰਿਸ਼ਨਾਮੂਰਤੀ ਨੇ ਖੁਦ ਇਹ ਜਾਣਕਾਰੀ ਦਿੰਦਿਆਂ ਇਕ ਬਿਆਨ ਵਿਚ ਕਿਹਾ ਹੈ ਕਿ ਮੈ ਸਦਨ ਦੇ ਆਗੂ ਜੈਫਰੀਜ ਦਾ ਧੰਨਵਾਦੀ ਹਾਂ ਜਿਨਾਂ ਨੇ ਮੈਨੂੰ ਵਿਸ਼ੇਸ਼ ਅਧਿਕਾਰ ਕਮੇਟੀ ਵਿਚ ਸੇਵਾ ਕਰਨ ਦਾ ਮਾਣ ਬਖਸ਼ਿਆ ਹੈ। ਇਸ ਕਮੇਟੀ ਦਾ ਗਠਨ 118 ਵੀਂ ਕਾਂਗਰਸ ਵੱਲੋਂ ਚੀਨ ਦੀ ਕਮਿਊਨਿਸਟ ਪਾਰਟੀ ਨਾਲ ਆਰਥਕ,ਤਕਨੀਕੀ ਤੇ ਸੁਰੱਖਿਆ ਮੁਕਾਬਲੇਬਾਜੀ ਬਾਰੇ ਮੁੱਦਿਆਂ ਨੂੰ ਸੁਲਝਾਉਣ ਤੇ ਇਸ ਸਬੰਧੀ ਜਾਂਚ ਤੇ ਨੀਤੀ ਵਿਕਸਤ ਕਰਨ ਲਈ ਕੀਤਾ ਗਿਆ ਸੀ।

# ਰੇਲ ਹਾਦਸੇ ਵਾਲੇ ਸਥਾਨ ਦੇ ਆਸ ਪਾਸ ਹਵਾ ਤੇ ਪਾਣੀ ਦੀ ਗੁਣਵਤਾ ਕਾਇਮ



**ਸੈਕਰਾਮੈਂਟੋ, ਕੈਲੀਫੋਰਨੀਆ–** ਪੂਰਬੀ ਪੇਲਸਟਾਈਨ,ਓਹੀਓ ਵਿਚ ਬੀਤੇ ਦਿਨ ਹੋਏ ਭਿਆਨਕ ਰੇਲ ਹਾਦਸੇ ਉਪਰੰਤ ਲੱਗੀ ਅੱਗ ਦੂਸਰੇ ਦਿਨ ਵੀ ਪੂਰੀ ਤਰਾਂ ਨਹੀਂ ਬੁੱਝੀ। ਰੇਲ ਗੱਡੀ ਸੜ ਕੇ ਪੂਰੀ ਤਰਾਂ ਸਵਾਹ ਹੋ ਗਈ ਹੈ। ਪੇਲਸਟਾਈਨ ਦੇ ਮੇਅਰ ਟਰੈਂਟ ਕੋਨਾਵੇਅ ਨੇ ਸਥਾਨਕ ਵਾਸੀਆਂ ਨੂੰ ਯਕੀਨ ਨਾਲ ਕਿਹਾ ਹੈ ਕਿ ਰੇਲ ਗੱਡੀ ਨੂੰ ਲੱਗੀ ਅੱਗ ਕਾਰਨ ਨਿਕਲੇ ਜਬਰਦਸਤ ਧੂੰਏਂ ਦਾ ਆਸ ਪਾਸ ਦੇ ਖੇਤਰ ਵਿਚ ਹਵਾ ਤੇ ਪਾਣੀ ਉਪਰ ਬੁਰਾ ਅਸਰ ਨਹੀਂ ਪਿਆ ਹੈ। ਅਧਿਕਾਰੀ ਵਾਤਾਵਰਣ ਉਪਰ ਨਿਰੰਤਰ ਨਜਰ ਰਖ ਰਹੇ ਹਨ। ਮੇਅਰ ਨੇ ਪੂਰਬੀ ਪੇਲਸਟਾਈਨ ਦੇ ਸਕੂਲ ਇਕ ਦਿਨ ਲਈ ਬੰਦ ਕਰਨ ਦਾ ਐਲਾਨ ਵੀ ਕੀਤਾ ਹੈ।

ਰੇਲ ਗੱਡੀ ਦੇ ਕੁਲ 100 ਡੱਬੇ ਸਨ ਜਿਨਾਂ ਵਿਚੋਂ 20 ਡੱਬਿਆਂ ਵਿਚ ਖਤਰਨਾਕ ਸਮੱਗਰੀ ਭਰੀ ਹੋਈ ਸੀ। ਪੱਟੜੀ ਤੋਂ ਲੱਥੇ 10 ਡੱਬਿਆਂ ਵਿਚੋਂ 5 ਟੈਂਕਾਂ ਵਿਚ ਵਿਨਾਇਲ ਕਲੋਰਾਈਡ ਭਰਿਆ ਹੋਇਆ ਸੀ ਜੋ ਸਨਅਤੀ ਰਸਾਇਣ ਹੈ। ਸਮਝਿਆ ਜਾਂਦਾ ਹੈ ਕਿ ਇਹ ਰਸਾਇਣ ਹੀ ਅੱਗ ਲੱਗਣ ਦਾ ਕਾਰਨ ਬਣਿਆ ਹੈ।

# ਅਮਰੀਕਾ ਵਿਚ ਰੇਲ ਗੱਡੀ ਪੱਟੜੀ ਤੋਂ ਉਤਰੀ, ਲੱਗੀ ਭਿਆਨਕ ਅੱਗ



**ਸੈਕਰਾਮੈਂਟੋ, ਕੈਲੀਫੋਰਨੀਆ–** ਪੈਨਸਿਲਵਾਨੀਆ ਸਟੇਟ ਬਾਰਡਰ ਨੇੜੇ ਉਤਰ ਪੂਰਬੀ ਓਹੀਓ ਵਿਚ ਇਕ ਰੇਲ ਗੱਡੀ ਪੱਟੜੀ ਤੋਂ ਉਤਰ ਗਈ ਜਿਸ ਉਪਰੰਤ ਉਸ ਨੂੰ ਭਿਆਨਕ ਅੱਗ ਲੱਗ ਗਈ । ਮੇਅਰ ਟਰੈਂਟ ਕੋਨਾਵੇਅ ਨੇ ਪੱਤਰਕਾਰਾਂ ਨੂੰ ਦਸਿਆ ਕਿ ਇਹ ਘਟਨਾ ਯੰਗਸਟਾਊਨ ਦੇ ਦੱਖਣ ਵਿਚ ਤਕਰੀਬਨ 15 ਮੀਲ ਦੂਰ ਵਾਪਰੀ ਪਰੰਤੂ ਚੰਗੀ ਗੱਲ ਇਹ ਰਹੀ ਕਿ ਅਚਾਨਕ ਵਾਪਰੀ ਇਸ ਘਟਨਾ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਤੇ ਨਾ ਹੀ ਕੋਈ ਜ਼ਖਮੀ ਹੋਇਆ ਹੈ। ਨੈਸ਼ਨਲ ਟਰਾਂਸਪੋਰਟ ਸੇਫਟੀ ਬੋਰਡ ਅਨੁਸਾਰ ਰੇਲ ਗੱਡੀ ਦੇ 100 ਤੋਂ ਵਧ ਡੱਬੇ ਸਨ ਜਿਨਾਂ ਵਿਚੋਂ 50 ਡੱਬੇ ਪੱਟੜੀ ਤੋਂ ਉਤਰ ਗਏ। ਇਨਾਂ ਵਿਚੋਂ 20 ਡੱਬਿਆਂ ਵਿਚ ਖਤਰਨਾਕ ਸਮਗਰੀ ਭਰੀ ਹੋਈ ਸੀ। ਬੋਰਡ ਦੇ ਮੈਂਬਰ ਮਾਈਕਲ ਗ੍ਰਾਹਮ ਨੇ ਕਿਹਾ ਹੈ ਕਿ ਟੈਂਕ ਕਾਰਾਂ ਵਿਚ ਵਿਨਾਇਲ ਕਲੋਰਾਈਡ ਭਰੀ ਹੋਈ ਸੀ ਜੋ ਅੱਗ ਲੱਗਣ ਦਾ ਕਾਰਨ ਬਣੀ। ਉਨਾਂ ਕਿਹਾ ਕਿ ਅੱਗ ਉਪਰ ਕਾਬੂ ਪਾਉਣ ਦੇ ਯਤਨ ਜਾਰੀ ਹਨ। ਉਨਾਂ ਕਿਹਾ ਕਿ ਰੇਲ ਗੱਡੀ ਦੇ ਪੱਟੜੀ ਤੋਂ ਉਤਰਨ ਦੇ ਕਾਰਨ ਬਾਰੇ ਪਤਾ ਨਹੀਂ ਲੱਗ ਸਕਿਆ। ਇਸ ਹਾਦਸੇ ਸਬੰਧੀ ਮੁੱਢਲੀ ਰਿਪੋਰਟ ਆਉਣ ਵਿੱਚ 6 ਹਫਤਿਆ ਦਾ ਸਮਾਂ ਲੱਗ ਸਕਦਾ ਹੈ।

# ਟੈਕਸਾਸ ਵਿਚ ਮੁਫਤ ਦਾ ਸਮਾਨ ਲੁੱਟਣ ਲਈ ਲੋਕ ਆਪਸ ਵਿਚ ਭਿੜੇ






**ਸੈਕਰਾਮੈਂਟੋ, ਕੈਲੀਫੋਰਨੀਆ–** ਟੈਕਸਾਸ ਵਿਚ ਐਚ ਈ ਬੀ ਗਰੌਸਰੀ ਸਟੋਰ ਵੱਲੋਂ ਬਿਜਲੀ ਠੱਪ ਹੋ ਜਾਣ ਕਾਰਨ ਸਬਜ਼ੀਆਂ, ਫਲ ਤੇ ਖਰਾਬ ਹੋ ਜਾਣ ਵਾਲੀਆਂ ਹੋਰ ਵਸਤਾਂ ਨੂੰ ਬਾਹਰ ਸੁੱਟ ਦੇਣ ਉਪਰੰਤ ਕਿਸੇ ਵੱਲੋਂ ਫਰੀ ਫੂਡ ਦੀ ਪੋਸਟ ਪਾ ਦੇਣ ਦੀ ਰਿਪੋਰਟ ਹੈ। ਇਸ ਤੋਂ ਬਾਅਦ 250 ਤੋਂ ਵਧ ਲੋਕ ਮੁਫਤ ਦਾ ਖਾਣ ਪੀਣ ਦਾ ਸਮਾਨ ਲੁੱਟਣ ਲਈ ਆਪਸ ਵਿਚ ਭਿੜ ਗਏ। ਸਥਿੱਤੀ ਨੂੰ ਨਿਯੰਤਰਣ ਵਿਚ ਕਰਨ ਲਈ ਪ੍ਰਸ਼ਾਸਨ ਨੂੰ ਸਰਗਰਮ ਹੋਣਾ ਪਿਆ। ਟੈਰਵਿਸ ਕਾਊਂਟੀ ਦੇ ਕੰਸਟੇਬਲ ਜਾਰਜ ਮੋਰਾਲਸ ਨੇ ਪਾਈ ਇਕ ਵੱਖਰੀ ਪੋਸਟ ਵਿਚ ਲਿਖਿਆ ਕਿ ਇਹ ਫਰੀ ਫੂਡ ਨਹੀਂ ਹੈ ਬਲਕਿ ਸਟੋਰ ਵੱਲੋਂ ਸੁੱਟਿਆ ਖਰਾਬ ਹੋਇਆ ਸਮਾਨ ਹੈ। ਇਸ ਨੂੰ ਖਾਣਾ ਖਤਰਨਾਕ ਹੈ; ਸਟੋਰ ਨੇ ਵੀ ਚਿਤਾਵਨੀ ਦਿੱਤੀ ਹੈ ਕਿ ਉਸ ਵੱਲੋਂ ਸੁੱਟੀ ਖਾਣ ਵਾਲੀ ਕੋਈ ਵੀ ਚੀਜ਼ ਖਾਧੀ ਨਾ ਜਾਵੇ। ਇਥੇ ਜਿਕਰਯੋਗ ਹੈ ਕਿ ਪਿਛਲੇ ਹਫਤੇ ਆਏ ਬਰਫੀਲੇ ਤੂਫਾਨ ਕਾਰਨ 4 ਲੱਖ ਘਰਾਂ ਤੇ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਠੱਪ ਹੋ ਗਈ ਸੀ।

# ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਬੜੀ ਸ਼ਰਧਾ ਨਾਲ ਮਨਾਇਆ ਗਿਆ









**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ, (ਕੈਲੀਫੋਰਨੀਆਂ)–** ਕ੍ਰਾਂਤੀਕਾਰੀ ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਫਰਿਜ਼ਨੋ ਦੇ ਗੁਰਦਵਾਰਾ ਸਿੰਘ ਸਭਾ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਜਿੱਥੇ ਐਤਵਾਰ ਦੇ ਦੀਵਾਨ ਵਿੱਚ ਗੁਰੂ ਰਵਿਦਾਸ ਜੀ ਦੇ ਜੀਵਨ ਨੂੰ ਯਾਦ ਕਰਦਿਆਂ ਰੂਹਾਨੀ ਗੁਰਮਤਿ ਵਿਚਾਰਾਂ ਹੋਈਆਂ ਅਤੇ ਕੀਰਤਨ ਦੀਵਾਨ ਸਜੇ, ਉੱਥੇ ਇਨ੍ਹਾਂ ਦੀਵਾਨਾਂ ਵਿੱਚ ਗੁਰੂ ਘਰ ਦੇ ਕੀਰਤਨੀਏ ਡਾਕਟਰ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ।

ਇਸ ਸਮਾਗਮ ਵਿੱਚ ਕਥਾਵਾਚਕ ਭਾਈ ਮਲਕੀਤ ਸਿੰਘ ਕਰਨਾਲ ਨੇ ਗੁਰੂ ਸ਼ਬਦ ਦੀ ਕਥਾ ਰਾਹੀਂ ਸਾਂਝ ਪਾਈ। ਇਸ ਸਮਾਗਮ ਦੌਰਾਨ ਵਿਸ਼ੇਸ਼ ਤੌਰ ਤੇ ਉੱਘੇ ਸਮਾਜਸੇਵੀ ਸੁਖਬੀਰ ਸਿੰਘ ਭੰਡਾਲ ਨੇ ਸਟੇਜ ਤੋ ਸੰਬੋਧਨ ਕਰਦਿਆਂ ਕਿਹਾ ਕਿ ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਨ ਲਈ ਦੁਨੀਆਂ ਵਿੱਚ ਸਮੇਂ-ਸਮੇਂ 'ਤੇ ਮਨੁੱਖਤਾ ਦੇ ਰਹਿਬਰਾਂ ਨੇ ਜਨਮ ਲਿਆ ਹੈ। ਇਨ੍ਹਾਂ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦਾ ਨਾਮ ਵੀ ਸ਼ਾਮਿਲ ਹੈ, ਜਿਨ੍ਹਾਂ ਨੇ ਉਸ ਵੇਲੇ ਫੈਲੀ ਉਚ-ਨੀਚ, ਜਾਤ-ਪਾਤ, ਕਰਮਕਾਂਡ, ਪਖੰਡਵਾਦ, ਧਾਰਮਿਕ ਕੱਟੜਤਾ ਆਦਿ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਗੁਰੂ ਰਵਿਦਾਸ ਜੀ ਨੇ ਜਾਤ-ਪਾਤ ਦਾ ਖੰਡਨ ਕਰਕੇ ਉੱਚ ਵਰਗ ਦੇ ਜਾਤੀ ਅਭਿਮਾਨ ਅਤੇ ਹੰਕਾਰ ਨੂੰ ਸੱਟ ਮਾਰੀ। ਆਪ ਸਮਾਜ ਵਿੱਚੋਂ ਸੋਸ਼ਣ, ਛੂਤ-ਛਾਤ, ਪਖੰਡਵਾਦ ਦਾ ਖਾਤਮਾਂ ਕਰਕੇ ਬਰਾਬਰਤਾ ਵਾਲਾ ਸਮਾਜ ਕਾਇਮ ਕਰਨਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਜੀ ਦਾ ਜਨਮ ਉਤਸਵ ਮਨਾਉਂਣ ਦਾ ਅਸਲੀ ਮੰਤਵ ਪੂਰਾ ਕਰਨ ਲਈ ਉਨ੍ਹਾਂ ਵੱਲੋਂ ਦਿੱਤੀਆਂ ਸਿੱਖਿਆਵਾਂ ਨੂੰ ਅਪਣਾ ਕੇ ਸਮਾਜ ਚੋਂ ਪਖੰਡਵਾਦ ਨੂੰ ਦੂਰ ਕਰਕੇ ਦੁਨੀਆਂ ਵਿੱਚ ਬਰਾਬਰਤਾ ਵਾਲਾ ਸਮਾਜ ਉਸਾਰਨਾ ਹੈ ਤਾਂ ਜੋ ਉਨ੍ਹਾਂ ਵੱਲੋਂ ਦਰਸਾਇਆ ਬੇਗਮਪੁਰਾ ਦਾ ਸੁਪਨਾ ਪੂਰਾ ਹੋ ਸਕੇ। ਸਟੇਜ ਸੰਚਾਲਨ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਮਾਨ ਨੇ ਨਿਭਾਈ। ਗੁਰੂ ਦੀ ਮਹਿਮਾ ਦੇ ਨਾਲ-ਨਾਲ ਐਤਵਾਰ ਦੇ ਇਸ ਵਿਸ਼ੇਸ਼ ਦੀਵਾਨ ਵਿੱਚ ਪ੍ਰਮੋਧ ਲੋਈ ਅਤੇ ਪਰਿਵਾਰ ਵੱਲੋਂ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਲੰਗਰ ਬਣਾਉਂਣ ਦੀ ਸੇਵਾ ਭਾਈ ਇਕਬਾਲ ਸਿੰਘ ਅਤੇ ਸਾਥੀਆਂ ਵੱਲੋਂ ਬੜੀ ਸ਼ਰਧਾ ਭਾਵਨਾਂ ਨਾਲ ਨਿਭਾਈ ਗਈ।

ਇਸ ਮੌਕੇ ਪੰਜਾਬੀ ਕਲਚਰਲ ਐਸੋਸੀਏਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ ਪੀਸੀਏ ਵੱਲੋ ਗੁਰੂਘਰ ਵਿਖੇ ਜੋੜੇ ਘਰ ਲਈ ਰੈਕ (ਹੋਏ ਅਚਕ) ਬਣਵਾਕੇ ਦਿੱਤੇ ਗਏ ਹਨ ਅਤੇ ਸੰਸਥਾ ਨੇ ਗੁਰ ਮਿਲਾਪ ਸੰਸਥਾ ਨੂੰ ਰਾਜਸਥਾਨ ਦੇ ਅਲਵਰ ਵਿੱਚ ਲੋੜਵੰਦ ਬੱਚਿਆਂ ਦੀ ਮਦਦ ਕਰਦਿਆਂ, ਸਿੱਖੀ ਸਿੱਖਿਆ ਗੁਰ ਵਿਚਾਰ ਅਕੈਡਮੀ ਦੇ 30 ਵਿਦਿਆਰਥੀਆਂ ਨੂੰ ਗੋਦ ਲੈ ਕੇ ਉਨ੍ਹਾਂ ਦੀ ਪੜ੍ਹਾਈ ਦਾ ਖ਼ਰਚਾ ਵੀ ਚੁੱਕਿਆ ਹੈ।

# ਲੰਡਨ: ਇਸ ਪੰਜਾਬੀ ਨੇ ਯੂਕੇ ਵਿੱਚ ਬਣਾਇਆ 600 ਕਰੋੜ ਰੁਪਏ ਦਾ ਰੀਅਲ ਅਸਟੇਟ ਸਾਮਰਾਜ





**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਯੂਕੇ ਦੀ ਧਰਤੀ 'ਤੇ ਇੱਕ ਪੰਜਾਬੀ ਨੌਜਵਾਨ ਤੇਜਿੰਦਰ ਸਿੰਘ ਸੇਖੋਂ ਨੇ ਆਪਣੀ ਮਿਹਨਤ ਦੇ ਦਮ 'ਤੇ ਕਰੋੜਾਂ ਰੁਪਏ ਦਾ ਰੀਅਲ ਅਸਟੇਟ ਕਾਰੋਬਾਰ ਸਥਾਪਿਤ ਕੀਤਾ ਹੈ। 2002 ਵਿੱਚ, ਤੇਜਿੰਦਰ ਸਿੰਘ ਸੇਖੋਂ 22 ਸਾਲ ਦੀ ਉਮਰ ਵਿੱਚ ਲੰਡਨ ਆਇਆ ਸੀ। ਤੇਜਿੰਦਰ ਪੰਜਾਬ ਦੇ ਇੱਕ ਪਿੰਡ ਦਾ ਰਹਿਣ ਵਾਲਾ ਸੀ, ਜਿੱਥੇ ਉਸਨੇ ਇੱਕ ਪੰਜਾਬੀ ਮੀਡੀਅਮ ਸਰਕਾਰੀ ਸਕੂਲ ਵਿੱਚ ਪੜ੍ਹਾਈ ਕੀਤੀ ਸੀ ਅਤੇ ਬਾਅਦ ਵਿੱਚ ਲੁਧਿਆਣਾ ਦੇ ਇੱਕ ਕਾਲਜ ਤੋਂ ਇਤਿਹਾਸ ਅਤੇ ਰਾਜਨੀਤੀ ਵਿਗਿਆਨ ਵਿੱਚ ਗ੍ਰੈਜੂਏਸ਼ਨ ਕੀਤੀ ਸੀ। ਯੂਕੇ ਵਿੱਚ ਇੱਕ ਮਜ਼ਦੂਰ ਦੇ ਤੌਰ 'ਤੇ ਨੀਹਾਂ ਦੀ ਖੁਦਾਈ ਕਰਦੇ ਹੋਏ, ਇੱਕ ਸਪੈਨਿਸ਼ ਰੈਸਟੋਰੈਂਟ ਵਿੱਚ ਬਰਤਨ ਧੋਣ ਅਤੇ ਫਿਰ ਇੱਕ ਵੈਨ ਡਰਾਈਵਰ ਬਣ ਕੇ ਤੇਜਿੰਦਰ ਨੇ ਰੀਅਲ ਅਸਟੇਟ' ਤੇ ਆਪਣਾ ਧਿਆਨ ਕੇਂਦਰਿਤ ਕਰਨ ਅਤੇ ਇੱਕ ਬਿਲਡਰ ਅਤੇ ਡਿਵੈਲਪਰ ਬਣਨ ਤੋਂ ਪਹਿਲਾਂ, ਆਪਣਾ ਸ਼ਰਾਬ ਦੀ ਡਲਿਵਰੀ ਦਾ ਕਾਰੋਬਾਰ ਸ਼ੁਰੂ ਕੀਤਾ। ਅੱਜ, ਉਹ 60 ਮਿਲੀਅਨ ਪੌਂਡ (600 ਕਰੋੜ ਰੁਪਏ) ਦੀ ਕੁੱਲ ਜਾਇਦਾਦ ਦਾ ਮਾਲਕ ਹੈ, ਜੋ ਲਗਭਗ 3 ਮਿਲੀਅਨ ਪੌਂਡ (31 ਕਰੋੜ ਰੁਪਏ) ਦੀ ਸਾਲਾਨਾ ਆਮਦਨ ਪੈਦਾ ਕਰਦਾ ਹੈ। ਉਸਦੀ ਕੰਪਨੀ, ਰੈਂਡਸਕਾਈ ਹੋਮਸ ਗਰੁੱਪ ਜ਼ਮੀਨ ਖਰੀਦਦੀ ਹੈ, ਰਿਹਾਇਸ਼ੀ ਫਲੈਟ ਬਣਾਉਂਦੀ ਹੈ, ਅਤੇ ਇਸਨੂੰ ਕਿਰਾਏ 'ਤੇ ਦਿੰਦੀ ਹੈ। ਔਸਤਨ, ਉਹ ਲੰਡਨ ਅਤੇ ਇਸ ਦੇ ਆਲੇ-ਦੁਆਲੇ ਹਰ ਸਾਲ 30-50 ਫਲੈਟ ਬਣਾਉਂਦੇ ਹਨ।

ਤੇਜਿੰਦਰ, ਆਪਣੀਆਂ ਦੋ ਵੱਡੀਆਂ ਭੈਣਾਂ ਦੇ ਨਾਲ, ਉਸਦੀ ਮਾਂ ਸੁਰਿੰਦਰਪਾਲ ਕੌਰ ਸੇਖੋਂ ਦੁਆਰਾ, ਬਹੁਤ ਸਾਰੇ ਸੰਘਰਸ਼ਾਂ ਅਤੇ ਮੁਸ਼ਕਲਾਂ ਦੇ ਵਿਚਕਾਰ ਪਾਲਿਆ ਗਿਆ ਸੀ, 1984 ਵਿੱਚ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਜਦੋਂ ਉਹ ਸਿਰਫ ਚਾਰ ਸਾਲ ਦਾ ਸੀ। ਤੇਜਿੰਦਰ ਦਾ ਕਹਿਣਾ ਹੈ ਕਿ ਮੈਂ ਸ਼ਰਾਬ ਕਾਰਨ ਆਪਣੇ ਪਿਤਾ ਨੂੰ ਗੁਆ ਦਿੱਤਾ, ਪਰ ਮੈਂ ਸ਼ਰਾਬ ਦੇ ਕਾਰੋਬਾਰ ਦੁਆਰਾ ਲੰਡਨ ਵਿੱਚ ਸਫਲ ਹੋ ਗਿਆ। ਉਸਨੇ 2014 ਵਿੱਚ ਆਪਣਾ ਸ਼ਰਾਬ ਦਾ ਕਾਰੋਬਾਰ ਵੇਚ ਦਿੱਤਾ ਅਤੇ ਮਈ 2015 ਵਿੱਚ ਰੈਂਡਸਕਾਈ ਹੋਮਸ ਗਰੁੱਪ ਸ਼ੁਰੂ ਕੀਤਾ। ਤੇਜਿੰਦਰ ਦਾ ਜਨਮ ਪੰਜਾਬ ਦੇ ਇੱਕ ਪਿੰਡ ਬੜੂੰਦੀ ਵਿੱਚ ਹੋਇਆ ਸੀ ਜੋ ਲੁਧਿਆਣਾ ਤੋਂ ਲਗਭਗ 25 ਕਿਲੋਮੀਟਰ ਦੂਰ ਹੈ। ਉਸਦਾ ਖੇਤੀਬਾੜੀ ਪਰਿਵਾਰ ਉਨ੍ਹਾਂ ਦੇ ਦੋ ਏਕੜ ਖੇਤ ਦੀ ਆਮਦਨ 'ਤੇ ਨਿਰਭਰ ਕਰਦਾ ਸੀ। ਆਪਣੇ ਪਿਤਾ ਦੀ ਮੌਤ ਤੋਂ ਬਾਅਦ, ਉਸਦੀ ਮਾਂ ਨੇ ਆਪਣੇ ਤਿੰਨ ਛੋਟੇ ਬੱਚਿਆਂ ਦੀ ਦੇਖਭਾਲ ਕਰਨ ਤੋਂ ਇਲਾਵਾ ਖੇਤ ਦੀ ਦੇਖਭਾਲ ਕਰਨੀ ਸ਼ੁਰੂ ਕਰ ਦਿੱਤੀ। ਤੇਜਿੰਦਰ ਨੇ ਅੱਠ ਸਾਲ ਦੀ ਉਮਰ ਤੋਂ ਆਪਣੀਆਂ ਭੈਣਾਂ ਦੇ ਨਾਲ ਖੇਤ ਵਿੱਚ ਆਪਣੀ ਮਾਂ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ। ਉਸਨੇ ਪਸ਼ੂਆਂ ਦੀ ਦੇਖਭਾਲ ਵੀ ਕੀਤੀ ਅਤੇ ਪਸ਼ੂਆਂ ਦਾ ਵਪਾਰ ਵੀ ਸ਼ੁਰੂ ਕਰ ਦਿੱਤਾ। ਤੇਜਿੰਦਰ ਨੇ 1997 ਵਿੱਚ ਪਿੰਡ ਦੇ ਸਰਕਾਰੀ ਸਕੂਲ ਤੋਂ 12 ਵੀਂ ਜਮਾਤ ਪੂਰੀ ਕੀਤੀ ਅਤੇ ਇਤਿਹਾਸ ਅਤੇ ਰਾਜਨੀਤੀ ਵਿਗਿਆਨ ਵਿੱਚ ਬੀ।ਏ। ਕਰਨ ਲਈ ਜੀ ਐਚ ਜੀ ਖਾਲਸਾ ਕਾਲਜ, ਗੁਰੂਸਰ ਸਧਾਰ, ਲੁਧਿਆਣਾ ਗਿਆ। ਤੇਜਿੰਦਰ 2001 ਵਿੱਚ ਨੌਕਰੀ ਦੀ ਭਾਲ ਵਿੱਚ ਹਾਂਗਕਾਂਗ ਲਈ ਰਵਾਨਾ ਹੋਇਆ ਸੀ, ਪਰ ਕੁਝ ਮਹੀਨਿਆਂ ਵਿੱਚ ਵਾਪਸ ਆ ਗਿਆ ਕਿਉਂਕਿ ਉਸਨੂੰ ਉੱਥੇ ਕੋਈ ਰੁਜ਼ਗਾਰ ਨਹੀਂ ਮਿਲਿਆ। ਉਸਦੀਆਂ ਦੋ ਭੈਣਾਂ ਨੇ ਕ੍ਰਮਵਾਰ 2000 ਅਤੇ 2001 ਵਿੱਚ ਵਿਆਹ ਕਰਵਾ ਲਿਆ ਅਤੇ ਪਰਿਵਾਰ ਨੇ ਆਪਣੀ ਸਾਰੀ ਬੱਚਤ ਖਰਚ ਕੀਤੀ ਅਤੇ ਦੂਜੇ ਵਿਆਹ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਆਪਣੀ ਦੋ ਏਕੜ ਜਮੀਨ ਵੀ ਵੇਚ ਦਿੱਤੀ। 2002 ਵਿੱਚ, ਤੇਜਿੰਦਰ ਲੰਡਨ ਲਈ ਰਵਾਨਾ ਹੋਏ। ਉਹ ਲੰਡਨ ਦੇ ਸਾਊਥਾਲ ਵਿੱਚ ਉਤਰਿਆ, ਜਿੱਥੇ ਉਹ ਸ਼ੁਰੂ ਵਿੱਚ 40 ਪੌਂਡ (ਰੁਪਏ 4000) ਰੋਜ਼ਾਨਾ ਇਮਾਰਤ ਦੀ ਨੀਹਾਂ ਦੀ ਖੁਦਾਈ ਕਰਕੇ ਕਮਾਉਂਦਾ ਸੀ ਅਤੇ ਇੱਕ ਸਾਂਝੀ ਰਿਹਾਇਸ਼ ਵਿੱਚ 60 ਪੌਂਡ (6000 ਰੁਪਏ) ਦੇ ਹਫਤਾਵਾਰੀ ਕਿਰਾਏ ਦਾ ਭੁਗਤਾਨ ਕਰਦੇ ਹੋਏ ਰਹਿੰਦਾ ਸੀ। ਉਸਨੇ ਇੱਕ ਸਪੈਨਿਸ਼ ਰੈਸਟੋਰੈਂਟ ਵਿੱਚ ਇੱਕ ਡਿਸ਼ਵਾਸ਼ਰ ਵਜੋਂ ਹਫ਼ਤੇ ਵਿੱਚ ਤਿੰਨ ਦਿਨ ਕੰਮ ਕੀਤਾ, ਜਿੱਥੇ ਉਸਨੇ ਇੱਕ ਹਫ਼ਤੇ ਵਿੱਚ ਲਗਭਗ 40 ਪੌਂਡ (4000 ਰੁਪਏ) ਕਮਾਏ। ਉਹ ਕਦੇ-ਕਦਾਈਂ ਪੈਸੇ ਬਚਾਉਣ ਲਈ ਗੁਰਦੁਆਰੇ ਵਿੱਚ ਖਾਣਾ ਖਾਂਦਾ ਅਤੇ ਹਫ਼ਤੇ ਵਿੱਚ ਤਿੰਨ ਦਿਨ ਇੱਕ ਸ਼ਾਮ ਦੇ ਅੰਗਰੇਜ਼ੀ ਕੋਚਿੰਗ ਪ੍ਰੋਗਰਾਮ ਵਿੱਚ ਵੀ ਦਾਖਲ ਹੁੰਦੇ ਸਨ। 2003 ਵਿੱਚ, ਤੇਜਿੰਦਰ ਇੱਕ ਸ਼ਰਾਬ ਡਲਿਵਰ ਕਰਨ ਵਾਲੀ ਕੰਪਨੀ ਵਿੱਚ ਇੱਕ ਵੈਨ ਡਰਾਈਵਰ ਵਜੋਂ ਸ਼ਾਮਲ ਹੋਇਆ, ਜਿੱਥੇ ਉਸਨੇ ਲਗਭਗ ਇੱਕ ਸਾਲ ਕੰਮ ਕੀਤਾ। 2004 ਵਿੱਚ, ਉਸਨੇ ਇੱਕ ਡਿਲੀਵਰੀ ਵੈਨ ਖਰੀਦਣ ਲਈ ਇੱਕ ਬੈਂਕ ਤੋਂ 3,000 ਪੌਂਡ (3 ਲੱਖ ਰੁਪਏ) ਉਧਾਰ ਲਏ ਅਤੇ ਆਪਣਾ ਸ਼ਰਾਬ ਡਲਿਵਰੀ ਦਾ ਕਾਰੋਬਾਰ ਸ਼ੁਰੂ ਕੀਤਾ। ਉਸਨੇ 50-100 ਲੀਟਰ ਬੈਰਲ ਵਿੱਚ ਆਉਣ ਵਾਲੀ ਬੀਅਰ ਦੀ ਸਪਲਾਈ ਕੀਤੀ ਅਤੇ ਬਾਅਦ ਵਿੱਚ ਵਿਸਕੀ, ਵਾਈਨ ਅਤੇ ਸਾਫਟ ਡਰਿੰਕਸ ਵੰਡੇ। ਉਸ ਸਮੇਂ ਉਹ ਪੰਜ ਹੋਰ ਭਾਰਤੀਆਂ ਨਾਲ ਕਿਰਾਏ ਦੀ ਰਿਹਾਇਸ਼ ਵਿੱਚ ਰਹਿੰਦਾ ਸੀ। 2005 ਵਿੱਚ, ਤੇਜਿੰਦਰ ਨੇ ਕਰਜ਼ਾ ਲੈ ਕੇ ਹੰਸਲੋ ਵਿੱਚ ਆਪਣਾ ਘਰ ਖਰੀਦਿਆ, ਅਤੇ ਆਪਣੇ ਸਾਬਕਾ ਰੂਮਮੇਟ ਨੂੰ ਉਸਦੇ ਨਾਲ ਜਾਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਤੋਂ ਇਕੱਠੇ ਕੀਤੇ ਕਿਰਾਏ ਨਾਲ ਉਸਨੇ ਬੈਂਕ ਕਰਜ਼ਾ ਵਾਪਸ ਕਰ ਦਿੱਤਾ। ਉਸਨੇ ਰੀਅਲ ਅਸਟੇਟ ਵਿੱਚ ਨਿਯਮਿਤ ਤੌਰ 'ਤੇ ਨਿਵੇਸ਼ ਕਰਨਾ ਸ਼ੁਰੂ ਕੀਤਾ ਅਤੇ 2014 ਵਿੱਚ, ਸ਼ਰਾਬ ਦੇ ਕਾਰੋਬਾਰ ਤੋਂ ਬਾਹਰ ਨਿਕਲਣ ਦਾ ਫੈਸਲਾ ਕੀਤਾ। ਤੇਜਿੰਦਰ ਅਨੁਸਾਰ "ਮੈਂ ਇਸਨੂੰ 1।2 ਲੱਖ ਪੌਂਡ (1।21 ਕਰੋੜ ਰੁਪਏ) ਵਿੱਚ ਵੇਚਿਆ ਅਤੇ 2015 ਵਿੱਚ ਰੈਂਡਸਕਾਈ ਗਰੁੱਪ ਲਾਂਚ ਕੀਤਾ,"। ਉਸਦੀ ਕੰਪਨੀ ਨੇ ਲੰਡਨ ਅਤੇ ਇਸ ਦੇ ਆਲੇ-ਦੁਆਲੇ ਬਹੁਤ ਸਾਰੇ ਵੱਕਾਰੀ ਪ੍ਰੋਜੈਕਟ ਵਿਕਸਿਤ ਕੀਤੇ ਹਨ ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਬੜੂੰਦੀ ਕੋਰਟ, ਸੇਖੋਂ ਹਾਊਸ, ਬੀਐਮਡਬਲਯੂ ਹਾਊਸ, ਰੈਂਡਸਕਾਈ ਸਕੋਪੇਲੋ, ਰੈਂਡਸਕਾਈ ਹਾਈ, ਰੈਂਡਸਕਾਈ ਰਾਈਜ਼, ਅਤੇ ਕੋਟਲਰ ਸ਼ਾਮਲ ਹਨ। ਉਨ੍ਹਾਂ ਦਾ ਸਭ ਤੋਂ ਨਵਾਂ ਅਤੇ ਸਭ ਤੋਂ ਮਹਿੰਗਾ ਪ੍ਰੋਜੈਕਟ 'ਬੜੂੰਦੀ ਕੋਰਟ' ਹੈ, ਜਿਸਦਾ ਆਕਾਰ 45,000 ਵਰਗ ਫੁੱਟ ਹੈ ਅਤੇ ਇਸਦੀ ਕੀਮਤ 20 ਮਿਲੀਅਨ ਪੌਂਡ (202 ਕਰੋੜ ਰੁਪਏ) ਹੈ। ਇਹ ਈਲਿੰਗ ਬ੍ਰੌਡਵੇ ਸਟੇਸ਼ਨ ਦੇ ਨੇੜੇ ਸਥਿਤ ਹੈ। ਤੇਜਿੰਦਰ ਦਾ ਦਫ਼ਤਰ ਵੀ ਬੜੂੰਦੀ ਕੋਰਟ ਵਿੱਚ ਹੈ, ਜਿਸਦਾ ਨਾਮ ਪੰਜਾਬ ਵਿੱਚ ਉਨ੍ਹਾਂ ਦੇ ਪਿੰਡ ਬੜੂੰਦੀ ਦੇ ਨਾਮ ਉੱਤੇ ਰੱਖਿਆ ਗਿਆ ਹੈ। ਕੰਪਨੀ ਦੇ ਰੋਲ 'ਤੇ ਅੱਠ ਲੋਕ ਹਨ। ਉਹ ਅਤੇ ਉਸਦੀ ਪਤਨੀ ਸੁਖਵੀਰ ਕੌਰ ਸੇਖੋਂ ਨਾਲ ਉਸਨੇ 2007 ਵਿੱਚ ਵਿਆਹ ਕੀਤਾ ਸੀ। ਹਰੇਕ ਕੋਲ ਕੰਪਨੀ ਦੇ 50% ਸ਼ੇਅਰ ਹਨ। ਉਨ੍ਹਾਂ ਦੇ ਦੋ ਪੁੱਤਰ ਹਨ, ਸਹਿਜਬੀਰ ਸਿੰਘ ਸੇਖੋਂ (13) ਅਤੇ ਸਮਰਵੀਰ ਸਿੰਘ ਸੇਖੋਂ (11)।

ਤੇਜਿੰਦਰ ਕੰਜ਼ਰਵੇਟਿਵ ਪਾਰਟੀ ਡੋਨਰਜ਼ ਕਲੱਬ, ਯੂਕੇ, ਅਤੇ ਕੰਜ਼ਰਵੇਟਿਵ ਫ੍ਰੈਂਡਜ਼ ਆਫ ਇੰਡੀਆ (ਸੀਐਫਆਈ) ਵਿੱਚ ਸਰਗਰਮੀ ਨਾਲ ਸ਼ਾਮਲ ਹੈ। ਤੇਜਿੰਦਰ ਦਿਲੋਂ ਇੱਕ ਪਰਉਪਕਾਰੀ ਵੀ ਹੈ ਅਤੇ ਓੜੀਸ਼ਾ ਅਤੇ ਪੰਜਾਬ ਵਿੱਚ ਬਹੁਤ ਸਾਰੇ ਚੈਰੀਟੇਬਲ ਕੰਮ ਵੀ ਕਰ ਰਹੇ ਹਨ। ਉਹ ਗਰੀਬ ਲੋਕਾਂ ਲਈ ਮੈਡੀਕਲ ਕੈਂਪਾਂ ਅਤੇ ਮੋਤੀਆਬਿੰਦ ਦੀਆਂ ਸਰਜਰੀਆਂ ਦਾ ਆਯੋਜਨ ਕਰਦਾ ਹੈ ਅਤੇ ਪੰਜਾਬ ਵਿੱਚ ਵਿਦਿਆਰਥੀਆਂ ਨੂੰ ਵਿਦਿਅਕ ਸਹਾਇਤਾ ਵੀ ਪ੍ਰਦਾਨ ਕਰਦਾ ਹੈ। ਉਸਨੇ ਪੰਜਾਬ ਦੇ ਆਪਣੇ ਜੱਦੀ ਪਿੰਡ ਬੜੂੰਦੀ ਵਿੱਚ ਇੱਕ ਬੰਗਲਾ ਅਤੇ ਇੱਕ ਫਾਰਮ ਖਰੀਦਿਆ ਹੈ, ਅਤੇ ਪਰਿਵਾਰ ਹਰ ਸਾਲ ਇਸ ਸਥਾਨ ਦਾ ਦੌਰਾ ਕਰਦਾ ਹੈ। ਯੂਕੇ ਵਿੱਚ, ਤੇਜਿੰਦਰ ਵਰਤਮਾਨ ਵਿੱਚ ਆਪਣੇ ਪਰਿਵਾਰ ਨਾਲ ਕੇਂਦਰੀ ਲੰਡਨ ਤੋਂ ਲਗਭਗ 40 ਮੀਲ ਉੱਤਰ ਵਿੱਚ ਸਥਿਤ ਗੇਰਾਰਡਸ ਕਰਾਸ, ਬਕਿੰਘਮਸ਼ਾਇਰ ਵਿੱਚ ਇੱਕ ਸ਼ਾਨਦਾਰ 5000 ਵਰਗ ਫੁੱਟ ਘਰ ਵਿੱਚ ਰਹਿੰਦਾ ਹੈ।


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
rajasweetsandcatering
Follow us on Twitter
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਸਿੱਖਿਆਵਾਂ ਨੇ ਹਮੇਸ਼ਾਂ ਮਾਨਵਤਾ, ਸਮਾਜਿਕ ਸਦਭਾਵਨਾ ਅਤੇ ਭਾਈਚਾਰੇ ਦਾ ਦਿੱਤਾ ਸੰਦੇਸ਼ : ਬ੍ਰਹਮ ਸ਼ੰਕਰ ਜਿੰਪਾ






**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੱਜ ਸ਼ਹਿਰ ਵਿਚ ਬਹੁਤ ਹੀ ਉਤਸ਼ਾਹ ਤੇ ਸ਼ਰਧਾ ਭਾਵਨਾ ਨਾਲ ਨਗਰ ਕੀਰਤਨ ਕੱਢਿਆ ਗਿਆ। ਇਸ ਦੌਰਾਨ ਸੈਸ਼ਨ ਚੌਕ ਵਿਚ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਜਿਥੇ ਲੰਗਰ ਲਗਾ ਕੇ ਫੁੱਲਾਂ ਦੀ ਵਰਖਾ ਕਰਕੇ ਨਗਰ ਕੀਰਤਨ ਦਾ ਸਵਾਗਤ ਕੀਤਾ, ਉਥੇ ਨਗਰ ਕੀਰਤਨ ਵਿਚ ਸ਼ਾਮਿਲ ਹੋ ਕੇ ਗੁਰੂ ਚਰਨਾਂ ਵਿਚ ਹਾਜ਼ਰੀ ਵੀ ਲਗਾਈ। ਉਨ੍ਹਾਂ ਸੰਗਤਾਂ ਨੂੰ ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਗੁਰੂ ਜੀ ਨੇ ਹਮੇਸ਼ਾਂ ਮਾਨਵਤਾ, ਸਮਾਜਿਕ ਸਦਭਾਵਨਾ ਅਤੇ ਮਾਨਵਤਾਵਾਦੀ ਵਿਚਾਰਧਾਰਾ ਦਾ ਉਪਦੇਸ਼ ਦਿੰਦੇ ਹੋਏ ਭਾਈਚਾਰੇ ਦਾ ਸੰਦੇਸ਼ ਦਿੱਤਾ ਹੈ। ਇਸ ਦੌਰਾਨ ਉਨ੍ਹਾਂ ਨਾਲ ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ, ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਨੇ ਇਕ ਐਸੇ ਆਦਰਸ਼ ਸਮਾਜ ਦਾ ਸੰਕਲਪ ਪੇਸ਼ ਕੀਤਾ, ਜਿਥੇ ਕਿਸੇ ਨੂੰ ਕਿਸੇ ਕਿਸਮ ਦੇ ਦੁੱਖ ਵਿਚੋਂ ਨਹੀਂ ਲੰਘਣਾ ਪੈਂਦਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਜੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਅਤੇ ਫਲਸਫੇ ’ਤੇ ਆਧਾਰਿਤ ਸਮਾਜ ਦੀ ਉਸਾਰੀ ਲਈ ਪ੍ਰਤੀਬੱਧ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਆਦਰਸ਼ਾਂ ਨੂੰ ਅਪਨਾਉਣ ਦੀ ਜ਼ਰੂਰਤ ਹੈ, ਕਿਉਂਕਿ ਉਨ੍ਹਾਂ ਨੇ ਬਿਨ੍ਹਾਂ ਭੇਦਭਾਵ ਦੇ ਭਾਈਚਾਰੇ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮਹਾਨ ਗੁਰੂਆਂ, ਸੰਤਾਂ ਤੇ ਮਹਾਪੁਰਸ਼ਾਂ ਦੀਆਂ ਸਿੱਖਿਆ ਦੇ ਪ੍ਰਚਾਰ ਪ੍ਰਸਾਰ ਲਈ ਵਚਨਬੱਧ ਹੈ, ਜੋ ਕਿ ਸਮੂਚੀ ਮਾਨਵਤਾ ਲਈ ਮਾਰਗ ਦਰਸ਼ਕ ਹੈ।

# ਪਿੰਡ ਚਡਿਆਲਾ (ਡੇਰਾ ਬੱਸੀ) ਵਿਖੇ ਸਤਿਗੁਰ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਦਿਹਾੜਾ ਮਨਾਇਆ



**ਚੰਡੀਗੜ (ਪ੍ਰੀਤਮ ਲੁਧਿਆਣਵੀ), 6 ਫਰਵਰੀ, 2023 :** ਪਿੰਡ ਚਡਿਆਲਾ (ਡੇਰਾ ਬੱਸੀ) ਵਿੱਚ ਹਰ ਸਾਲ ਦੀ ਤਰਾਂ ਇਸ ਵਾਰ ਵੀ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਂਰਾਜ ਜੀ ਦਾ ਗੁਰਪੁਰਬ ਦਿ-ਹਾੜਾ ਬਹੁਤ ਚਾਵਾਂ, ਰੀਝਾਂ, ਸਧਰਾਂ ਤੇ ਖੁਸ਼ੀਆਂ ਨਾਲ ਮਨਾਇਆ ਗਿਆ। ਪ੍ਰੈਸ ਨਾਲ ਗੱਲ ਬਾਤ ਕਰਦਿਆਂ ਗਿ ਜਗਮੀਤ ਸਿੰਘ ਜੀ ਅਤੇ ਪੁਰਾਣੇ ਵੱਡਮੁੱਲੇ ਸੱਭਿਆਚਾਰਕ ਵਿਰਸੇ ਨੂੰ ਤਵਿਆਂ ਅਤੇ ਸੀਡੀਜ ਵਿਚ ਸੰਭਾਲੀ ਬੈਠੇ ਬਲਜੀਤ ਸਿੰਘ ਟੰਡਨ ਨੇ ਦੱਸਿਆ ਕਿ ਆਖੰਡ ਪਾਠ ਦੇ ਭੋਗ ਤੋਂ ਬਾਦ ਅਟੁੱਟ ਲੰਗਰ ਵਰਤਾਇਆ ਗਿਆ। ਉਨਾਂ ਇਹ ਵੀ ਦੱਸਿਆ ਕਿ ਪਿੰਡ ਵਿਚ ਸਭ ਧਰਮਾਂ ਦੇ ਧਾਰਮਿਕ ਦਿਹਾੜੇ ਸਮੂੰਹ ਪਿੰਡ ਵਾਸੀ ਬਿਨਾਂ ਕਿਸੇ ਭਿੰਨ-ਭੇਦ ਤੋਂ ਰਲ ਮਿਲਕੇ ਖੁਸ਼ੀਆਂ ਨਾਲ ਮਨਾਉਂਦੇ ਹਨ, ਜਿਸ ਸਦਕਾ ਪਿੰਡ ਵਿਚ ਸਲਾਹੁਣ ਯੋਗ ਸੱਭਿਆਚਾਰਕ ਸਾਂਝਾਂ ਬਣੀਆਂ ਚਲੀਆਂ ਆ ਰਹੀਆਂ ਹਨ।

## ਈਡੀ ਨੇ ਪੰਜਾਬ ਦੇ ਕਾਰੋਬਾਰੀ ਗੌਤਮ ਮਲਹੋਤਰਾ ਨੂੰ ਗ੍ਰਿਫ਼ਤਾਰ ਕੀਤਾ

**ਨਵੀਂ ਦਿੱਲੀ–** ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਦਿੱਲੀ ਦੀ ਆਬਕਾਰੀ ਨੀਤੀ ਵਿੱਚ ਕਥਿਤ ਬੇਨਿਯਮੀਆਂ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਪੰਜਾਬ ਦੇ ਕਾਰੋਬਾਰੀ ਗੌਤਮ ਮਲਹੋਤਰਾ ਨੂੰ ਗ੍ਰਿਫਤਾਰ ਕਰ ਲਿਆ ਹੈ। ਪੰਜਾਬ ਦੇ ਓਏਸਿਸ ਗਰੁੱਪ ਨਾਲ ਜੁੜੇ ਮਲਹੋਤਰਾ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐਮਐਲਏ) ਦੀਆਂ ਅਪਰਾਧਿਕ ਧਾਰਾਵਾਂ ਤਹਿਤ ਹਿਰਾਸਤ ਵਿੱਚ ਲਿਆ ਗਿਆ ਹੈ। ਉਸ ਨੂੰ ਦਿੱਲੀ ਦੀ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ ਜਿੱਥੇ ਈਡੀ ਉਸ ਦੀ ਹਿਰਾਸਤ ਦੀ ਮੰਗ ਕਰੇਗੀ। ਅਧਿਕਾਰੀਆਂ ਨੇ ਦੱਸਿਆ ਕਿ ਮਲਹੋਤਰਾ ਪੰਜਾਬ ਅਤੇ ਕੁਝ ਹੋਰ ਖੇਤਰਾਂ ਵਿੱਚ ਸ਼ਰਾਬ ਦੇ ਕਾਰੋਬਾਰ ਨਾਲ ਜੁੜਿਆ ਹੋਇਆ ਹੈ।

NSB Insurance
NIRMAL SINGH BADHAN
for Insurance Call:
NIRMAL SINGH BADHAN
707-228-2020
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
Call: 707-228-2020,
Fax: 707-260-2813
Lic #0144676
www.nsbinsures.com
1519 Gary CT., Rohnert Park, CA 94928



RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



# ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਬਨਾਰਸ ਜਾਣ ਵਾਲੇ ਸ਼ਰਧਾਲੂਆਂ ਲਈ ਰੇਲ ਗੱਡੀ ਨੂੰ ਹਰੀ ਝੰਡੀ ਦਿਖਾਈ








**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਉਤੇ ਚਲਦੇ ਹੋਏ ਸਮਾਜ ਦੇ ਕਮਜ਼ੋਰ ਤੇ ਪੱਛੜੇ ਵਰਗਾਂ ਦੀਆਂ ਮੁਸ਼ਕਲਾਂ ਦੂਰ ਕਰਨ ਲਈ ਸਮਰਪਿਤ ਭਾਵਨਾ ਨਾਲ ਕੰਮ ਕਰਨ ਦਾ ਅਹਿਦ ਲਿਆ। ਅੱਜ ਸ਼ਹਿਰ ਦੇ ਰੇਲਵੇ ਸਟੇਸ਼ਨ ਤੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਬਨਾਰਸ ਜਾ ਰਹੇ ਸ਼ਰਧਾਲੂਆਂ ਦੀ ਰੇਲ ਗੱਡੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨ ਤੋਂ ਪਹਿਲਾਂ ਮੁੱਖ ਮੰਤਰੀ ਨੇ ਡੇਰਾ ਬੱਲਾਂ ਦੇ ਮੁਖੀ ਸੰਤ ਬਾਬਾ ਨਿਰੰਜਨ ਦਾਸ ਜੀ ਤੋਂ ਆਸ਼ੀਰਵਾਦ ਲਿਆ ਅਤੇ ਇਸ ਉਪਰੰਤ ਉਨ੍ਹਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਗਰੀਬ ਤੋਂ ਗਰੀਬ ਦੀ ਭਲਾਈ ਨੂੰ ਯਕੀਨੀ ਬਣਾਵੇ। ਭਗਵੰਤ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਆਸ਼ੀਰਵਾਦ ਨਾਲ ਉਨ੍ਹਾਂ ਦੀ ਸਰਕਾਰ ਵੱਡੇ ਬਹੁਮਤ ਨਾਲ ਸੱਤਾ ਵਿਚ ਆਈ ਹੈ। ਉਨ੍ਹਾਂ ਕਿਹਾ ਕਿ ਸਮਾਜ ਦੇ ਕਮਜ਼ੋਰ ਵਰਗ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸਮਾਨਤਾਵਾਦੀ ਕਦਰਾਂ-ਕੀਮਤਾਂ ਉਤੇ ਅਧਾਰਿਤ ਸਮਾਜ ਦੀ ਸਿਰਜਣਾ ਲਈ ਸ੍ਰੀ ਗੁਰੂ ਰਵਿਦਾਸ ਜੀ ਨੇ ਸਮੁੱਚੀ ਮਾਨਵਤਾ ਦੀ ਭਲਾਈ ਅਤੇ ਸਮਾਜ ਦੇ ਸਾਰੇ ਵਰਗਾਂ ਦੀ ਬਰਾਬਰੀ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਅਜਿਹੇ ਆਦਰਸ਼ ਸਮਾਜ ਦਾ ਸੰਕਲਪ ਦਿੱਤਾ ਜਿੱਥੇ ਕਿਸੇ ਨੂੰ ਵੀ ਕਿਸੇ ਕਿਸਮ ਦਾ ਦੁੱਖ ਨਹੀਂ ਝੱਲਣਾ ਪੈਂਦਾ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਅਤੇ ਫਲਸਫੇ 'ਤੇ ਆਧਾਰਿਤ ਸਮਾਜ ਦੀ ਸਿਰਜਣਾ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਜੀਵਨ ਅਤੇ ਮਹਾਨ ਸਿੱਖਿਆਵਾਂ ਮਨੁੱਖਤਾ ਨੂੰ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਪ੍ਰਤੀ ਸੇਧ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਨ ਅਧਿਆਤਮਕ ਦੂਤ ਅਤੇ ਸਮਾਜ ਦੇ ਗਰੀਬ ਤੇ ਬੇਸਹਾਰਾ ਵਰਗਾਂ ਦੇ ਮਸੀਹਾ ਸਨ, ਜਿਨ੍ਹਾਂ ਨੇ ਸਾਨੂੰ ਨੇਕ ਅਤੇ ਉੱਤਮ ਜੀਵਨ ਜਿਉਣ ਦਾ ਉਪਦੇਸ਼ ਦਿੱਤਾ। ਭਗਵੰਤ ਮਾਨ ਨੇ ਕਿਹਾ ਕਿ ਇਹ 'ਪ੍ਰਕਾਸ਼ ਉਤਸਵ' ਅਜਿਹੇ ਸਮਾਜ ਦੀ ਸਿਰਜਣਾ ਕਰਨ ਲਈ ਆਪਣੇ ਆਪ ਨੂੰ ਸਮਰਪਿਤ ਕਰਨ ਦਾ ਮੌਕਾ ਹੈ ਜਿੱਥੇ ਹਰ ਮਨੁੱਖ ਬਿਨਾਂ ਕਿਸੇ ਭੇਦਭਾਵ ਦੇ ਸਵੈ-ਮਾਣ ਅਤੇ ਗੌਰਵ ਨਾਲ ਜੀਵਨ ਬਤੀਤ ਕਰਦਾ ਹੈ। ਮੁੱਖ ਮੰਤਰੀ ਨੇ ਡੇਰਾ ਬੱਲਾਂ ਵੱਲੋਂ ਲੋਕਾਂ ਦੀ ਸਮਾਜਿਕ ਅਤੇ ਆਰਥਿਕ ਭਲਾਈ ਵਿੱਚ ਨਿਭਾਈ ਜਾ ਰਹੀ ਭੂਮਿਕਾ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਅਤੇ ਫਲਸਫੇ ਨਾਲ ਲੋਕਾਂ ਨੂੰ ਜੋੜਨ ਦੇ ਨਾਲ-ਨਾਲ ਡੇਰੇ ਨੇ ਸਮਾਜ ਦੇ ਲੋੜਵੰਦ ਅਤੇ ਪੱਛੜੇ ਵਰਗਾਂ ਨੂੰ ਮਿਆਰੀ ਸਿੱਖਿਆ ਅਤੇ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਹਮੇਸ਼ਾ ਅਹਿਮ ਭੂਮਿਕਾ ਨਿਭਾਈ ਹੈ। ਭਗਵੰਤ ਮਾਨ ਨੇ ਡੇਰੇ ਵੱਲੋਂ ਲੋਕਾਂ ਦੀ ਭਲਾਈ ਲਈ ਕੀਤੀਆਂ ਜਾ ਰਹੀਆਂ ਨਿਸ਼ਕਾਮ ਸੇਵਾਵਾਂ ਦੀ ਵੀ ਸ਼ਲਾਘਾ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਆਪਣਾ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਹਦਾਇਤਾਂ ਜਾਰੀ ਕੀਤੀਆਂ ਸਨ ਕਿ ਸਾਰੇ ਸਰਕਾਰੀ ਦਫ਼ਤਰਾਂ ਵਿੱਚ ਸਿਰਫ਼ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਦਕਰ ਜੀ ਦੀਆਂ ਤਸਵੀਰਾਂ ਹੀ ਲਗਾਈਆਂ ਜਾਣ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਦੇਸ਼ ਨੂੰ ਵਿਦੇਸ਼ੀ ਹਕੂਮਤ ਤੋਂ ਆਜ਼ਾਦ ਕਰਵਾਉਣ ਵਾਲੇ ਮਹਾਨ ਆਜ਼ਾਦੀ ਘੁਲਾਟੀਏ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਅੰਬੇਡਕਰ ਦੇ ਸਨਮਾਨ ਵਜੋਂ ਚੁੱਕਿਆ ਗਿਆ ਹੈ, ਜਿਨ੍ਹਾਂ ਨੇ ਸਾਰਿਆਂ ਲਈ ਬਰਾਬਰ ਹੱਕਾਂ ਦੀ ਰਾਖੀ ਲਈ ਸੰਵਿਧਾਨ ਤਿਆਰ ਕੀਤਾ ਸੀ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਨ੍ਹਾਂ ਦੋਵਾਂ ਮਹਾਨ ਕੌਮੀ ਆਗੂਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਬਾਬਾ ਸਾਹਿਬ ਅੰਬੇਦਕਰ ਜੀ ਦੀ ਵਿਚਾਰਧਾਰਾ ਅਨੁਸਾਰ ਸੂਬਾ ਸਰਕਾਰ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਮਿਆਰੀ ਸਿੱਖਿਆ ਦੇ ਕੇ ਉਨ੍ਹਾਂ ਨੂੰ ਸਮਰੱਥ ਤੇ ਕਾਬਲ ਬਣਨ ਦੇ ਮੌਕੇ ਦੇ ਰਹੀ ਹੈ। ਉਨ੍ਹਾਂ ਕਿਹਾ ਕਿ 'ਸਕੂਲ ਆਫ ਐਮੀਨੈਂਸ' ਗਰੀਬ ਪਰ ਹੋਣਹਾਰ ਵਿਦਿਆਰਥੀਆਂ ਨੂੰ ਖੁਸ਼ਹਾਲ ਭਵਿੱਖ ਲਈ ਤਿਆਰ ਕਰਕੇ ਬਾਬਾ ਸਾਹਿਬ ਦੇ ਸੁਪਨਿਆਂ ਨੂੰ ਸਾਕਾਰ ਕਰਨਗੇ। ਭਗਵੰਤ ਮਾਨ ਨੇ ਸ਼ਰਧਾਲੂਆਂ ਨੂੰ ਸੂਬੇ ਅਤੇ ਪਵਿੱਤਰ ਨਗਰੀ ਬਨਾਰਸ ਦੀ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ ਕਰਨ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦੀ ਬਖਸ਼ਿਸ਼ ਸਦਕਾ ਸੂਬਾ ਸਰਕਾਰ ਵੱਲੋਂ ਛੇਤੀ ਹੀ 'ਰੰਗਲਾ ਪੰਜਾਬ' ਸਿਰਜਿਆ ਜਾਵੇਗਾ। ਇਸ ਮੌਕੇ ਵਿਧਾਇਕ ਬਲਕਾਰ ਸਿੰਘ, ਰਮਨ ਅਰੋੜਾ, ਸ਼ੀਤਲ ਅੰਗੁਰਾਲ ਅਤੇ ਇੰਦਰਜੀਤ ਕੌਰ ਮਾਨ, ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ, ਪੁਲਿਸ ਕਮਿਸ਼ਨਰ ਕੁਲਦੀਪ ਚਾਹਲ, ਮੁੱਖ ਮੰਤਰੀ ਦੇ ਵਧੀਕ ਪ੍ਰਮੁੱਖ ਸਕੱਤਰ ਹਿਮਾਂਸ਼ੂ ਜੈਨ ਅਤੇ ਹੋਰ ਵੀ ਹਾਜ਼ਰ ਸਨ।

# ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਪਿੰਡ ਮੀਰਪੁਰ ਜੱਟਾਂ ਵਿਖੇ "ਲਾਲਾ ਮਹਿੰਦਰ ਰਾਮ ਚੁੰਬਰ" ਜੀ ਨੂੰ ਯਾਦ ਕਰਕੇ ਮਨਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸ਼ਹੀਦ ਭਗਤ ਸਿੰਘ ਨਗਰ ਜਿਲ੍ਹੇ ਦੇ ਪਿੰਡ ਮੀਰਪੁਰ ਜੱਟਾਂ ਵਿਖੇ ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਮਨਾਏ ਗਏ। ਇਸ ਮੌਕੇ ਤੇ ਕੌਮ ਦੇ ਮਹਾਨ ਦਾਨੀ ਲਾਲਾ ਮਹਿੰਦਰ ਰਾਮ ਚੁੰਬਰ ਜੀ ਨੂੰ ਸ਼ਰਧਾ ਸੁਮਨ ਅਰਪਿਤ ਕੀਤੇ ਗਏ। ਲਾਲਾ ਮਹਿੰਦਰ ਰਾਮ ਚੁੰਬਰ ਜਿਨ੍ਹਾਂ ਨੇ ਆਪਣੀ ਸਾਰੀ ਉਮਰ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਦੇ ਮਿਸ਼ਨ ਆਦਿ ਧਰਮ ਦੇ ਲੇਖੇ ਵਿੱਚ ਲਗਾ ਦਿੱਤੀ। ਲਾਲਾ ਮਹਿੰਦਰ ਰਾਮ ਚੁੰਬਰ ਜੀ ਨੇ ਬਿਜਲੀ ਬੋਰਡ ਵਿੱਚ ਨੌਕਰੀ ਕੀਤੀ ਤੇ ਜੋ ਵੀ ਜਿੰਦਗੀ ਭਰ ਦੀ ਕਮਾਈ ਕੀਤੀ ਹੋਏ ਉਸ ਸਾਰੇ ਪੈਸੇ ਨੂੰ ਧਰਮ ਦੇ ਰਸਤੇ ਲਗਾਇਆ। ਆਪਣੀ ਜਿੰਦਗੀ ਦੀ ਸਰਕਾਰੀ ਵਿਭਾਗ ਵਿੱਚ ਨੌਕਰੀ ਤੋਂ ਕੀਤੀ ਕਮਾਈ ਗੁਰੂ ਰਵਿਦਾਸ ਜੀ ਦੇ ਅਸਥਾਨ ਸ੍ਰੀ ਖੁਰਾਲਗੜ੍ਹ ਸਾਹਿਬ ਚਰਨ ਗੰਗਾ ਵਿਖੇ ਲੱਗਭਗ 43 ਕਿਲ੍ਹੇ ਜਮੀਨ ਖਰੀਦ ਕੇ ਦਾਨ ਵਜੋਂ ਸਾਰੀ ਚਮਾਰ ਕੌਮ ਦੇ ਨਾਮ ਹਿੱਬਾਨਾਮਾ ਵਜੋਂ ਤਸਦੀਕ ਕਰ ਦਿੱਤੀ। ਲਾਲਾ ਮਹਿੰਦਰ ਰਾਮ ਚੁੰਬਰ ਜੀ ਨੇ ਸਾਰੀ ਉਮਰ ਵਿਆਹ ਵੀ ਨਹੀਂ ਕਰਵਾਇਆ ਤੇ ਇਕ ਧਰਮ ਦਾ ਪੁਤਰ ਬਣਾ ਕੇ ਉਸ ਦੀ ਜਿੰਦਗੀ ਨੂੰ ਸੰਵਾਰਿਆ।

ਜੋ ਅੱਜ ਨਵਾਂਸ਼ਹਿਰ ਦੀਆਂ ਕਚਹਿਰੀਆਂ ਵਿੱਚ ਬਤੌਰ ਵਕੀਲ ਸੇਵਾ ਨਿਭਾ ਰਹੇ ਹਨ। ਅੱਜ ਲਾਲਾ ਮਹਿੰਦਰ ਰਾਮ ਚੁੰਬਰ ਜੀ ਦੇ ਜੱਦੀ ਪਿੰਡ ਮੀਰਪੁਰ ਜੱਟਾਂ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਮਨਾਉਂਦੇ ਹੋਏ ਲਾਲਾ ਜੀ ਦੀ ਸਮਾਧ ਤੇ ਆਦਿ ਧਰਮ ਦਾ ਨਿਸਾਨ 'ਦੌਰੀ ਰੰਬੀ ਆਰ' ਦਾ ਨਿਸ਼ਾਨ ਚੜਾਇਆ ਗਿਆ। ਇਸ ਮੌਕੇ ਤੇ ਪਿੰਡ ਮੀਰ ਪੁਰ ਜੱਟਾਂ ਦੀ ਗੁਰੂ ਰਵਿਦਾਸ ਜੀ ਨੌਜਵਾਨ ਸਭਾ ਕਮੇਟੀ ਦੇ ਪ੍ਰਧਾਨ ਸਾਹਿਬ ਚੰਦ, ਖਜਾਨਚੀ ਵੀਰ ਸਿੰਘ, ਸੁਰਿੰਦਰ ਮੁਨਸ਼ੀ, ਮਾਸਟਰ ਤਿਲਕ ਰਾਜ, ਬਸਪਾ ਆਗੂ ਰੇਸ਼ਮ ਮੀਰਪੁਰੀ, ਉਨ੍ਹਾਂ ਦੇ ਧਰਮੀ ਪੁੱਤਰ ਐਡਵੋਕੇਟ ਵਿਜੈ ਕੁਮਾਰ, ਕਾਲਾ ਢੋਲਕੀ ਮਾਸਟਰ ਅਮਰਜੀਤ, ਕੇਵਲ ਸਿੰਘ, ਜੋਗਿੰਦਰ ਸਿੰਘ ਸਾਬਕਾ ਸਰਪੰਚ ਅਤੇ ਹੋਰ ਪਤਵੰਤੇ ਸੱਜਣ ਹਾਜਰ ਸਨ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


# ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਿਸ ਵਲੋਂ ਡਾਕ ਪਾਰਸਲ ਰਾਹੀਂ ਵਿਦੇਸ਼ਾਂ ਵਿੱਚ ਅਫੀਮ ਸਪਲਾਈ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼

## ਕਨੇਡਾ ਅਤੇ ਇਟਲੀ ਭੇਜੇ 2 ਪਾਰਸਲ ਕਸਟਮ ਵਿਭਾਗ , ਕੌਮਾਂਤਰੀ ਏਅਰਪੋਰਟ ਨਵੀਂ ਦਿੱਲੀ ਵਿਖੇ ਹੋਏ ਬਰਾਮਦ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵਲੋਂ ਨਸ਼ਾ ਸਮੱਗਲਰਾਂ ਦਾ ਜੜ੍ਹ ਤੋਂ ਸਫਾਇਆ ਕਰਨ ਲਈ ਚਲਾਈ ਮੁਹਿੰਮ ਤਹਿਤ ਸ਼੍ਰੀ ਗੌਰਵ ਯਾਦਵ ਆਈ ਪੀ ਐਸ, ਡਾਇਰੈਕਟਰ ਜਨਰਲ ਪੁਲਿਸ ਪੰਜਾਬ, ਸ਼੍ਰੀ ਕੌਸ਼ਤੁਭ ਸ਼ਰਮਾਂ ਆਈ ਪੀ ਐਸ ਇੰਸਪੈਕਟਰ ਜਨਰਲ ਪੁਲਿਸ ਲੁਧਿਆਣਾ ਰੇਂਜ ਅਤੇ ਸ਼੍ਰੀ ਭਾਗੀਰਥ ਸਿੰਘ ਮੀਣਾ ਆਈ ਪੀ ਐਸ ਸੀਨੀਅਰ ਕਪਤਾਨ ਪੁਲਿਸ ਸ਼ਹੀਦ ਭਗਤ ਸਿੰਘ ਨਗਰ ਦੇ ਨਿਰਦੇਸ਼ਾਂ ਤਹਿਤ ਥਾਣਾ ਸਦਰ ਨਵਾਂਸ਼ਹਿਰ ਪੁਲਸ ਵਲੋਂ ਵਿਦੇਸ਼ਾਂ ਵਿੱਚ ਡਾਕ ਪਾਰਸਲ ਰਾਹੀਂ ਅਫੀਮ ਸਮੱਗਲਿੰਗ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਇਸ ਸੰਬੰਧੀ ਪ੍ਰੈਸ ਨੂੰ ਹੋਰ ਜਾਣਕਾਰੀ ਦਿੰਦਿਆ ਸ਼੍ਰੀ ਭਾਗੀਰਥ ਸਿੰਘ ਮੀਣਾ ਆਈ ਪੀ ਐਸ ਸੀਨੀਅਰ ਕਪਤਾਨ ਪੁਲਿਸ ਨੇ ਦੱਸਿਆ ਕਿ ਮਿਤੀ 01-02-2023 ਨੂੰ ਐਸ ਆਈ ਸਤਨਾਮ ਸਿੰਘ ਥਾਣਾ ਸਦਰ ਨਵਾਂਸ਼ਹਿਰ ਪੁਲਸ ਪਾਰਟੀ ਸਮੇਤ ਚੈਕਿੰਗ ਦੇ ਸੰਬਧ ਵਿੱਚ ਪਿੰਡ ਮੱਲਪੁਰ ਅੜਕਾਂ ਬੱਸ ਅੱਡਾ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਭੁਪਿੰਦਰ ਸਿੰਘ ਉਰਫ ਭੂਰੀ ਪੁੱਤਰ ਅਜੀਤ ਸਿੰਘ ਵਾਸੀ ਬੈਂਸਾਂ ਅਫੀਮ ਵੇਚਣ ਦਾ ਧੰਦਾ ਕਰਦਾ ਹੈ। ਜੋ ਡਾਕਖਾਨਾ ਨਵਾਂਸ਼ਹਿਰ ਵਿਖੇ ਲੱਗੇ ਕਰਮਚਾਰੀ ਬਰਜਿੰਦਰ ਕੁਮਾਰ ਪੁੱਤਰ ਹਰਮੇਸ਼ ਲਾਲ ਵਾਸੀ ਲਧਾਣਾ ਉੱਚਾ ਥਾਣਾ ਸਦਰ ਬੰਗਾ ਨਾਲ ਰਲ ਕੇ ਅਫੀਮ ਦੀ ਤੱਸਕਰੀ ਕੋਰੀਅਰ ਰਾਹੀਂ ਕਰਦਾ ਹੈ। ਜਿਨ੍ਹਾਂ ਨੇ ਦੋ-ਤਿੰਨ ਦਿਨ ਪਹਿਲਾਂ ਵੀ ਇਸੇ ਤਰੀਕੇ ਨਾਲ ਅਫੀਮ ਕੋਰੀਅਰ ਰਾਹੀਂ ਸਪਲਾਈ ਕੀਤੀ ਹੈ। ਜੇਕਰ ਇਨ੍ਹਾਂ ਵਿਅਕਤੀਆਂ ਨੂੰ ਕਾਬੂ ਕਰਕੇ ਪੁੱਛਗਿੱਛ ਕੀਤੀ ਜਾਵੇ ਤਾਂ ਇਹਨਾਂ ਵਲੋਂ ਕੋਰੀਅਰ ਰਾਹੀਂ ਭੇਜੀ ਅਫੀਮ ਬਰਾਮਦ



ਹੋ ਸਕਦੀ ਹੈ। ਜਿਸ ਤੇ ਮੁਖਬਰ ਖਾਸ ਦੀ ਇਤਲਾਹ ਤੇ ਮੁਕੱਦਮਾਂ ਨੰਬਰ 14 ਮਿਤੀ 01-02-2023 ਅ:/ਧ: 18-61-85 ਐਨ ਡੀ ਪੀ ਐਸ ਐਕਟ ਤਹਿਤ ਥਾਣਾ ਸਦਰ ਨਵਾਂਸ਼ਹਿਰ ਵਿਖੇ ਉਕਤ ਦੋਸ਼ੀਆਂ ਖਿਲਾਫ ਦਰਜ ਰਜਿਸਟਰ ਕੀਤਾ ਗਿਆ। ਜਿਸ ਤੇ ਥਾਣਾ ਸਦਰ, ਨਵਾਂਸ਼ਹਿਰ ਦੀ ਪੁਲਿਸ ਪਾਰਟੀ ਵਲੋਂ ਮੁਸਤੈਦੀ ਨਾਲ ਕਾਰਵਾਈ ਕਰਦੇ ਹੋਏ ਡਾਕਖਾਨਾ ਨਵਾਂਸ਼ਹਿਰ ਵਿਖੇ ਕੰਮ ਕਰਦੇ ਬਰਜਿੰਦਰ ਕੁਮਾਰ ਉਕਤ (ਉਮਰ 37 ਸਾਲ) ਨੂੰ ਮਿਤੀ 01-02-2023 ਨੂੰ ਗ੍ਰਿਫਤਾਰ ਕੀਤਾ ਗਿਆ। ਜਿਸ ਨੇ ਆਪਣੀ ਪੁੱਛਗਿੱਛ ਦੌਰਾਨ ਦੱਸਿਆ ਕਿ ਉਸ ਨੇ ਭੁਪਿੰਦਰ ਕੁਮਾਰ ਉਰਫ ਭੂਰੀ ਦੇ ਕਹਿਣ ਤੇ ਮਿਤੀ 31-01-2023 ਨੂੰ ਅਫੀਮ ਦੇ 450/450 ਗ੍ਰਾਮ ਦੇ ਦੋ ਪਾਰਸਲ ਡਾਕਖਾਨਾ ਕਾਹਮਾਂ ਤੋਂ ਕਨੇਡਾ ਅਤੇ ਇਟਲੀ ਨੂੰ ਕੋਰੀਅਰ ਕੀਤੇ ਸਨ।

ਇਸ ਕੰਮ ਦੇ ਬਦਲੇ ਭੁਪਿੰਦਰ ਸਿੰਘ ਉਰਫ ਭੂਰੀ ਨੇ ਵਿਦੇਸ਼ ਤੋਂ ਉਸ ਦੇ ਬੈਂਕ ਖਾਤੇ ਵਿਚ 60,000 ਰੁਪਏ ਪੁਆਏ ਸਨ। ਜਿਸ ਤੇ ਪੁਲਿਸ ਵਲੋਂ ਤੁਰੰਤ ਕਸਟਮ ਵਿਭਾਗ, IGI ਏਅਰਪੋਰਟ ਨਵੀਂ ਦਿੱਲੀ ਨਾਲ ਤਾਲਮੇਲ ਕੀਤਾ ਗਿਆ ਅਤੇ ਜਿਸ ਦੇ ਅਧਾਰ ਤੇ ਕਸਟਮ ਵਿਭਾਗ IGI ਏਅਰਪੋਰਟ ਨਵੀਂ ਦਿੱਲੀ ਵਲੋਂ ਦੋ ਕੋਰੀਅਰ 450/450 ਗ੍ਰਾਮ ਅਫੀਮ ਨੂੰ ਜਬਤ ਕੀਤਾ ਹੈ। ਗ੍ਰਿਫ਼ਤਾਰ ਦੋਸ਼ੀ ਬਰਜਿੰਦਰ ਸਿੰਘ ਨੂੰ ਮਿਤੀ 02-02-2023 ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰਕੇ 04 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਹੈ, ਤਫਤੀਸ਼ ਬਰਜਿੰਦਰ ਕੁਮਾਰ ਦੀ ਪੁੱਛਗਿੱਛ ਕਰਨ ਤੋਂ ਇਸ ਕੇਸ ਸੰਬੰਧੀ ਹੋਰ ਖੁਲਾਸੇ ਹੋ ਸਕਦੇ ਹਨ। ਭੁਪਿੰਦਰ ਸਿੰਘ ਉਰਫ ਭੂਰੀ ਨੂੰ ਗ੍ਰਿਫਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

**ਭੁਪਿੰਦਰ ਸਿੰਘ ਉਰਫ ਭੂਰੀ ਖਿਲਾਫ ਦਰਜ ਮੁਕੱਦਮਿਆਂ ਦਾ ਵੇਰਵੇ**

1- ਮੁਕੱਦਮਾਂ ਨੰਬਰ 24 ਮਿਤੀ 28-03-2022 ਅ/ਧ 279,337,338 ਭ: ਦ: ਥਾਣਾ ਮੁਕੰਦਪੁਰ

2-ਮੁਕੱਦਮਾ ਨੰਬਰ 95 ਮਿਤੀ 20-09-2012 ਅ/ਧ 354,376,511 ਭ: ਦ: ਥਾਣਾ ਸਦਰ ਨਵਾਂਸ਼ਹਿਰ (ਸਜਾ 10 ਸਾਲ, ਮਿਤੀ 27-07-2013 ਅਕਤੂਬਰ 2016 ਤੋਂ ਜਮਾਨਤ ਪਰ)

3- ਮੁਕੱਦਮਾ ਨੰਬਰ 44 ਮਿਤੀ 25-05-2011 ਅ/ਧ 323,324,341,506,148,149 ਭ: ਦ: ਥਾਣਾ ਸਦਰ ਨਵਾਂਸ਼ਹਿਰ।

# ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਪਹੁੰਚੇ ਡੇਰਾ ਸਵਾਮੀ ਜਗਤ ਗਿਰੀ ਪਠਾਨਕੋਟ ਕੀਤਾ ਖ਼ੂਨਦਾਨ ਕੈਂਪ ਦਾ ਸੁਭ ਅਰੰਭ

**ਪਠਾਨਕੋਟ: 5 ਫਰਵਰੀ (ਰਾਜਿੰਦਰ ਸਿੰਘ ਰਾਜਨ)** ਅੱਜ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 646ਵਾਂ ਜਨਮ ਦਿਹਾੜਾ ਹੈ ਅਤੇ ਅੱਜ ਪੂਰੇ ਪੰਜਾਬ ਅੰਦਰ ਮਹਾਰਾਜ ਜੀ ਦਾ ਪ੍ਰਕਾਸ ਦਿਹਾੜਾਂ ਮਨਾਇਆ ਜਾ ਰਿਹਾ ਹੈ ਅਤੇ ਡੇਰਾ ਸਵਾਮੀ ਜਗਤ ਗਿਰੀ ਜੀ ਮਹਾਰਾਜ ਪਠਾਨਕੋਟ ਵਿਖੇ ਵਿਸ਼ੇਸ ਸਮਾਰੋਹ ਮਨਾਇਆ ਗਿਆ ਹੈ।

ਉਨ੍ਹਾਂ ਵੱਲੋਂ ਸਾਰੇ ਜਿਲ੍ਹਾ ਨਿਵਾਸੀਆਂ ਅਤੇ ਪੰਜਾਬ ਨਿਵਾਸੀਆਂ ਨੂੰ ਸੁਭਕਾਮਨਾਵਾਂ ਦਿੰਦਾ ਹਾਂ। ਇਹ ਪ੍ਰਗਟਾਵਾ ਅੱਜ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰ-ਖਿਆ ਮੰਤਰੀ ਪੰਜਾਬ ਨੇ ਪਠਾਨਕੋਟ ਵਿਖੇ ਸਥਿਤ ਡੇਰਾ ਸਵਾਮੀ ਜਗਤ ਗਿਰੀ ਵਿਖੇ ਸਮਾਰੋਹ ਅੰਦਰ ਪਹੁੰਚ ਕੇ ਖੂਨਦਾਨ ਕੈਂਪ ਦਾ ਸੁਭ ਅਰੰਭ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਸੰਬੋਧਨ ਦੋਰਾਨ ਕਿਹਾ ਕਿ ਅੱਜ ਦਾ ਦਿਨ ਸਾਰੀਆਂ ਦੁਨੀਆਂ ਅੰਦਰ ਜਿੱਥੇ ਵੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਸਰਧਾਲੂ ਰਹਿੰਦੇ ਹਨ ਉਹ ਅੱਜ ਦਾ ਦਿਹਾੜਾ ਮਨਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਦਿਨ੍ਹਾਂ ਦੋਰਾਨ ਵੀ ਲੋਕਾਂ ਵੱਲੋਂ ਤਿਆਰੀਆਂ ਤੋਂ ਬਾਅਰ ਪਠਾਨਕੋਟ ਅੰਦਰ ਸੋਭਾ ਯਾਤਰਾ ਦਾ ਵੀ ਆਯੋਜਨ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪਠਾਨਕੋਟ ਲਈ ਹੋਰ ਵੀ ਮਾਨ ਦੀ ਗੱਲ ਹੈ ਕਿ ਇੱਥੇ ਹਰ ਸਾਲ ਹੀ ਡੇਰਾ ਸਵਾਮੀ ਜਗਤ ਗਿਰੀ ਪਠਾਨਕੋਟ ਵਿਖੇ ਸਵਾਮੀ ਗੁਰਦੀਪ ਗਿਰੀ ਜੀ ਮਹਾਰਾਜ ਜੀ ਦੀ ਅਗਵਾਈ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ ਦਿਹਾੜਾ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਚੰਗੀ ਗੱਲ ਹੈ ਕਿ ਹਰ ਸਾਲ ਡੇਰੇ ਅੰਦਰ ਖੂਨਦਾਨ ਕੈਂਪ ਵੀ ਲਗਾਇਆ ਜਾਂਦਾ ਹੈ ਜਿੱਥੇ ਲੋਕ ਮਾਨਵਤਾ ਦੀ ਸੇਵਾ ਦੇ ਲਈ ਖੂਨਦਾਨ ਕਰਦੇ ਹਨ ਅਤੇ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਂਣ ਲਈ ਪੂਨ ਦੇ ਭਾਗੀਦਾਰ ਬਣਦੇ ਹਨ। ਉਨ੍ਹਾਂ ਕਿਹਾ ਕਿ ਅੱਜ ਖੂਨਦਾਨ ਕੈਂਪ ਵਿੱਚ ਦੇਖਣ ਨੂੰ ਮਿਲਿਆ ਕਿ ਮਹਿਲਾਵਾਂ ਵੀ ਖੂਨਦਾਨ ਕਰਕੇ ਸਮਾਜ ਸੇਵਾ ਕਰ ਰਹੀਆਂ ਹਨ। ਅੰਤ ਵਿੱਚ ਉਨ੍ਹਾਂ ਇੱਕ ਵਾਰ ਫਿਰ ਤੋਂ ਸਾਰੇ ਜਿਲ੍ਹਾ ਨਿਵਾਸੀਆਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਜਨਮਦਿਹਾੜੇ ਦੇ ਸੁਭਕਾਮਨਾਵਾਂ ਦਿੱਤੀਆਂ ਅਤੇ ਸਮਾਜ ਦੇ ਭਲੇ ਲਈ ਅਰਦਾਸ ਕੀਤੀ। ਇਸ ਮੋਕੇ ਤੇ ਸਵਾਮੀ ਗੁਰਦੀਪ ਗਿਰੀ ਜੀ ਮਹਾਰਾਜ ਜੀ ਵੱਲੋਂ ਵੀ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ ਦਿਹਾੜੇ ਦੀਆਂ ਸੁਭਕਾਮਨਾਵਾਂ ਦਿੱਤੀਆਂ ਅਤੇ ਦੱਸਿਆ ਕਿ ਸਾਡਾ ਸਾਰਿਆਂ ਦੇ ਖੂਨ ਦਾ ਰੰਗ ਲਾਲ ਹੀ ਹੈ ਅਤੇ ਕਿਸੇ ਦੀ ਜਿੰਦਗੀ ਬਚਾਉਂਣ ਲਈ ਸਭ ਤੋਂ ਵੱਡੀ ਸੇਵਾ ਹੈ ਅਤੇ ਹਰੇਕ ਸਾਲ ਲੋਕਾਂ ਵੱਲੋਂ ਖੂਨਦਾਨ ਕਰਕੇ ਸਮਾਜ ਸੇਵਾ ਕਰਦੇ ਹਨ ਉਨ੍ਹਾਂ ਉਹਨ੍ਹਾ ਖੂਨਦਾਨ ਕਰਨ ਵਾਲੇ ਲੋਕਾਂ ਲਈ ਵੀ ਭਲੇ ਦੀ ਅਰਦਾਸ ਕੀਤੀ। ਇਸ ਮੋਕੇ ਤੇ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੂੰ ਡੇਰਾ ਸਵਾਮੀ ਜਗਤ ਗਿਰੀ ਪਠਾਨਕੋਟ ਵੱਲੋਂ ਯਾਦਗਾਰ ਚਿਨ੍ਹ ਭੇਂਟ ਕਰਕੇ ਸਨਮਾਨਤ ਕੀਤਾ ਗਿਆ। ਮੁੱਖ ਮਹਿਮਾਨ ਨੇ ਖੂਨਦਾਨ ਕਰਨ ਵਾਲੇ ਦਾਨੀ ਸੱਜਨਾਂ ਨੂੰ ਯਾਦਗਾਰ ਚਿਨ੍ਹ ਭੇਂਟ ਕਰਕੇ ਸਨਮਾਨਤ ਕੀਤਾ। ਇਸ ਮੋਕੇ ਤੇ ਸਵਾਮੀ ਗੁਰਦੀਪ ਗਿਰੀ ਜੀ ਮਹਾਰਾਜ ਵੱਲੋਂ ਸੰਤਸੰਗ ਕੀਤਾ ਗਿਆ ਅਤੇ ਵਧੀਆ ਕਾਰਗੁ-ਜਾਰੀ ਲਈ ਵੱਖ ਵੱਖ ਸੇਵਾਦਾਰਾਂ ਨੂੰ ਸਨਮਾਨਤ ਕੀਤਾ।

ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਕੇਵਲ ਕ੍ਰਿਸਨ ਸਕੱਤਰ, ਪ੍ਰੇਮ ਸਿੰਘ, ਸਕੱਤਰ ਸੁਭਾਸ ਕਾਲਾ, ਸੀਨੀਅਰ ਮੀਤ ਪ੍ਰਧਾਨ ਗਗਨਦੀਪ , ਰਾਕੇਸ ਕੁਮਾਰ, ਦੇਸ ਰਾਜ ਬੱਗਾ, ਸਾਬਕਾ ਵਿਧਾਇਕ ਜੋਗਿੰਦਰ ਪਾਲ, ਰਵਿ ਕਾਂਤ, ਮਹਿਲਾ ਸਗੰਠਨ ਪ੍ਰਧਾਨ ਰਾਣੀ ਦੇਵੀ, ਪ੍ਰੈਸ ਸਕੱਤਰ ਵਰੁਣ ਕੁਮਾਰ , ਜੀਵਨ ਕੁਮਾਰ , ਮੰਗਲ ਸਿੰਘ, ਦੇਵ ਰਾਜ, ਸੂਬੇਦਾਰ ਸੁਭਾਸ ਚੰਦਰ, ਹੀਰਾ ਲਾਲ ਗੁਲਾਬ ਸਿੰਘ, ਦਲਬੀਰ ਸਿੰਘ, ਕਮਲ ਜੀਤ, ਡਾ। ਮੋਹਣ ਲਾਲ ਅੱਤਰੀ, ਤਰਲੋਕ ਚੰਦ, ਸੁਭਾਸ ਚੰਦਰ, ਗੁਲਾਬ ਸਿੰਘ ਆਦਿ ਹਾਜਰ ਸਨ।






# ਸਿਹਤ ਮੰਤਰੀ ਡਾ: ਬਲਬੀਰ ਸਿੰਘ ਸੱਚਖੰਡ ਬੱਲਾਂ ਵਿਖੇ ਹੋਏ ਨਤਮਸਤਕ





**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡੇਰਾ ਬੱਲਾਂ (ਜਲੰਧਰ): ਸ਼੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਪੁਰਬ ਮੌਕੇ ਪੰਜਾਬ ਦੇ ਸਿਹਤ ਮੰਤਰੀ ਡਾ ਬਲਬੀਰ ਸਿੰਘ ਅਤੇ ਕਰਤਾਰਪੁਰ ਤੋਂ ਵਿਧਾਇਕ ਸ਼੍ਰੀ ਬਲਕਾਰ ਸਿੰਘ ਅੱਜ ਡੇਰਾ ਸੱਚਖੰਡ ਬੱਲਾਂ ਵਿਖੇ ਨਤਮਸਤਕ ਹੋਏ। ਸਿਹਤ ਮੰਤਰੀ ਡਾ ਬਲਬੀਰ ਸਿੰਘ ਨੇ ਇਸ ਮੌਕੇ ਸਮੂਹ ਸੰਗਤਾਂ ਨੂੰ ਇਸ ਪਾਵਨ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਗੁਰੂ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲਦਿਆਂ ਉਨ੍ਹਾਂ ਦੀਆਂ ਮਹਾਨ ਸਿੱਖਿਆਵਾਂ 'ਤੇ ਪਹਿਰਾ ਦੇਣਾ ਚਾਹੀਦਾ ਹੈ। ਡੇਰਾ ਸੱਚਖੰਡ ਬੱਲਾਂ ਵਲੌ ਸਿਹਤ ਮੰਤਰੀ ਡਾ। ਬਲਬੀਰ ਸਿੰਘ, ਐਮ। ਐਲ।ਏ। ਸ਼੍ਰੀ ਬਲਕਾਰ ਸਿੰਘ, ਪੰਜਾਬ ਐਗਰੋ ਦੇ ਚੇਅਰਮੈਨ ਸ਼੍ਰੀ ਮੰਗਲ ਸਿੰਘ ਤੇ ਹੋਰਨਾਂ ਸ਼ਖਸੀਅਤਾਂ ਨੂੰ ਸਿਰੋਪਾਓ ਭੇਟ ਕੀਤਾ ਗਿਆ।

# ਪਿੰਡ ਚੜਿਆਲਾ (ਡੇਰਾ ਬੱਸੀ) ਵਿਖੇ ਸਤਿਗੁਰ ਰਵਿਦਾਸ ਮਹਾਰਾਜ ਜੀ ਦਾ ਗੁਰਪੁਰਬ ਦਿਹਾੜਾ ਮਨਾਇਆ



**ਚੰਡੀਗੜ (ਪ੍ਰੀਤਮ ਲੁਧਿਆਣਵੀ)–** ਪਿੰਡ ਚੜਿਆਲਾ (ਡੇਰਾ ਬੱਸੀ) ਵਿੱਚ ਹਰ ਸਾਲ ਦੀ ਤਰਾਂ ਇਸ ਵਾਰ ਵੀ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਂਰਾਜ ਜੀ ਦਾ ਗੁਰਪੁਰਬ ਦਿਹਾੜਾ ਬਹੁਤ ਚਾਵਾਂ, ਰੀਝਾਂ, ਸਧਰਾਂ ਤੇ ਖੁਸ਼ੀਆਂ ਨਾਲ ਮਨਾਇਆ ਗਿਆ।

ਪ੍ਰੈਸ ਨਾਲ ਗੱਲ ਬਾਤ ਕਰਦਿਆਂ ਗਿ. ਜਗਮੀਤ ਸਿੰਘ ਜੀ ਅਤੇ ਪੁਰਾਣੇ ਵੱਡਮੁੱਲੇ ਸੱਭਿਆਚਾਰਕ ਵਿਰਸੇ ਨੂੰ ਤਵਿਆਂ ਅਤੇ ਸੀਡੀਜ ਵਿਚ ਸੰਭਾਲੀ ਬੈਠੇ ਬਲਜੀਤ ਸਿੰਘ ਟੰਡਨ ਨੇ ਦੱਸਿਆ ਕਿ ਆਖੰਡ ਪਾਠ ਦੇ ਭੋਗ ਤੋਂ ਬਾਦ ਅਟੁੱਟ ਲੰਗਰ ਵਰਤਾਇਆ ਗਿਆ। ਉਨਾਂ ਇਹ ਵੀ ਦੱਸਿਆ ਕਿ ਪਿੰਡ ਵਿਚ ਸਭ ਧਰਮਾਂ ਦੇ ਧਾਰਮਿਕ ਦਿਹਾੜੇ ਸਮੂੰਹ ਪਿੰਡ ਵਾਸੀ ਬਿਨਾਂ ਕਿਸੇ ਭਿੰਨ-ਭੇਦ ਤੋਂ ਰਲ ਮਿਲਕੇ ਖੁਸ਼ੀਆਂ ਨਾਲ ਮਨਾਉਂਦੇ ਹਨ, ਜਿਸ ਸਦਕਾ ਪਿੰਡ ਵਿਚ ਸਲਾਹੁਣ ਯੋਗ ਸੱਭਿਆਚਾਰਕ ਸਾਂਝਾਂ ਬਣੀਆਂ ਚਲੀਆਂ ਆ ਰਹੀਆਂ ਹਨ।


# "ਦੇਸ਼ ਦੁਆਬਾ"

## ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਵਿਪਸਾ ਵਲੋਂ ਸਫ਼ਲ ਸਾਹਿਤਕ ਮਿਲਣੀ

**ਹੇਵਰਡ–** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ) ਦੀ ਮਾਸਿਕ ਮਿਲਣੀ ਕਿਡੇਂਗੋ ਈ ਵਾਈ ਸੀ ਹੇਵਰਡ ਵਿਖੇ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ। ਇਸ ਮਿਲਣੀ ਵਿੱਚ ਪੱਤਰਕਾਰ ਦਲਜੀਤ ਸਰਾਂ ਉਚੇਚੇ ਤੌਰ 'ਤੇ ਸ਼ਾਮਲ ਹੋਏ। ਵਿਚਾਰ ਵਟਾਂਦਰਾ ਸੈਸ਼ਨ ਵਿੱਚ ਇਹ ਨਿਰਣਾ ਕੀਤਾ ਗਿਆ ਕਿ ਡਾ. ਗੁਰੂਮੇਲ ਸਿੱਧੂ ਯਾਦਗਾਰੀ ਸਮਾਗਮ 25 ਫਰਵਰੀ, 2023 ਨੂੰ 'ਪੰਜਬੀ ਕਲਚਰਲ ਸੈਂਟਰ' ਫਰਿਜ਼ਨੋ ਵਿਖੇ ਹੋਵੇਗਾ। ਇਹ ਸਮਾਗਮ 'ਇੰਡੋ ਕਲਚਰਲ ਸੋਸਾਇਟੀ', 'ਪੰਜਾਬੀ ਰੇਡੀਓ ਯੂ ਐਸ ਏ' ਅਤੇ 'ਵਿਪਸਾ' ਵਲੋਂ ਸਮੂਹਿਕ ਰੂਪ ਵਿੱਚ ਕੀਤਾ ਜਾਵੇਗਾ। ਵਿਪਸਾ ਦੇ ਨਵੇਂ ਪ੍ਰਧਾਨ ਦੀ ਚੋਣ ਮਾਰਚ ਦੀ ਸਾਹਿਤਕ ਮਿਲਣੀ ਵਿੱਚ ਕਰਵਾਈ ਜਾਵੇਗੀ। ਚਰਨਜੀਤ ਪੰਨੂ ਚੋਣ ਕਮਿਸ਼ਨਰ ਹੋਣਗੇ।



ਇਸ ਉਪਰੰਤ ਕਾਵਿਕ ਮਹਿਫ਼ਲ ਵਿੱਚ ਸੁਖਦੇਵ ਸਾਹਿਲ, ਚਰਨਜੀਤ ਸਿੰਘ ਪੰਨੂ, ਤਾਰਾ ਸਾਗਰ, ਵਿਜੇ ਸਿੰਘ, ਜਗਜੀਤ ਨੌਸ਼ਿਹਰਵੀ, ਗੁਲਸ਼ਨ ਦਿਆਲ, ਲਾਜ ਨੀਲਮ ਸੈਣੀ, ਡਾ. ਸੁਖਵਿੰਦਰ ਕੰਬੋਜ ਅਤੇ ਕੁਲਵਿੰਦਰ ਨੇ ਭਾਗ ਲਿਆ। ਪ੍ਰਿੰਸੀਪਲ ਦਰਸ਼ਨ ਸਿੰਘ ਨੱਤ ਨੇ 'ਹਵਾਵਾਂ ਵਿੱਚ ਘੁਲੀ ਖ਼ੁਸ਼ਬੋ' ਸ਼ਬਦ ਚਿੱਤਰ ਪੇਸ਼ ਕੀਤਾ। ਦਲਜੀਤ ਸਰਾਂ ਨੇ ਮਿਲਣੀ ਦਾ ਮੁਲਾਂਕਣ ਕਰਦੇ ਹੋਏ, ਵਿਪਸਾ ਨੂੰ ਅਮਰੀਕਾ ਵਿੱਚ ਮਿਆਰੀ ਸਾਹਿਤਕ ਗਤੀਵਿਧੀਆਂ ਦੀ ਲਗਾਤਰਤਾ ਬਣਾਈ ਰੱਖਣ ਲਈ ਵਧਾਈ ਦਿੱਤੀ। ਇਸ ਮਿਲਣੀ ਵਿੱਚ ਹੋਰਾਂ ਤੋਂ ਇਲਾਵਾ ਗੁਰਸ਼ਾਨ ਪੰਨੂ, ਮਨਜੀਤ ਪਲੇਹੀ ਅਤੇ ਰਮੇਸ਼ ਬੰਗੜ ਨੇ ਹਿੱਸਾ ਲਿਆ।

**ਰਿਪੋਰਟ: ਲਾਜ ਨੀਲਮ ਸੈਣੀ (ਸਹਾਇਕ ਸਕੱਤਰ)**
**ਫੋਨ: 510-502-0551**

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਤ ਮਿਸ਼ਨ ਪੇ ਬੈਕ ਟੂ ਸੁਸਾਇਟੀ ਦੇ ਸਹਿਯੋਗ ਨਾਲ ਮੈਡਕਲ ਕੈਂਪ ਲਗਾਇਆ



ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਪਿੰਡ ਕਥੇੜਾ ਨੰਗਲ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਤ ਮਿਸ਼ਨ ਪੇ ਬੈਕ ਟੂ ਸੁਸਾਇਟੀ ਦੇ ਸਹਿਯੋਗ ਨਾਲ ਪਿੰਡ ਕਥੇੜਾ ਵਿੱਚ ਮੈਡਕਲ ਕੈਂਪ ਲਗਾਇਆ ਗਿਆ। ਇਸ ਮੈਡੀਕਲ ਕੈਂਪ ਦਾ ਉਦਘਾਟਨ ਸ੍ਰੀ ਖੁਰਾਲਗੜ੍ਹ ਸਾਹਿਬ ਤੋਂ ਪਹੁੰਚੇ ਗੁਰੂ ਘਰ ਦੇ ਸੇਵਕ ਨਰੇਸ਼ ਸਿੰਘ ਨੇ ਕੀਤਾ। ਉਹਨਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਸਾਨੂੰ ਸਭ ਨੂੰ ਮਿਲਕੇ ਗੁਰੂ ਰਵਿਦਾਸ ਮਹਾਰਾਜ ਵੱਲੋਂ ਦਿੱਤੇ ਗਏ ਬੇਗਮ ਪੁਰਾ ਦੇ ਸੁਪਨੇ ਨੂੰ ਪੂਰਾ ਕਰਨਾ ਚਾਹੀਦਾ ਹੈ ਤਾਂ ਜੋ ਸਮਾਜ ਵਿੱਚ ਫੈਲੀ ਗੈਰ ਬਰਾਬਰੀ ਨੂੰ ਖਤਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕ੍ਰਾਂਤੀਕਾਰੀ ਗੁਰੂ ਰਵਿਦਾਸ ਨੇ ਪਾਖੰਡਵਾਦ ਦਾ ਵਿਰੋਧ ਕੀਤਾ ਹੈ ਅਤੇ ਸਾਨੂੰ ਉਨ੍ਹਾਂ ਵਲੋਂ ਦਰਸਾਏ ਰਸਤੇ ਤੇ ਚੱਲਕੇ ਸਮਾਜ ਨੂੰ ਪਾਖੰਡਵਾਦ ਤੋਂ ਬਚਾਕੇ ਸਮਾਜ ਦਾ ਵਿਕਾਸ ਕਰਨਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ਼ ਦਾ ਸਹੀ ਅਰਥਾਂ ਵਿੱਚ ਵਿਕਾਸ ਹੋ ਸਕੇ। ਮਿਸ਼ਨ ਪੇਅ ਬੈਕ ਟੂ ਸੋਸਾਇਟੀ ਦੇ ਆਗੂ ਕੁਲਦੀਪ ਚੰਦ ਨੇ ਕਿਹਾ ਕਿ ਸਮਾਜਿਕ ਰਹਿਵਰਾਂ ਦੇ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਕੇ ਉਨ੍ਹਾਂ ਦੇ ਸੁਪਨਿਆਂ ਵਾਲਾ ਸਮਾਜ ਉਸਾਰਨ ਲਈ ਸੋਸਾਇਟੀ ਵਲੋਂ ਮੁਹਿੰਮ ਸ਼ੁਰੂ ਕੀਤੀ ਗਈ ਹੈ ਅਤੇ ਇਸ ਲਈ ਮੁਢਲੀਆਂ ਜਰੂਰਤਾਂ ਸਿੱਖਿਆ ਅਤੇ ਸਿਹਤ ਸਬੰਧੀ ਕੰਮ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਰੂਰਤਮੰਦ ਬੱਚਿਆਂ ਲਈ ਮੁੱਫਤ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ ਅਤੇ ਸਮੇਂ ਸਮੇਂ ਤੇ ਬੱਚਿਆਂ ਲਈ ਪ੍ਰਤੀਯੋਗਤਾਵਾਂ ਦਾ ਆਯੋਜਨ ਕਰਕੇ ਬੱਚਿਆਂ ਨੂੰ ਅਪਣੇ ਰਹਿਵਰਾਂ, ਸਮਾਜ ਅਤੇ ਦੇਸ਼ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸੋਸਾਇਟੀ ਵਲੋਂ ਸਮੇਂ ਸਮੇਂ ਤੇ ਮੈਡੀਕਲ ਕੈਂਪ ਲਗਾਕੇ ਲੋਕਾਂ ਨੂੰ ਸਿਹਤ ਸਬੰਧੀ ਜਾਗਰੁਕ ਕੀਤਾ ਜਾਂਦਾ ਹੈ ਅਤੇ ਜਰੂਰਤਮੰਦ ਮਰੀਜ਼ਾਂ ਨੂੰ ਦਵਾਈਆਂ ਦਿਤੀਆਂ ਜਾਂਦੀਆਂ ਹਨ। ਇਸ ਮੈਡੀਕਲ ਕੈਂਪ ਵਿੱਚ ਵੱਖ-ਵੱਖ ਰੋਗਾਂ ਦੇ ਮਾਹਰ ਡਾਕਟਰਾਂ ਦੀ ਟੀਮ ਡਾਕਟਰ ਰਣਵੀਰ ਸਿੰਘ, ਐਸ ਪੀ ਸਿੰਘ, ਜੇ ਐਸ ਕਹਿਲ, ਰਜੇਸ਼ ਬੈਂਸ ਆਦਿ ਵੱਲੋਂ ਲਗਪਗ ਤਿਨ ਸੌ ਮਰੀਜ਼ਾਂ ਦਾ ਚੈੱਕ-ਅਪ ਕੀਤਾ ਗਿਆ ਅਤੇ ਜ਼ਰੂਰਤਮੰਦ ਮਰੀਜਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ! ਸਿਲਵਰ ਓਕ ਲੈਬੋਟਰੀ ਸੰਤੋਸ਼ਗੜ ਦੀ ਟੀਮ ਵੱਲੋਂ ਸਤੀਸ਼ ਕੁਮਾਰ ਦੀ ਅਗਵਾਈ ਵਿੱਚ ਜਰੂਰਤਮੰਦ ਵਿਅਕਤੀਆਂ ਦੇ ਟੈਸਟ ਕੀਤੇ ਗਏ!

ਕੈਂਪ ਵਿੱਚ ਐਸਸੀ-ਬੀਸੀ ਇੰਪਲਾਈਜ਼ ਫੈਡਰੇਸ਼ਨ ਦੇ ਸਕੱਤਰ ਜਨਰਲ ਨਿਰਮਲਜੀਤ, ਅਮਰਜੀਤ ਸਿੰਘ, ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਨੰਗਲ ਦੇ ਜਨਰਲ ਸਕੱਤਰ ਪਰਮਿੰਦਰ ਸੰਧੂ ਵਿਸ਼ੇਸ਼ ਤੌਰ ਤੇ ਪਹੁੰਚੇ। ਇਸ ਮੌਕੇ ਸ਼੍ਰੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਕਥੇੜਾ ਵੱਲੋਂ ਪ੍ਰਧਾਨ ਰਾਜ ਕੁਮਾਰ, ਪਵਨ ਕੁਮਾਰ, ਸੁਰੇਸ਼ ਕੁਮਾਰ ਸੋਢੀ ਆਦਿ ਦੀ ਅਗਵਾਈ ਵਿੱਚ ਮੁੱਖ ਮਹਿਮਾਨ ਨੂੰ ਸਨਮਾਨਤ ਕੀਤਾ ਗਿਆ ਅਤੇ ਕੈਂਪ ਵਿੱਚ ਪਹੁੰਚੇ ਡਾਕਟਰਾਂ ਅਤੇ ਮਿਸ਼ਨ ਪੇ ਬੈਕ ਟੂ ਸੁਸਾਇਟੀ ਦੀ ਟੀਮ ਨੂੰ ਕੌਮ ਦੇ ਹੀਰੇ ਐਵਾਰਡ ਨਾਲ ਸਨਮਾਨਤ ਕੀਤਾ ਗਿਆ!

**- ਕੁਲਦੀਪ ਚੰਦ, 91-94175-63054**

# ਗਗਨਦੀਪ, ਮਨਜੀਤ, ਮਹਿਕਪ੍ਰੀਤ ਤੇ ਸਾਬਰੀਨ ਨੇ ਜਿੱਤੀ ਲਿਖਤੀ ਪ੍ਰਤੀਯੋਗਤਾ

## ਨਵਜੋਤ ਸਾਹਿਤ ਸੰਸਥਾ ਔੜ ਨੇ ਕਰੀਹਾ ਸਕੂਲ 'ਚ ਆਮ ਗਿਆਨ ਦੀ ਪ੍ਰੀਖਿਆ ਕਰਵਾਈ

**ਨਵਾਂ ਸ਼ਹਿਰ, 6 ਫਰਵਰੀ (ਰੇਸ਼ਮ ਕਰਨਾਣਵੀ)** ਨਵਜੋਤ ਸਾਹਿਤ ਸੰਸਥਾ (ਰਜਿ) ਔੜ ਵਲੋਂ ਮਹਿਲਾਵਾਂ ਦੇ ਸਾਹਿਤ, ਪ੍ਰਸ਼ਾਸਨ, ਸਿਆਸਤ ਤੇ ਸਮਾਜਿਕ ਸਫ਼ਰ ਨਾਲ ਸਬੰਧਤ ਸਵਾਲਾਂ ਵਾਲੀ ਲਿਖਤੀ ਪ੍ਰਤੀਯੋਗਤਾ ਕਰਵਾਈ ਗਈ। ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕਰੀਹਾ ਵਿਖੇ ਕਰਵਾਈ ਇਸ ਪ੍ਰਤੀਯੋਗਤਾ ਵਿੱਚ ਵੱਖ ਵੱਖ ਜਮਾਤਾਂ ਦੀਆਂ ਵਿਦਿਆਰਥਣਾਂ ਨੇ ਭਰਪੂਰ ਉਤਸ਼ਾਹ ਦਿਖਾਇਆ। ਇਸ ਵਿੱਚ ਬਾਹਰਵੀਂ ਜਮਾਤ ਦੀ ਗਗਨਦੀਪ ਕੌਰ, ਗਿਆਰਵੀਂ ਜਮਾਤ ਦੀ ਮਨਜੀਤ ਕੌਰ, ਨੌਵੀਂ ਜਮਾਤ ਦੀ ਮਹਿਕਪ੍ਰੀਤ ਕੌਰ ਤੇ ਦਸਵੀਂ ਜਮਾਤ ਦੀ ਸਾਬਰੀਨ ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜਾ ਤੇ ਚੌਥਾ ਸਥਾਨ ਹਾਸਲ ਕੀਤਾ। ਜੇਤੂਆਂ ਨੂੰ ਸੰਸਥਾ ਵਲੋਂ ਪ੍ਰਮਾਣ ਪੱਤਰ ਅਤੇ ਯਾਦਗਾਰੀ ਚਿੰਨ੍ਹ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਰਸਮ ਮੁੱਖ ਮਹਿਮਾਨ ਡਾ ਬਲਵੀਰ ਕੌਰ, ਕਰਨ ਹਸਪਤਾਲ ਬੰਗਾ ਨੇ ਨਿਭਾਉਂਦਿਆਂ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਸੰਸਥਾ ਦੇ 'ਮਹਿਲਾ ਸਸ਼ਕਤੀਕਰਨ' ਵਜੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਸਕੂਲ ਦੇ ਪ੍ਰਿੰਸੀਪਲ ਰਣਜੀਤ ਕੌਰ ਨੇ ਕਿਹਾ ਕਿ ਵਿਦਿਆਰਥਣਾਂ ਨਾਲ ਆਮ ਗਿਆਨ ਦੀ ਸਾਂਝ ਪਾਉਣ ਪੱਖੋਂ ਉਕਤ ਸੰਸਥਾ ਦਾ ਇਹ ਉਪਰਾਲਾ ਸਾਰਥਿਕ ਸਿੱਧ ਹੋਵੇਗਾ। ਨਵਜੋਤ ਸਾਹਿਤ ਸੰਸਥਾ (ਰਜਿ।) ਔੜ ਦੇ ਪ੍ਰਧਾਨ ਮੈਡਮ ਰਜਨੀ ਸ਼ਰਮਾ ਨੇ ਦੱਸਿਆ ਕਿ ਸੰਸਥਾ ਵਲੋਂ ਇਹ ਵਰ੍ਹਾ 'ਮਹਿਲਾ ਸਸ਼ਕਤੀਕਰਨ' ਨੂੰ ਸਮਰਪਿਤ ਕੀਤਾ ਗਿਆ ਹੈ ਜਿਸ ਤਹਿਤ ਮਹੀਨਾਵਾਰ ਸਮਾਗਮਾਂ ਦੀ ਲੜੀ ਦਾ ਇਹ ਦੂਜਾ ਸਮਾਗਮ ਕਰੀਹਾ ਵਿਖੇ ਕਰਵਾਇਆ ਗਿਆ ਹੈ। ਉਹਨਾਂ ਦੱਸਿਆ ਕਿ ਸੰਸਥਾ ਦੇ ਬੈਨਰ ਹੇਠਲੇ ਸਾਰੇ ਸਮਾਗਮ ਮਹਿਲਾ ਵਰਗ ਦੀ ਬਹੁਪੱਖੀ ਮਜ਼ਬੂਤੀ ਲਈ ਸਮਾਜ ਅੰਦਰ ਪ੍ਰੇਰਕ ਉਦਾਹਰਣ ਬਣਨਗੇ। ਸੰਸਥਾ ਦੇ ਸਕੱਤਰ ਮੈਡਮ ਅਮਰਜੀਤ ਜਿੰਦ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦੇ ਮਹਿਲਾ ਸਟਾਫ਼ 'ਚ ਅਮਨ ਆਹਲੂਵਾਲੀਆ, ਬਲਦੇਵ ਰਾਜ, ਅਜ਼ਮੇਰ ਸਿੱਧੂ, ਸੁਖਬੀਰ ਸਿੰਘ, ਸਵਿਤਾ ਰਾਣੀ, ਸਤਨਾਮ ਸਿੰਘ, ਕ੍ਰਿਸ਼ਨਾ ਦੇਵੀ, ਸੰਜੀਵ ਕਸ਼ਯਪ, ਅਮਨਦੀਪ, ਅਨੀਤਾ ਚਾਵਲਾ, ਸੁਖਵਿੰਦਰ ਸਿੰਘ, ਅਲਕਾ ਬੰਗਾ, ਨਰਪਿੰਦਰ, ਸੰਦੀਪ ਸਿੰਘ ਤੋਂ ਇਲਾਵਾ ਸੰਸਥਾ ਦੇ ਮੈਂਬਰ ਗੁਰਨੇਕ ਸ਼ੇਰ, ਸੁਰਜੀਤ ਮਜਾਰੀ, ਦਵਿੰਦਰ ਬੇਗਮਪੁਰੀ, ਹਰੀ ਕ੍ਰਿਸਨ ਪਟਵਾਰੀ, ਦਵਿੰਦਰ ਸਕੋਹਪੁਰੀ ਸ਼ਾਮਲ ਸਨ।




# ਨਵਜੋਤ ਸਾਹਿਤ ਸੰਸਥਾ ਔੜ ਨੇ ਕਰੀਹਾ ਸਕੂਲ 'ਚ ਆਮ ਗਿਆਨ ਦੀ ਪ੍ਰੀਖਿਆ ਕਰਵਾਈ

**ਨਵਾਂ ਸ਼ਹਿਰ, 6 ਫਰਵਰੀ (ਰੇਸ਼ਮ ਕਰਨਾਣਵੀ)** ਨਵਜੋਤ ਸਾਹਿਤ ਸੰਸਥਾ (ਰਜਿ) ਔੜ ਵਲੋਂ ਮਹਿਲਾਵਾਂ ਦੇ ਸਾਹਿਤ, ਪ੍ਰਸ਼ਾਸਨ, ਸਿਆਸਤ ਤੇ ਸਮਾਜਿਕ ਸਫ਼ਰ ਨਾਲ ਸਬੰਧਤ ਸਵਾਲਾਂ ਵਾਲੀ ਲਿਖਤੀ ਪ੍ਰਤੀਯੋਗਤਾ ਕਰਵਾਈ ਗਈ। ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਕਰੀਹਾ ਵਿਖੇ ਕਰਵਾਈ ਇਸ ਪ੍ਰਤੀਯੋਗਤਾ ਵਿਚ ਵੱਖ ਵੱਖ ਜਮਾਤਾਂ ਦੀਆਂ ਵਿਦਿਆਰਥਣਾਂ ਨੇ ਭਰਪੂਰ ਉਤਸ਼ਾਹ ਦਿਖਾਇਆ। ਇਸ ਵਿਚ ਬਾਹਰਵੀਂ ਜਮਾਤ ਦੀ ਗਗਨਦੀਪ ਕੌਰ, ਗਿਆਰਵੀਂ ਜਮਾਤ ਦੀ ਮਨਜੀਤ ਕੌਰ, ਨੌਵੀਂ ਜਮਾਤ ਦੀ ਮਹਕਿਪ੍ਰੀਤ ਕੌਰ ਤੇ ਦਸਵੀਂ ਜਮਾਤ ਦੀ ਸਾਬਰੀਨ ਨੇ ਕ੍ਰਮਵਾਰ ਪਹਿਲਾ, ਦੂਜਾ, ਤੀਜਾ ਤੇ ਚੌਥਾ ਸਥਾਨ ਹਾਸਲ ਕੀਤਾ।

ਜੇਤੂਆਂ ਨੂੰ ਸੰਸਥਾ ਵਲੋਂ ਪ੍ਰਮਾਣ ਪੱਤਰ ਅਤੇ ਯਾਦਗਾਰੀ ਚਿੰਨ੍ਹ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਰਸਮ ਮੁੱਖ ਮਹਿਮਾਨ ਡਾ। ਬਲਵੀਰ ਕੌਰ, ਕਰਨ ਹਸਪਤਾਲ ਬੰਗਾ ਨੇ ਨਿਭਾਉਂਦਿਆਂ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਸੰਸਥਾ ਦੇ 'ਮਹਿਲਾ ਸਸ਼ਕਤੀਕਰਨ' ਵਜੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਸਕੂਲ ਦੇ ਪਰਿੰਸੀਪਲ ਰਣਜੀਤ ਕੌਰ ਨੇ ਕਿਹਾ ਕਿ ਵਿਦਿਆਰਥਣਾਂ ਨਾਲ ਆਮ ਗਿਆਨ ਦੀ ਸਾਂਝ ਪਾਉਣ ਪੱਖੋਂ ਉਕਤ ਸੰਸਥਾ ਦਾ ਇਹ ਉਪਰਾਲਾ ਸਾਰਥਕ ਸਿੱਧ ਹੋਵੇਗਾ।

ਨਵਜੋਤ ਸਾਹਿਤ ਸੰਸਥਾ (ਰਜਿ।) ਔੜ ਦੇ ਪ੍ਰਧਾਨ ਮੈਡਮ ਰਜਨੀ ਸ਼ਰਮਾ ਨੇ ਦੱਸਿਆ ਕਿ ਸੰਸਥਾ ਵਲੋਂ ਇਹ ਵਰ੍ਹਾ 'ਮਹਿਲਾ ਸਸ਼ਕਤੀਕਰਨ' ਨੂੰ ਸਮਰਪਿਤ ਕਿਤਾ ਗਿਆ ਹੈ ਜਿਸ ਤਹਿਤ ਮਹੀਨਾਵਾਰ ਸਮਾਗਮਾਂ ਦੀ ਲੜੀ ਦਾ ਇਹ ਦੂਜਾ ਸਮਾਗਮ ਕਰੀਹਾ ਵਿਖੇ ਕਰਵਾਇਆ ਗਿਆ ਹੈ। ਉਹਨਾਂ ਦੱਸਿਆ ਕਿ ਸੰਸਥਾ ਦੇ ਬੈਨਰ ਹੇਠਲੇ ਸਾਰੇ ਸਮਾਗਮ ਮਹਿਲਾ ਵਰਗ ਦੀ ਬਹੁਪੱਖੀ ਮਜ਼ਬੂਤੀ ਲਈ ਸਮਾਜ ਅੰਦਰ ਪ੍ਰੇਰਕ ਉਦਾਹਰਣ ਬਣਨਗੇ। ਸੰਸਥਾ ਦੇ ਸਕੱਤਰ ਮੈਡਮ ਅਮਰਜਿਤ ਜਿੰਦ ਨੇ ਸਭ ਦਾ ਧੰਨਵਾਦ ਕਿਤਾ। ਇਸ ਮੌਕੇ ਸਕੂਲ ਦੇ ਮਹਿਲਾ ਸਟਾਫ਼ 'ਚ ਅਮਨ ਆਹਲੂਵਾਲੀਆ, ਬਲਦੇਵ ਰਾਜ, ਅਜ਼ਮੇਰ ਸਿੱਧੂ, ਸੁਖਬੀਰ ਸਿੰਘ, ਸਵਿਤਾ ਰਾਣੀ, ਸਤਨਾਮ ਸਿੰਘ, ਕ੍ਰਿਸ਼ਨਾ ਦੇਵੀ, ਸੰਜੀਵ ਕਸ਼ਯਪ, ਅਮਨਦੀਪ, ਅਨੀਤਾ ਚਾਵਲਾ, ਸੁਖਵਿੰਦਰ ਸਿੰਘ, ਅਲਕਾ ਬੰਗਾ, ਨਰਪਿੰਦਰ, ਸੰਦੀਪ ਸਿੰਘ ਤੋਂ ਇਲਾਵਾ ਸੰਸਥਾ ਦੇ ਮੈਂਬਰ ਗੁਰਨੇਕ ਸ਼ੇਰ, ਸੁਰਜਿਤ ਮਜਾਰੀ, ਦਵਿੰਦਰ ਬੇਗਮਪੁਰੀ, ਹਰੀ ਕ੍ਰਿਸਨ ਪਟਵਾਰੀ, ਦਵਿੰਦਰ ਸਕੋਹਪੁਰੀ ਸ਼ਾਮਲ ਸਨ।

# ਮੈਡੀਕਲ ਹੈਲਥ ਸਾਇੰਸ ਗਰੀਵੀਐਂਸ ਰਿਡਰੈਸਲ ਫੈਡਰੇਸ਼ਨ ਪੰਜਾਬ ਨੇ ਚੁੱਕਿਆ ਮੈਡੀਕਲ ਖੋਜ ਵਿਚ ਧਾਂਦਲੀਆਂ ਦਾ ਮੁੱਦਾ

## ਡੀਆਰਐਮਈ ਮਨ ਮਰਜ਼ੀ ਨਾਲ ਕਰਦਾ ਹੈ ਮੈਡੀਕਲ ਫੈਕਲਟੀ ਨੂੰ ਪ੍ਰੇਸ਼ਾਨ : ਪ੍ਰਧਾਨ ਡਾਕਟਰ ਇਕਬਾਲ ਸਿੰਘ

ਮੈਡੀਕਲ ਹੈਲਥ ਸਾਇੰਸ ਗਰੀਵੀਐਂਸ ਰਿਡਰੈਸਲ ਫੈਡਰੇਸ਼ਨ ਪੰਜਾਬ ਨੇ ਅੱਜ ਡਾਇਰੈਕਟਰ ਖੋਜ ਅਤੇ ਮੈਡੀਕਲ ਸਿੱਖਿਆ ਵਿਚ ਹੋ ਰਹੀਆਂ ਧਾਂਦਲੀਆਂ ਤੇ ਬੇਨਿਯਮੀਆਂ ਵਿਰੁੱਧ ਜਾਰੀ ਕੀਤੇ ਪ੍ਰੈਸ ਨੋਟ ਰਾਹੀਂ ਦੱਸਿਆ ਕਿ ਪੰਜਾਬ ਸਰਕਾਰ ਹੋਰਨਾਂ ਵਿਭਾਗਾਂ ਵਾਂਗ ਮੈਡੀਕਲ ਸਿੱਖਿਆ ਵੱਲ ਵੀ ਖ਼ਾਸ ਤਵੱਜੋ ਦੇਵੇ। ਫੈਡਰੇਸ਼ਨ ਦੀ ਮੀਟਿੰਗ ਪ੍ਰਧਾਨ ਡਾਕਟਰ ਇਕਬਾਲ ਸਿੰਘ ਦੀ ਪ੍ਰਧਾਨਗੀ ਵਿਚ ਹੋਈ ਜਿਸ ਦੌਰਾਨ ਮੀਤ ਪ੍ਰਧਾਨ ਡਾਕਟਰ ਬਿਮਲਾ ਕੌਸ਼ਲ ਨੇ ਕਈ ਵਿਸ਼ੇਸ਼ ਮੁੱਦਿਆਂ ਦੇ ਸਬੰਧ ਵਿਚ ਫੈਡਰੇਸ਼ਨ ਦਾ ਧਿਆਨ ਖਿੱਚਿਆ। ਡਾਕਟਰ ਬਿਮਲਾ ਕੌਸ਼ਲ ਨੇ ਮੀਟਿੰਗ ਦੌਰਾਨ ਕਿਹਾ ਕਿ ਡੀਆਰਐਮਈ ਵੱਲੋਂ ਮੈਡੀਕਲ ਸਿੱਖਿਆ ਅਤੇ ਖੋਜ ਦੇ ਸਿਰਫ਼ ਮੈਡੀਕਲ ਫੈਕਲਟੀ ਦੀ ਹੀ ਸੇਵਾ ਮੁਕਤੀ ਉਮਰ ਪਹਿਲਾਂ 58 ਸਾਲ ਤੋਂ 60 ਸਾਲ ਤੇ ਫੇਰ 62 ਸਾਲ ਕਰਵਾਈ ਤੇ ਹੁਣ ਇਸ ਨੂੰ ਹੋਰ ਵਧਾ ਕੇ 65 ਸਾਲ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਜਦ ਕਿ ਬਾਕੀ ਸਟਾਫ਼ ਜਿਵੇਂ ਕਿ ਨਰਸਿੰਗ ਅਤੇ ਫਾਰਮੇਸੀ ਦੀ ਸੇਵਾ ਮੁਕਤੀ ਉਮਰ ਹੱਕ 58 ਸਾਲ ਹੀ ਹੈ। ਦੱਸਣਾ ਬਣਦਾ ਹੈ ਕਿ ਡਾਕਟਰਾਂ ਦੀ ਸੇਵਾ ਮੁਕਤੀ ਤੋਂ ਬਾਅਦ ਰੀਇੰਪਲਾਈਮੈਂਟ ਦੀ ਉਮਰ 70 ਸਾਲ ਹੈ, ਜੋ ਕਿ ਕਿਸੇ ਵੀ ਤਰ੍ਹਾਂ ਤਰਕਸੰਗਤ ਨਹੀਂ ਹੈ, ਕਿਉਂਕਿ ਜੋ ਡਾਕਟਰ ਆਪਣੀ ਸਾਰੀ ਉਮਰ ਦੀ ਡਿਊਟੀ ਦੌਰਾਨ ਕੁਝ ਖ਼ਾਸ ਨਹੀਂ ਕਰ ਸਕਿਆ ਉਹ 70 ਸਾਲਾਂ ਤੱਕ ਕੀ ਖੋਜ ਕਰੇਗਾ। ਇਸ ਤੋਂ ਇਲਾਵਾ ਮਨਮਰਜ਼ੀ ਨਾਲ ਡੀਆਰਐਮਈ ਵੱਲੋਂ ਮੈਡੀਕਲ ਫੈਕਲਟੀ ਦੇ ਕੁਝ ਅਧਿਆਪਕਾਂ ਦੀਆਂ ਤਰੱਕੀਆਂ ਰੋਕਣ ਲਈ ਏਸੀਆਰ ਨੂੰ ਇਕ ਮਾਰੂ ਹਥਿਆਰ ਦੀ ਤਰ੍ਹਾਂ ਵਰਤਿਆ ਜਾਂਦਾ ਰਿਹਾ ਹੈ, ਜੋ ਅਜੇ ਵੀ ਜਾਰੀ ਹੈ, ਜਿਸ ਕਰਕੇ 15-16 ਸਾਲਾਂ ਤੋਂ ਉਨ੍ਹਾਂ ਦੀਆਂ ਤਰੱਕੀਆਂ ਨਹੀਂ ਹੋਈਆਂ। ਇਸ ਬਾਰੇ ਫੈਡਰੇਸ਼ਨ ਦੇ ਪ੍ਰਧਾਨ ਡਾਕਟਰਇਕਬਾਲ ਸਿੰਘ ਨੇ ਕਿਹਾ ਕਿ ਉਕਤ ਮੁੱਦੇ ਬੜੇ ਅਹਿਮ ਹਨ ਤੇ ਇਸ ਵੱਲ ਸਿਹਤ ਮੰਤਰੀ ਨੂੰ ਖ਼ਾਸ ਤਵੱਜੋ ਦੇਣ ਦੀ ਲੋੜ ਹੈ। ਉਨ੍ਹਾਂ ਸਿਹਤ ਮੰਤਰੀ ਨੂੰ ਕਿਹਾ ਕਿ ਸੇਵਾ ਮੁਕਤੀ ਦਾ ਹੱਕ ਸਭ ਲਈ ਬਰਾਬਰ ਹੋਣਾ ਚਾਹੀਦਾ ਹੈ, ਰੀਇੰਪਲਾਈਮੈਂਟ ਦੀ ਨੀਤੀ ਤੁਰੰਤ ਖ਼ਾਰਜ ਹੋਵੇ ਕਿਉਂਕਿ ਇਹ ਸਰਕਾਰੀ ਖ਼ਜ਼ਾਨੇ ਤੇ ਵਾਧੂ ਭਾਰ ਹੈ, ਇਸ ਤੋਂ ਇਲਾਵਾ ਮੈਡੀਕਲ ਫੈਕਲਟੀ ਦੀਆਂ ਤਰੱਕੀਆਂ 'ਟਾਈਮ-ਬੌਂਡ' ਕਰਨ ਦੀ ਨੀਤੀ ਬਣਾਈ ਜਾਵੇ ਤਾਂ ਕਿ ਕਿਸੇ ਨਾਲ ਕੋਈ ਵੀ ਧੋਖਾ ਨਾ ਕਰ ਸਕੇ। ਇਸ ਮੌਕੇ ਆਯੁਰਵੈਦਿਕ, ਫਾਰਮੇਸੀ, ਨਰਸਿੰਗ ਅਤੇ ਮੈਡੀਕਲ ਦੇ ਫੈਕਲਟੀ ਮੈਂਬਰ ਡਾਕਟਰ ਵੰਦਨਾ ਸਿੰਗਲਾ, ਡਾਕਟਰ ਕਾਨਵ ਗਰਗ, ਸਾਹ ਨਿਵਾਜ ਖ਼ਾਨ, ਸੌਨਮ ਆਦਿ ਮੁਲਾਜ਼ਮ ਹਾਜ਼ਰ ਸਨ।

**ਕੁਲਦੀਪ ਚੰਦ 91-94175-63054**

# ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿੱਚ ਧਰਮਸੋਤ ਦਾ ਤਿੰਨ ਦਿਨਾ ਪੁਲਿਸ ਰਿਮਾਂਡ



**ਐਸ.ਏ.ਐਸ. ਨਗਰ (ਮੁਹ-ਾਲੀ)-** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਅੱਜ ਮੁਹਾਲੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਮੁਲਜ਼ਮ ਨੂੰ ਤਿੰਨ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ। ਧਰਮਸੋਤ ਖ਼ਿਲਾਫ਼ ਜੰਗਲਾਤ ਵਿਭਾਗ ਵਿੱਚ ਕਾਂਗਰਸ ਵਜ਼ਾਰਤ ਸਮੇਂ ਹੋਏ ਵੱਖੋ-ਵੱਖ ਘੁਟਾਲਿਆਂ ਸਬੰਧੀ ਪਹਿਲਾਂ ਹੀ ਭ੍ਰਿਸ਼ਟਾਚਾਰ ਦਾ ਕੇਸ ਚੱਲ ਰਿਹਾ ਹੈ। ਇਸ ਮਾਮਲੇ ਵਿੱਚ ਉਸ ਦੀ ਗ੍ਰਿਫ਼ਤਾਰੀ ਹੋ ਚੁੱਕੀ ਹੈ ਅਤੇ ਹੁਣ ਕਾਫ਼ੀ ਦਿਨਾਂ ਤੋਂ ਜ਼ਮਾਨਤ 'ਤੇ ਸੀ। ਸਾਬਕਾ ਮੰਤਰੀ 'ਤੇ ਪੈਸੇ ਲੈ ਕੇ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਦੀਆਂ ਨਿਯੁਕਤੀਆਂ ਤੇ ਬਦਲੀਆਂ ਕਰਨ ਦਾ ਵੀ ਦੋਸ਼ ਹੈ। ਵਿਜੀਲੈਂਸ ਟੀਮ ਨੇ ਮੁਲਜ਼ਮ ਦੇ ਸੱਤ ਦਿਨ ਦੇ ਪੁਲੀਸ ਰਿਮਾਂਡ ਦੀ ਮੰਗ ਕੀਤੀ। ਦੂਜੇ ਪਾਸੇ ਬਚਾਅ ਪੱਖ ਦੇ ਵਕੀਲਾਂ ਐਚਐਸ ਧਨੋਆ ਤੇ ਹੋਰਨਾਂ ਨੇ ਰਿਮਾਂਡ ਦਾ ਵਿਰੋਧ ਕਰਦਿਆਂ ਅਦਾਲਤ ਨੂੰ ਦੱਸਿਆ ਕਿ ਪਿਛਲੇ 9 ਮਹੀਨਿਆਂ ਵਿੱਚ ਹੁਣ ਤੱਕ ਵਿਜੀਲੈਂਸ ਚਾਰ ਵਾਰ ਪੁੱਛ-ਗਿੱਛ ਕਰ ਚੁੱਕੀ ਹੈ ਅਤੇ ਸਾਬਕਾ ਮੰਤਰੀ ਵੱਲੋਂ ਆਪਣੀ ਆਮਦਨ ਤੇ ਜਾਇਦਾਦ ਦੇ ਵੇਰਵੇ ਦੱਸੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਧਰਮਸੋਤ ਕੋਲ ਸਿਰਫ਼ ਐਮਐਲਏ ਸੁਸਾਇਟੀ ਵਿੱਚ ਇੱਕ ਫਲੈਟ ਹੈ। ਇਸ ਤੋਂ ਬਿਨਾਂ ਉਸ ਦੇ ਨਾਂ 'ਤੇ ਕੋਈ ਜਾਇਦਾਦ ਨਹੀਂ ਹੈ। ਉਨ੍ਹਾਂ ਵਿਜੀਲੈਂਸ ਦੀ ਕਾਰਵਾਈ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ।

# ਮੈਕਸੀਕੋ ਤੋਂ ਅਮਰੀਕਾ ਦਾਖਲੇ ਲਈ ਭਾਰਤੀਆਂ ਤੋਂ ਵਸੂਲੇ ਜਾਂਦੇ 17 ਲੱਖ ਰੁਪਏ-ਡੈਨੀਅਲਸ

**ਵਾਸ਼ਿੰਗਟਨ–** ਅਮਰੀਕਾ ਦੀ ਮੈਕਸੀਕੋ ਸਰਹੱਦ ਨੂੰ ਲੈ ਕੇ ਖ਼ਬਰ ਸਾਹਮਣੇ ਆਈ ਹੈ। ਐਰੀਜ਼ੋਨਾ ਦੇ ਕੋਚੀਜ਼ ਕਾਊਂਟੀ ਦੇ ਸ਼ੈਰਿਫ ਮਾਰਕ ਡੈਨੀਅਲਸ ਨੇ ਵਾਸ਼ਿੰਗਟਨ ਵਿੱਚ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ ਭਾਰਤੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਅਮਰੀਕੀ ਸਰਹੱਦ ਪਾਰ ਕਰਨ ਵਿੱਚ ਮਦਦ ਕਰਨ ਲਈ ਉਨ੍ਹਾਂ ਤੋਂ ਔਸਤਨ 21,000 ਡਾਲਰ ਵਸੂਲਦੇ ਹਨ। ਡੈਨੀਅਲਸ ਨੇ ਇਸ ਹਫ਼ਤੇ ਸਦਨ ਦੀ ਨਿਆਂਪਾਲਿਕਾ ਕਮੇਟੀ ਦੇ ਮੈਂਬਰਾਂ ਨੂੰ ਦੱਸਿਆ ਕਿ ਇੱਕ ਅਪਰਾਧਿਕ ਸੰਗਠਨ ਨੇ ਵਿਦੇਸ਼ੀ ਨਾਗਰਿਕ ਤੋਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਐਂਟਰੀ ਕਰਾਉਣ ਲਈ ਘੱਟੋ-ਘੱਟ 7,000 ਡਾਲਰ ਵਸੂਲੇ। ਡੈਨੀਅਲਸ ਨੇ ਕਿਹਾ ਕਿ ਮੈਕਸੀਕੋ ਨਾਲ ਲੱਗਦੀ ਸਰਹੱਦ ਸੁਰੱਖਿਅਤ ਨਹੀਂ ਹੈ। ਅਮਰੀਕਾ ਦੀ ਦੱਖਣੀ ਸਰਹੱਦ 'ਤੇ ਅੰਤਰਰਾਸ਼ਟਰੀ ਅਪਰਾਧਿਕ ਸੰਗਠਨਾਂ ਦਾ ਕਬਜ਼ਾ ਹੈ। ਉਨ੍ਹਾਂ ਕਿਹਾ, "ਉਹ ਤੈਅ ਕਰਦੇ ਹਨ ਕਿ ਕੌਣ ਆਵੇਗਾ। ਉਨ੍ਹਾਂ ਦੀ ਫ਼ੀਸ ਇਸ ਗੱਲ ਨਾਲ ਤੈਅ ਹੁੰਦੀ ਹੈ ਕਿ ਤੁਸੀਂ ਕੌਣ ਹੋ। ਕੀ ਤੁਸੀਂ ਕਿਸੇ ਹੋਰ ਦੇਸ਼ ਤੋਂ ਆਉਣ ਵਾਲੇ ਅੱਤਵਾਦੀ ਹੋ?" ਉਨ੍ਹਾਂ ਕਿਹਾ ਕਿ ਇਸ ਲਈ ਜਦੋਂ ਉਹ ਦੇਸ਼ ਵਿੱਚ ਆਉਂਦੇ ਹਨ, ਤਾਂ ਉਹ ਇਹਨਾਂ ਸੰਗਠਨਾਂ ਦੇ ਗੁਲਾਮ ਬਣ ਜਾਂਦੇ ਹਨ, ਜੋ ਵੇਸਵਾਪੁਣਾ, ਸੰਗਠਿਤ ਅਪਰਾਧ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਮਜ਼ਦੂਰੀ ਲਈ ਇਨ੍ਹਾਂ ਨੂੰ ਵਰਤਦੇ ਹਨ। ਉਨ੍ਹਾਂ ਨੇ ਕਾਂਗਰਸ ਮੈਂਬਰ ਬੈਰੀ ਮੂਰ ਦੇ ਇਕ ਸਵਾਲ ਦੇ ਜਵਾਬ ਵਿੱਚ ਕਿਹਾ, 'ਮੈਨੂੰ ਲੱਗਦਾ ਹੈ ਕਿ ਭਾਰਤੀਆਂ ਤੋਂ 21,000 ਡਾਲਰ ਲਏ ਜਾਂਦੇ ਹਨ, ਪਰ ਇਸ ਸਮੇਂ ਘੱਟੋ-ਘੱਟ ਰਾਸ਼ੀ ਲਗਭਗ 7,000 ਡਾਲਰ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਲੋਕਾਂ ਕੋਲ ਇੰਨਾ ਪੈਸਾ ਨਹੀਂ ਹੁੰਦਾ ਹੈ।'



# ਕੈਨੇਡਾ 'ਚ ਸੜਕ ਦੇ ਇੱਕ ਹਿੱਸੇ ਦਾ ਨਾਂ 'ਕਾਮਾਗਾਟਾ ਮਾਰੂ' ਵੇਅ ਹੋਵੇਗਾ

**ਟੋਰਾਂਟੋ–** ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ 'ਚ ਐਬਟਸਫੋਰਡ ਸੜਕ ਦੇ ਇੱਕ ਹਿੱਸੇ ਦਾ ਨਾਂ ਕਾਮਾਗਾਟਾ ਮਾਰੂ ਵੇਅ ਦਾ ਨਾਂ ਦਿੱਤਾ ਜਾਵੇਗਾ। ਸਾਲ 1914 ਵਿੱਚ ਭਾਰਤ ਤੋਂ ਕੈਨੇਡਾ ਗਏ 376 ਭਾਰਤੀਆਂ ਦੀ ਯਾਦ ਵਿੱਚ ਇਹ ਫੈਸਲਾ ਲਿਆ ਗਿਆ ਹੈ, ਜਿਨ੍ਹਾਂ ਨੂੰ ਨਸਲਵਾਦੀ ਨੀਤੀਆਂ ਕਾਰਨ ਦਾਖ਼ਲ ਨਹੀਂ ਹੋਣ ਦਿੱਤਾ ਗਿਆ ਸੀ। ਇਹ ਫੈਸਲਾ ਵੈਨਕੂਵਰ ਵਿੱਚ ਕਾਮਾਗਾਟਾਮਾਰੂ ਜਹਾਜ਼ ਵਿੱਚ ਫਸੇ ਲੋਕਾਂ ਦੇ ਵੰਸ਼ਜਾਂ ਦੀ ਬੇਨਤੀ ਤੋਂ ਬਾਅਦ ਆਇਆ ਹੈ, ਜਿਨ੍ਹਾਂ ਨੇ ਕੌਂਸਲ ਨੂੰ ਉਸ ਸਮੇਂ ਐਬਟਸਫੋਰਡ ਦੇ ਦੱਖਣੀ ਏਸ਼ੀਆਈ ਭਾਈਚਾਰੇ ਦੁਆਰਾ ਨਿਭਾਈ ਗਈ ਮਾਨਵਤਾਵਾਦੀ ਭੂਮਿਕਾ ਨੂੰ ਯਾਦ ਕਰਨ ਲਈ ਕਿਹਾ ਸੀ। ਐਬਟਸਫੋਰਡ ਸਿਟੀ ਕਾਉਂਸਿਲ ਨੇ ਪਿਛਲੇ ਹਫਤੇ ਸਰਬਸੰਮਤੀ ਨਾਲ ਸਾਊਥ ਫਰੇਜ਼ਰ ਵੇਅ ਦੇ ਇੱਕ ਹਿੱਸੇ ਦਾ ਨਾਮ ਬਦਲਣ ਲਈ ਵੋਟ ਕੀਤਾ ਸੀ, ਜੋ ਕਿ ਵੇਅਰ ਸਟਰੀਟ ਤੋਂ ਫੇਅਰਲੇਨ ਸਟ੍ਰੀਟ, ਕਾਮਾਗਾਟਾ ਮਾਰੂ ਵੇਅ ਤੱਕ ਫੈਲਿਆ ਹੋਇਆ ਹੈ। ਇਸ ਪ੍ਰੋਜੈਕਟ ਦਾ ਨਾਮ ਬਦਲਣ 'ਤੇ $4,000 ਦੀ ਲਾਗਤ ਆਵੇਗੀ। ਕੌਂਸਲ ਨੇ ਐਬਟਸਫੋਰਡ ਸਿੱਖ ਟੈਂਪਲ ਵਿਖੇ 10,000 ਡਾਲਰ ਦੀ ਲਾਗਤ ਨਾਲ ਇੱਕ ਤਖ਼ਤੀ ਅਤੇ ਕਾਮਾਗਾਟਾਮਾਰੂ ਘਟਨਾ ਬਾਰੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਾਣੂ ਕਰਵਾਉਣ ਲਈ ਇੱਕ ਵਿਦਿਅਕ ਕਿੱਟ ਲਈ ਵੀ ਵੋਟ ਦਿੱਤੀ। ਕਾਮਾਗਾਟਾਮਾਰੂ ਕਾਂਡ 1914 ਵਿੱਚ ਇੱਕ ਮਹੱਤਵਪੂਰਨ ਨਸਲਵਾਦੀ ਘਟਨਾ ਸੀ। ਐਬਟਸਫੋਰਡ ਸਿਟੀ ਕੌਂਸਲ ਦੇ ਮੈਂਬਰ ਡੇਵ ਸਿੱਧੂ ਨੇ ਕਿਹਾ ਕਿ ਇਹ ਫੈਸਲਾ ਲੋਕਾਂ ਨੂੰ ਸਮਝਣ ਅਤੇ ਨਾਲ ਲੈ ਕੇ ਚੱਲਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਅਤੇ ਹਰ ਕਿਸੇ ਦੇ ਸੱਭਿਆਚਾਰਕ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਉਨ੍ਹਾਂ ਦਾ ਸਨਮਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਇਹ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਮਜ਼ਬੂਤ ਸੰਦੇਸ਼ ਦਿੰਦਾ ਹੈ ਕਿ ਸਾਡੇ ਕੋਲ ਸਾਰਿਆਂ ਲਈ ਨਿਆਂਪੂਰਨ ਸਮਾਜ ਹੈ।

ਕਾਬਲੇਗੌਰ ਹੈ ਕਿ 4 ਅਪ੍ਰੈਲ 1914 ਨੂੰ ਜਾਪਾਨੀ ਜਹਾਜ਼ 'ਕਾਮਾਗਾਟਾ ਮਾਰੂ' 376 ਭਾਰਤੀ ਯਾਤਰੀਆਂ ਨੂੰ ਲੈ ਕੇ ਬ੍ਰਿਟਿਸ਼ ਕੋਲੰਬੀਆ ਤੱਟ ਲਈ ਹਾਂਗਕਾਂਗ ਤੋਂ ਰਵਾਨਾ ਹੋਇਆ ਸੀ। ਜਹਾਜ਼ ਨੂੰ ਬ੍ਰਿਟਿਸ਼ ਕੋਲੰਬੀਆ ਦੇ ਤੱਟ 'ਤੇ ਪਹੁੰਚਣ ਤੋਂ ਬਾਅਦ ਇਨ੍ਹਾਂ ਲੋਕਾਂ ਨੂੰ ਕੈਨੇਡਾ ਵਿਚ ਦਾਖਲਾ ਨਹੀਂ ਦਿੱਤਾ ਗਿਆ ਸੀ। ਜਿਸ ਕਾਰਨ ਉਨ੍ਹਾਂ ਨੂੰ ਕੋਲਕਾਤਾ ਵਾਪਸ ਮੁੜਣ ਲਈ ਮਜਬੂਰ ਹੋਣਾ ਪਿਆ। 376 ਭਾਰਤੀਆਂ ਵਿੱਚ 340 ਸਿੱਖ, 24 ਮੁਸਲਮਾਨ ਅਤੇ 12 ਹਿੰਦੂ ਸਨ। ਜਦੋਂ ਉਹ ਕੋਲਕਾਤਾ ਪਹੁੰਚਿਆ ਤਾਂ ਬ੍ਰਿਟਿਸ਼ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ। ਇਸ ਮਗਰੋਂ ਹਿੰਸਾ ਸ਼ੁਰੂ ਹੋ ਗਈ ਅਤੇ ਪੁਲਿਸ ਗੋਲੀਬਾਰੀ 'ਚ 22 ਲੋਕ ਮਾਰੇ ਗਏ।



# ਰੈਫਰੀ ਨੇ 15 ਸਾਲਾ ਸਿੱਖ ਖਿਡਾਰੀ ਨੂੰ ਪਟਕਾ ਉਤਾਰਨ ਨੂੰ ਕਿਹਾ, ਫੁੱਟਬਾਲ ਟੀਮਾਂ ਨੇ ਕੀਤਾ ਬਾਈਕਾਟ

**ਸਪੇਨ–** ਇੱਥੇ ਇਕ ਫੁੱਟਬਾਲ ਮੈਚ ਦੌਰਾਨ ਜਦੋਂ ਰੈਫਰੀ ਨੇ ਇਕ 15 ਸਾਲਾ ਸਿੱਖ ਲੜਕੇ ਨੂੰ ਪਟਕਾ ਉਤਾਰ ਕੇ ਆਉਣ ਲਈ ਕਿਹਾ ਤਾਂ ਦੋਵਾਂ ਟੀਮਾਂ ਨੇ ਵਿਰੋਧ ਕਰ ਦਿੱਤਾ। ਰੈਫਰੀ ਜਦੋਂ ਧਾਰਮਿਕ ਚਿੰਨ੍ਹਾਂ ਬਾਰੇ ਦੱਸਣ ਦੇ ਬਾਵਜੂਦ ਵੀ ਨਹੀਂ ਮੰਨਿਆ ਤਾਂ ਅਰਾਟੀਆ ਕਲੱਬ ਦੇ ਨਾਲ ਨਾਲ ਵਿਰੋਧੀ ਟੀਮ (ਪਡੁਰਾ ਡੀ ਅਰਿਗੋਰਿਯਾਗਾ) ਨੇ ਵੀ ਮੈਚ ਦਾ ਬਾਈਕਾਟ ਕਰ ਦਿੱਤਾ। ਸਥਾਨਕ ਅਖਬਾਰ ਲਾ ਵਾਨਗਾਰਡੀਆ ਅਨੁਸਾਰ ਰੈਫਰੀ ਨੇ 15 ਸਾਲਾ ਲੜਕੇ ਗੁਰਪ੍ਰੀਤ ਸਿੰਘ ਨੂੰ ਆਪਣਾ ਪਟਕਾ ਉਤਾਰਨ ਲਈ ਕਿਹਾ ਕਿਉਂਕਿ ਉਸ ਨੇ ਖਿਡਾਰੀਆਂ ਨੂੰ ਸਮਝਾਉਂਦਿਆਂ ਕਿਹਾ ਕਿ ਉਸ ਨੇ ਟੋਪੀ ਪਾਈ ਹੋਈ ਹੈ' ਜਿਸ ਦੀ ਨਿਯਮਾਂ ਅਨੁਸਾਰ ਮਨਾਹੀ ਹੈ। ਗੁਰਪ੍ਰੀਤ ਸਿੰਘ ਦੀ ਟੀਮ ਦੇ ਸਾਥੀ ਸਭ ਤੋਂ ਪਹਿਲਾਂ ਉਨ੍ਹਾਂ ਦਾ ਸਮਰਥਨ ਕਰਨ ਆਏ। ਉਨ੍ਹਾਂ ਨੇ ਰੈਫਰੀ ਨੂੰ ਸਮਝਾਇਆ ਕਿ ਇਹ ਉਨ੍ਹਾਂ ਦੇ ਧਰਮ ਨਾਲ ਜੁੜਿਆ ਇਕ ਤੱਤ ਹੈ, ਜਿਸ ਨਾਲ ਉਹ ਹਮੇਸ਼ਾ ਖੇਡਦੇ ਰਹੇ ਹਨ। ਜਦੋਂ ਰੈਫਰੀ ਨੇ ਹਿੱਲਣ ਤੋਂ ਮਨ੍ਹਾ ਕਰ ਦਿੱਤਾ ਤਾਂ ਉਨ੍ਹਾਂ ਨੇ ਵੀ ਖੇਡ ਦਾ ਮੈਦਾਨ ਛੱਡਣ ਦਾ ਫ਼ੈਸਲਾ ਕੀਤਾ। ਕਲੱਬ ਅਰਾਟੀਆ ਦੇ ਪ੍ਰਧਾਨ ਪੇਡਰੋ ਓਰਮਜ਼ਾਬਲ ਨੇ ਦੱਸਿਆ ਕਿ ਗੁਰਪ੍ਰੀਤ ਪਿਛਲੇ ਤਕਰੀਬਨ ਪੰਜ ਸਾਲ ਤੋਂ ਇਸੇ ਰੂਪ ਵਿਚ ਕਲੱਬ ਲਈ ਫੁੱਟਬਾਲ ਖੇਡ ਰਿਹਾ ਹੈ। ਸਾਨੂੰ ਇਸ ਤੋਂ ਪਹਿਲਾਂ ਕੋਈ ਸਮੱਸਿਆ ਨਹੀਂ ਹੋਈ ਹੈ ਪਰ ਹੁਣ ਜੋ ਸਥਿਤੀ ਪੈਦਾ ਹੋਈ ਹੈ, ਇਹ ਨਿਸ਼ਚਿਤ ਤੌਰ 'ਤੇ ਅਪਮਾਨਜਨਕ ਹੈ। ਅਰੀਗੋਰਰੀਆਗਾ ਵਿਚ ਜੋ ਹੋਇਆ ਉਹ ਕਿਤੇ ਵੀ ਹੋ ਸਕਦਾ ਹੈ।



# ਗੁਰੂ ਰਵਿਦਾਸ ਪੁਰਬ 'ਤੇ ਸਮਾਗਮ ਕਰਵਾਉਣਾ ਭੁੱਲੀ ਭਗਵੰਤ ਸਰਕਾਰ : ਵਿਜੇ ਸਾਂਪਲਾ

**ਚੰਡੀਗੜ੍ਹ–** ਨੈਸ਼ਨਲ ਕਮਿਸ਼ਨ ਫਾਰ ਸ਼ਡਿਊਲਡ ਕਾਸਟ (ਐਨਸੀਐਸਸੀ) ਦੇ ਚੇਅਰਮੈਨ ਵਿਜੇ ਸਾਂਪਲਾ ਨੇ ਕਿਹਾ ਹੈ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਮੌਕੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਸੂਬਾ ਪੱਧਰੀ ਸਮਾਗਮ ਨਾ ਕਰਕੇ ਅਨੁਸੂਚਿਤ ਜਾਤੀਆਂ ਨੂੰ ਪੰਜਾਬ ਵਿੱਚ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਹੈ। 'ਆਪ' ਸਰਕਾਰ, ਜੋ ਆਪਣੇ ਦਫ਼ਤਰਾਂ 'ਚ ਅਤੇ ਮੁੱਖ ਮੰਤਰੀ ਭਗਵੰਤ ਮਾਨ ਤੇ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਦੀਆਂ ਕੁਰਸੀਆਂ ਦੇ ਪਿੱਛੇ ਡਾ: ਬੀ।ਆਰ। ਅੰਬੇਡਕਰ ਦੀਆਂ ਤਸਵੀਰਾਂ ਲਗਾ ਅਨੁਸੂਚਿਤ ਜਾਤੀਆਂ ਦੀ ਹਮਾਇਤ ਦੇ ਡਰਾਮੇ ਕਰਦੀ ਹੈ, ਗੁਰੂ ਰਵਿਦਾਸ ਪ੍ਰਕਾਸ਼ ਪੁਰਬ 'ਤੇ ਖੁਰਾਲਗੜ੍ਹ ਵਿਖੇ ਰਾਜ ਪੱਧਰੀ ਸਮਾਗਮ ਨਾ ਕਰਕੇ ਆਪਣਾ ਦਲਿਤ ਵਿਰੋਧੀ ਚਿਹਰਾ ਦਿਖਾਇਆ ਹੈ ਅਤੇ ਇਸ ਨਾਲ ਐਸ।ਸੀ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਬੁਰੀ ਤਰ੍ਹਾਂ ਠੇਸ ਪਹੁੰਚੀ ਹੈ।



ਇਸ ਸਾਲ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ 5 ਫਰਵਰੀ ਨੂੰ ਮਨਾਇਆ ਜਾ ਰਿਹਾ ਹੈ। ਸਾਂਪਲਾ ਨੇ ਕਿਹਾ ਕਿ ਪਿਛਲੇ ਵੀਹ ਸਾਲਾਂ ਵਿੱਚ, ਵੱਖ-ਵੱਖ ਸਮਿਆਂ 'ਤੇ, ਸੱਤਾ 'ਤੇ ਕਾਬਜ਼ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਵੱਲੋਂ ਇਸ ਮੌਕੇ ਸੂਬਾ ਪੱਧਰੀ ਸਮਾਗਮ ਕੀਤੇ ਜਾਂਦੇ ਰਹੇ । ਜਿਸ ਵਿੱਚ ਸਰਕਾਰ ਦੇ ਮੰਤਰੀ ਅਤੇ ਸੱਤਾਧਾਰੀ ਧਿਰ ਦੇ ਆਗੂ ਵੀ ਸ਼ਮੂਲੀਅਤ ਕਰਦੇ ਸਨ । ਸੂਬਾ ਪੱਧਰੀ ਸਮਾਗਮ ਤੋਂ ਇਲਾਵਾ ਸਰਕਾਰ ਵੱਲੋਂ ਇਸ ਇਤਿਹਾਸਕ ਖਿੱਤੇ ਲਈ ਵਿਕਾਸ ਪ੍ਰੋਜੈਕਟਾਂ ਅਤੇ ਗ੍ਰਾਂਟਾਂ ਦਾ ਐਲਾਨ ਵੀ ਕੀਤਾ ਜਾਂਦਾ ਸੀ। ਪਿਛਲੇ ਕਈ ਸਾਲਾਂ ਵਿੱਚ ਪਹਿਲੀ ਵਾਰ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਮੌਕੇ ਖੁਰਾਲਗੜ੍ਹ ਵਿੱਚ ਕੋਈ ਸੂਬਾ ਪੱਧਰੀ ਸਮਾਗਮ ਨਹੀਂ ਕਰਵਾਇਆ ਗਿਆ। ਦਲਿਤ ਭਾਈਚਾਰੇ ਲਈ ਖੁਰਾਲਗੜ੍ਹ ਸਾਹਿਬ ਸੂਬੇ ਦਾ ਸਭ ਤੋਂ ਮਹੱਤਵਪੂਰਨ ਸਥਾਨ ਹੈ ਕਿਉਂਕਿ ਗੁਰੂ ਰਵਿਦਾਸ ਜੀ ਨੇ ਇੱਥੇ ਚਾਰ ਸਾਲ, ਦੋ ਮਹੀਨੇ ਅਤੇ ਗਿਆਰਾਂ ਦਿਨ ਰਹਿ ਕੇ ਸਿਮਰਨ ਕੀਤਾ ਸੀ।

# ਵਿਨੋਦ ਕਾਂਬਲੀ 'ਤੇ ਪਤਨੀ ਦੇ ਸਿਰ ਵਿਚ ਕੜਾਹੀ ਮਾਰਨ ਦਾ ਦੋਸ਼

**ਮੁੰਬਈ–** ਪੁਲਿਸ ਨੇ ਸਾਬਕਾ ਕ੍ਰਿਕਟਰ ਵਿਨੋਦ ਕਾਂਬਲੀ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਕਾਂਬਲੀ 'ਤੇ ਦੋਸ਼ ਹੈ ਕਿ ਉਸ ਨੇ ਸ਼ੁੱਕਰਵਾਰ ਨੂੰ ਨਸ਼ੇ ਦੀ ਹਾਲਤ ਵਿੱਚ ਆਪਣੀ ਪਤਨੀ ਨਾਲ ਕੁੱਟਮਾਰ ਕੀਤੀ ਤੇ ਗਾਲੀ ਗਲੋਚ ਕੀਤਾ। ਇਸ ਘਟਨਾ ਬਾਂਦਰਾ ਸਥਿਤ ਰਿਹਾਇਸ਼ 'ਤੇ ਵਾਪਰੀ। ਫਿਲਹਾਲ ਕ੍ਰਿਕਟਰ ਨੂੰ ਗ੍ਰਿਫ਼ਤਾਰ ਨਹੀਂ



ਕੀਤਾ ਗਿਆ ਹੈ। ਕਾਂਬਲੀ ਦੀ ਪਤਨੀ ਐਂਡਰੀਆ ਨੇ ਪੁਲਿਸ ਨੇ ਦੱਸਿਆ ਕਿ ਕਾਂਬਲੀ ਨੇ ਉਸ 'ਦੇ ਕੜਾਹੀ ਦਾ ਹੈਂਡਲ ਸੁੱਟਿਆ ਜਿਸ ਕਾਰਨ ਉਸ ਦੇ ਸਿਰ ਵਿੱਚ ਸੱਟ ਲੱਗੀ। ਬਾਂਦਰਾ ਪੁਲਿਸ ਅਨੁਸਾਰ ਵਿਨੋਦ ਕਾਂਬਲੀ ਦੇ ਖਿਲਾਫ ਆਈਪੀਸੀ ਦੀ ਧਾਰਾ 324 ਅਤੇ 504 ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਬਾਂਦਰਾ ਪੁਲਿਸ ਨੇ ਦੱਸਿਆ ਕਿ ਕਾਂਬਲੀ ਦੀ ਪਤਨੀ ਸ਼ਿਕਾਇਤ ਦਰਜ ਕਰਵਾਉਣ ਤੋਂ ਪਹਿਲਾਂ ਭਾਭਾ ਹਸਪਤਾਲ ਗਈ ਸੀ ਅਤੇ ਮੈਡੀਕਲ ਕਰਵਾਇਆ ਸੀ। ਸਾਬਕਾ ਕ੍ਰਿਕਟਰ ਅਤੇ ਉਸ ਦੀ ਪਤਨੀ ਵਿਚਕਾਰ ਹੋਏ ਝਗੜੇ ਨੂੰ ਉਸ ਦੇ 12 ਸਾਲ ਦੇ ਬੇਟੇ ਨੇ ਦੇਖਿਆ, ਜੋ ਇਹ ਸਭ ਦੇਖ ਕੇ ਘਬਰਾ ਗਿਆ। ਵਿਨੋਦ ਕਾਂਬਲੀ ਦਾ ਮੋਬਾਈਲ ਫ਼ੋਨ ਸਵਿੱਚ ਆਫ਼ ਆ ਰਿਹਾ ਹੈ। ਐਂਡਰੀਆ ਨੇ ਪੁਲਿਸ ਨੂੰ ਦਿੱਤੀ ਆਪਣੀ ਸ਼ਿਕਾਇਤ 'ਚ ਕਿਹਾ ਹੈ, 'ਉਹ ਮੈਨੂੰ ਧਮਕੀਆਂ ਦਿੰਦਾ ਰਹਿੰਦਾ ਹੈ। ਉਹ ਮੈਨੂੰ ਅਤੇ ਮੇਰੇ ਬੱਚੇ ਨਾਲ ਦੁਰਵਿਵਹਾਰ ਕਰਦੇ ਹਨ, ਉਨ੍ਹਾਂ ਨੂੰ ਕੁੱਟਦੇ ਵੀ ਹਨ। ਕੁਕਿੰਗ ਪੈਨ ਨਾਲ ਕੁੱਟਣ ਤੋਂ ਬਾਅਦ, ਉਨ੍ਹਾਂ ਨੇ ਸਾਨੂੰ ਬੱਲੇ ਨਾਲ ਵੀ ਕੁੱਟਿਆ।

# ਕੈਬਨਿਟ ਮੰਤਰੀ ਅਮਨ ਅਰੋੜਾ ਦੀ ਹਾਜ਼ਰੀ ਵਿੱਚ ਪਰਮਿੰਦਰ ਕੌਰ ਬਰਾੜ ਨੇ ਨਗਰ ਕੌਂਸਲ ਲੌਂਗੋਵਾਲ ਦੇ ਪ੍ਰਧਾਨ ਵਜੋਂ ਅਹੁਦਾ ਸੰਭਾਲਿਆ

**ਲੌਂਗੋਵਾਲ, (ਦਲਜੀਤ ਕੌਰ )–** ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੀ ਹਾਜ਼ਰੀ ਵਿੱਚ ਅੱਜ ਨਗਰ ਕੌਂਸਲ ਲੌਂਗੋਵਾਲ ਦੀ ਨਵੀਂ ਬਣੀ ਪ੍ਰਧਾਨ ਪਰਮਿੰਦਰ ਕੌਰ ਬਰਾੜ ਵੱਲੋਂ ਆਪਣਾ ਅਹੁਦਾ ਸੰਭਾਲਿਆ ਗਿਆ। ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਮੁਬਾਰਕਬਾਦ ਦਿੰਦਿਆਂ ਕੌਂਸਲ ਦੇ ਦਾਇਰੇ ਅਧੀਨ ਬਹੁ ਪੱਖੀ ਵਿਕਾਸ ਕਾਰਜ ਕਰਵਾਉਣ ਲਈ ਇਕਜੁੱਟ ਹੋ ਕੇ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਲੋਕਾਂ ਦੇ ਦਿਲਾਂ ਉੱਪਰ ਰਾਜ ਕਰਨ ਲਈ ਲੌਂਗੋਵਾਲ ਵਿਖੇ ਪੂਰੀ ਜ਼ਿੰਮੇਵਾਰੀ ਅਤੇ ਤਨਦੇਹੀ ਨਾਲ ਵੱਧ ਤੋਂ ਵੱਧ ਵਿਕਾਸ ਕੰਮ ਕਰਵਾਏ ਜਾਣ ਤਾਂ ਜੋ ਕੰਮ ਪੱਖੋਂ ਮਿਸਾਲ ਕਾਇਮ ਹੋ ਸਕੇ। ਕੈਬਨਿਟ ਮੰਤਰੀ ਸ੍ਰੀ ਅਰੋੜਾ ਨੇ ਕਿਹਾ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਸੁਨਾਮ ਵਿੱਚ ਕਰੋੜਾਂ ਰੁਪਏ ਦੀ ਲਾਗਤ ਵਾਲੇ ਪ੍ਰੋ-ਜੈਕਟ ਮੰਜ਼ੂਰ ਕੀਤੇ ਗਏ ਹਨ ਅਤੇ ਇਸੇ ਲੜੀ ਤਹਿਤ ਪਿਛਲੇ ਅੱਠ ਮਹੀਨਿਆਂ ਅੰਦਰ ਉਨ੍ਹਾਂ ਵੱਲੋਂ ਹਲਕਾ ਸੁਨਾਮ ਵਿਖੇ ਅਨੇਕਾਂ ਲੋਕ-ਪੱਖੀ ਪਹਿਲਕਦਮੀਆਂ ਜੋਸ਼ੋ ਖਰੋਸ਼ ਨਾਲ ਆਰੰਭ ਕਰ ਦਿੱਤੀਆਂ ਗਈਆਂ ਹਨ। ਕੈਬਨਿਟ ਮੰਤਰੀ ਸ੍ਰੀ ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਭਾਈ ਮਤੀ ਦਾਸ ਸੀਨੀਅਰ ਸੈਕੰਡਰੀ ਸਕੂਲ ਲੌਂਗੋਵਾਲ ਨੂੰ ਸਕੂਲ ਆਫ਼ ਐਮੀਨੈਂਸ ਵਜੋਂ ਅਪਗ੍ਰੇਡ ਕਰਨ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਅਤੇ 3.97 ਕਰੋੜ ਰੁਪਏ ਦੀ ਲਾਗਤ ਵਾਲੇ ਖੇਡ ਸਟੇਡੀਅਮ ਦੇ ਬਣਨ ਨਾਲ ਵੀ ਲੌਂਗੋਵਾਲ ਅਤੇ ਨੇੜਲੇ ਪਿੰਡਾਂ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾ ਸਕੇਗਾ।



ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਰਕਾਰੀ ਸਕੂਲ ਲੌਂਗੋਵਾਲ ਲਈ 3.62 ਕਰੋੜ ਰੁਪਏ ਪ੍ਰਵਾਨ ਕੀਤੇ ਜਾ ਚੁੱਕੇ ਹਨ। ਇਸੇ ਤਰ੍ਹਾਂ ਲੌਂਗੋਵਾਲ ਵਿਖੇ ਹੀ 1.31 ਕਰੋੜ ਨਾਲ ਬੱਸ ਸਟੈਂਡ ਬਣੇਗਾ ਅਤੇ 38 ਲੱਖ ਰੁਪਏ ਦੀ ਲਾਗਤ ਨਾਲ ਹਸਪਤਾਲ ਦਾ ਕਾਇਆਕਲਪ ਹੋਵੇਗਾ। ਉਨ੍ਹਾਂ ਕਿਹਾ ਕਿ ਲੌਂਗੋਵਾਲ ਵਿਖੇ ਸੀਵਰੇਜ ਟ੍ਰੀਟਮੈਂਟ ਪਲਾਂਟ 31 ਮਾਰਚ ਤੱਕ ਚਾਲੂ ਹੋ ਜਾਵੇਗਾ। ਇਸ ਮੌਕੇ ਕਾਰਜਸਾਧਕ ਅਫ਼ਸਰ ਅੰਮ੍ਰਿਤ ਲਾਲ, ਮੀਤ ਪ੍ਰਧਾਨ ਰਣਜੀਤ ਸਿੰਘ ਸਿੱਧੂ, ਕੌਂਸਲਰ ਸੁਸ਼ਮਾ ਰਾਣੀ, ਕੌਂਸਲਰ ਰੀਨਾ ਰਾਣੀ, ਕੌਂਸਲਰ ਗੁਰਮੀਤ ਸਿੰਘ ਫੌਜੀ, ਕੌਂਸਲਰ ਗੁਰਮੀਤ ਸਿੰਘ ਲੱਲੀ, ਕੌਂਸਲਰ ਮੇਲਾ ਸਿੰਘ, ਬਲਵਿੰਦਰ ਸਿੰਘ ਸਰਪੰਚ, ਸੁਖਪਾਲ ਸਿੰਘ ਤੋਚੀ, ਸੁਖਪਾਲ ਸਿੰਘ ਬਾਜਵਾ, ਸ਼ੀਸ਼ਨ ਪਾਲ ਗਰਗ, ਹਰਦੀਪ ਸਿੰਘ ਸਿੱਪੀ, ਰਾਜ ਸਿੰਘ ਤੇਲੋ, ਭੀਮ ਦਾਸ, ਸੁਰਜੀਤ ਸਿੰਘ ਸੱਲ੍ਹਣ, ਰਾਮ ਚਰਨ ਦਾਸ, ਵਿੱਕੀ ਵਸ਼ਿਸ਼ਟ, ਰਾਜ ਸਿੰਘ ਰਾਜੂ, ਗੁਰਜੰਟ ਖਾਨ, ਕਰਮ ਸਿੰਘ ਬਰਾੜ, ਬਲਕਾਰ ਸਿੰਘ, ਬਲਵਿੰਦਰ ਕਾਮਰੇਡ, ਪ੍ਰੀਤਮ ਹੌਲਦਾਰ, ਕਮਲ ਬਰਾੜ ਵੀ ਹਾਜ਼ਰ ਸਨ।

# 2023 ਵਿਸ਼ਵ ਹਾਕੀ ਕੱਪ ਭਾਰਤੀ ਟੀਮ ਨੇ ਕਿਉਂ ਹਾਰਿਆ?

**ਪ੍ਰੋਫੈਸਰ ਪਰਮਜੀਤ ਸਿੰਘ ਰੰਧਾਵਾ**

---------------

ਓਡੀਸ਼ਾ ਵਿਸ਼ਵ ਕੱਪ ਹਾਕੀ ਦੇ ਕੁਆਰਟਰ ਫਾਈਨਲ ’ਚ ਵੀ ਪਹੁੰਚ ਨਾ ਸਕੀ ਸਾਡੀ ਟੀਮ, ਤਗਮਾ ਜਿੱਤਣਾ ਤਾਂ ਦੂਰ ਦੀ ਗੱਲ ਸੀ। ਇਸ ਟੀਮ ਦੀ ਇਸ ਟੂਰਨਾਮੈਂਟ ਵਿਚ ਕਾਰਗੁਜ਼ਾਰੀ ਮਨੋਵਿਗਿਆਨਕ ਤੌਰ ’ਤੇ ਕਾਫੀ ਨਿਰਾਸ਼ਾਜਨਕ ਰਹੀ। ਦਹਾਕਿਆਂ ਤੋਂ ਸਾਡੀ ਕੌਮੀ ਹਾਕੀ ਟੀਮ ਦੇ ਖਿਡਾਰੀਆਂ ਵਿਚ ਜੋ ਕਮੀਆਂ ਨਜ਼ਰ ਆ ਰਹੀਆਂ ਹਨ, ਉਨ੍ਹਾਂ ’ਵਿਚ ਇਕ ’ਕਿਲਰ ਇਨਸਟਿੰਕਟ’ ਦੀ ਕਮੀ ਵੀ ਹੈ। ਕਈ ਵਾਰ ਇੰਜ ਵੀ ਲੱਗਦੈ ਕਿ ਸਾਡੇ ਖਿਡਾਰੀ ਦੁਨੀਆ ਦੇ ਕਿਸੇ ਮੁਲਕ ਤੋਂ ਘੱਟ ਪ੍ਰਭਾਵਸ਼ਾਲੀ ਅਤੇ ਪ੍ਰਤਿਭਾਸ਼ਾਲੀ ਨਹੀਂ ਹਨ, ਪਰ ਕਿਲਰ ਇਨਸਟਿੰਕਟ ਦੀ ਘਾਟ ਕਰਕੇ ਬਹੁਤੀ ਵਾਰ ਯੂਰਪੀਨ ਮਹਾਂਦੀਪ ਅਤੇ ਓਸ਼ੀਨਿਆ ਮਹਾਂਦੀਪ ਦੇ ਖਿਡਾਰੀਆਂ ਨਾਲ ਮੁਕਾਬਲੇ ਵਿਚ



ਸਾਡੇ ਹਾਕੀ ਜੁਝਾਰੂਆਂ ਦਾ ਕੱਦ ਬੌਣਾ ਰਹਿ ਜਾਂਦਾ ਹੈ। ਨਿਊਜ਼ੀਲੈਂਡ ਖਿਲਾਫ਼ ਮੈਚ ਇਹ ਸਿੱਧ ਕਰਦੈ। ਆਖਿਰ ਕੀ ਹੈ ਇਹ ਕਿਲਰ ਇਨਸਟਿੰਕਟ ਅਤੇ ਇਸ ਦੀ ਘਾਟ। ਇਹ ਉਹ ਤਾਕਤਵਰ ਇੱਛਾ ਜਾਂ ਇੱਛਾ ਸ਼ਕਤੀ ਹੈ ਜੋ ਖੇਡ ਦੇ ਮੈਦਾਨ ਵਿਚ ਹਰ ਹੀਲੇ ਆਪਣੇ ਵਿਰੋਧੀ ਨੂੰ ਜਿੱਤਣ ਲਈ ਵਚਨਬੱਧ ਦਿਖਾਈ ਦਿੰਦੀ ਹੈ। ਹਾਲਾਤ ਕੁਝ ਵੀ ਹੋਣ, ਕਾਰਨ ਕੁਝ ਵੀ ਹੋਣ ਪਰ ਆਪਣੇ ਵਿਰੋਧੀ ਨੂੰ ਨਿਹਾਇਤ ਬੁਲੰਦ ਜੁਝਾਰੂ ਭਾਵਨਾ ਅਤੇ ਜੋਸ਼ ਨਾਲ ਜਿੱਤਣਾ ਹੀ ਜਿੱਤਣਾ ਹੈ। ’ਕਰੋ ਜਾਂ ਮਰੋ’ ਦੇ ਆਲਮ ਵਿਚ ਚਾਹੇ ਕੋਈ ਵੀ ਕੀਮਤ ਚੁਕਾਉਣੀ ਪੈ ਜਾਵੇ, ਆਪਣੀ ਮਿਥੀ ਮੰਜ਼ਿਲ ’ਤੇ ਪਹੁੰਚਣਾ ਹੀ ਪਹੁੰਚਣਾ ਹੈ। ਐਸੇ ਆਲਮ ਵਿਚ ਕਿਲਰ ਇਨਸਟਿੰਕਟ ਨਾਲ ਲਬਰੇਜ਼ ਖਿਡਾਰੀ ਦੇ ਜੁਝਾਰੂ ਇਰਾਦੇ ਕਦੇ ਪਸਤ ਨਹੀਂ ਹੁੰਦੇ। ਵਿਰੋਧੀਆਂ ’ਤੇ ਉਸ ਦਾ ਦਬਾਅ ਲਗਾਤਾਰ ਬਣਿਆ ਰਹਿੰਦਾ ਹੈ-ਜਿਸ ਵਿਚੋਂ ਨਿਕਲਦੀ ਹੈ ਜਿੱਤ।

ਕਦੇ ਭਾਰਤੀ ਟੀਮ ਨੂੰ ਹਾਲੈਂਡ, ਜਰਮਨੀ, ਆਸਟਰੇਲੀਆ, ਸਪੇਨ ਆਦਿ ਟੀਮਾਂ ਵਿਰੁੱਧ ਜੂਝਦਿਆਂ ਵੇਖੋ। ਕਈ ਵਾਰ ਮੁਕਾਬਲਾ ਸਾਵਾਂ-ਸਾਵਾਂ ਜਾ ਰਿਹਾ ਹੁੰਦਾ, ਪਰ ਕੀ ਸਾਡੀ ਕੌਮੀ ਟੀਮ ਦੇ ਖਿਡਾਰੀ ਅਤੇ ਕੀ ਸਾਡੇ ਹਾਕੀ ਪ੍ਰੇਮੀ ਇਸੇ ਚਿੰਤਾ ਵਿਚ ਹੀ ਹੁੰਦੇ ਹਨ ਕਿ ਆਖਿਰ ਤੇ ਮੈਚ ਭਾਰਤ ਦੀ ਝੋਲੀ ’ਚ ਪੈਂਦਾ-ਪੈਂਦਾ ਵਿਰੋਧੀਆਂ ਦੀ ਝੋਲੀ ’ਚ ਪੈ ਜਾਣਾ। ਨਤੀਜਾ ਹੁੰਦਾ ਕਿ ਭਾਰਤ ਇਕ ਗੋਲ ਨਾਲ ਹਾਰਿਆ। ਪਰ ਆਖ਼ਰ ਭਾਰਤ ਹੀ ਕਿਉਂ ਹਾਰਦੈ? ਪਿਛਲੇ ਕੁਝ ਦਹਾਕਿਆਂ ਦੇ ਅੰਤਰਰਾਸ਼ਟਰੀ ਮੈਚਾਂ ਦਾ ਸਰਵੇਖਣ ਕਰਕੇ ਵੇਖ ਲਵੋ ਭਾਰਤ ਦੁਨੀਆ ਦੀਆਂ ਕਹਿੰਦੀਆਂ-ਕਹਾਉਂਦੀਆਂ ਟੀਮਾਂ ਤੋਂ ਸਿਰਫ਼ ਇਕ ਗੋਲ ਨਾਲ ਹਾਰਿਆ ਜਾਂ ਜਿੱਤਦਾ-ਜਿੱਤਦਾ ਬਰਾਬਰੀ ਕਰਵਾ ਬੈਠਾ, ਜਿਸ ਕਰਕੇ ਖਿਤਾਬੀ ਟੂਰਨਾਮੈਂਟ ਦੇ ਸੈਮੀਫਾਈਨਲ ਦਾ ਰਾਹ ਉਸ ਵਾਸਤੇ ਬੰਦ ਹੋ ਜਾਂਦਾ ਹੈ। ਮਗਰੋਂ ਫੈਡਰੇਸ਼ਨ, ਕੋਚ, ਖਿਡਾਰੀ ਅਤੇ ਕਈ ਵਾਰੀ ਮੀਡੀਆ ਵੀ ਇਨ੍ਹਾਂ ਦਿਲਾਸਿਆਂ ਦੇ ਬਲ ’ਤੇ ਖਲੋਣ ਦੀ ਕੋਸ਼ਿਸ਼ ਕਰਦੇ ਕਿ ਭਾਰਤ ਲਗਭਗ ਜਿੱਤ ਹੀ ਚੱਲਿਆ ਸੀ। ਲਗਭਗ ਜਿੱਤ ਦੀ ਇਹ ਮਾਨਸਿਕਤਾ ਜਾਂ ਕਹਿ ਲਵੋ ਅਜਿਹੀ ਹਾਰ ਲਈ ਵੀ ਭਾਰਤੀਆਂ ਨੂੰ ਨੰਬਰ ਦੇਵੇ, ਅਸੀਂ ਸਮਝਦੇ ਇਹ ਸਭ ਸਾਡੇ ਖਿਡਾਰੀਆਂ ਵਿਚ ਕਿਲਰ ਇਨਸਟਿੰਕਟ ਦੀ ਘਾਟ ਕਦੇ ਪੂਰੀ ਨਹੀਂ ਹੋਣ ਦੇਵੇਗਾ। ਸਾਨੂੰ ਵੱਖਰੀ ਤਰ੍ਹਾਂ ਵਿਚਾਰਨ ਦੀ ਲੋੜ ਹੈ।

ਮੈਚ ਦੇ ਆਖਰੀ ਪਲ ਇਕ ਟੀਮ ਗੋਲ ਕਰਨ ਦੀ ਤਾਕਤ ਵਿਚ, ਦੂਜੀ ਗੋਲ ਨਾ ਕਰਵਾਉਣ ਦੀ ਕੋਸ਼ਿਸ਼ ਵਿਚ, ਦੋਵਾਂ ਲਈ ਇਕ ਦੂਜੇ ਤੋਂ ਵੱਧ ਕਿਲਰ ਇਨਸਟਿੰਕਟ ਦੀ ਲੋੜ ਹੈ। ਤੁਸੀਂ ਭਾਰਤੀ ਹਾਕੀ ਟੀਮ ਦਾ 1980 ਤੋਂ ਬਾਅਦ ਦਾ ਸਾਰਾ ਇਤਿਹਾਸ ਵੱਖ-ਵੱਖ ਖਿਤਾਬੀ ਟੂਰਨਾਮੈਂਟਾਂ ਦੇ ਆਧਾਰ ’ਤੇ ਪੜ੍ਹ ਕੇ ਵੇਖ ਲਵੋ ਤੁਹਾਨੂੰ ਇਹੀ ਕਹਾਣੀ ਹੀ ਪੜ੍ਹਨ ਨੂੰ ਮਿਲੇਗੀ। ਕਈ ਸਾਲਾਂ ’ਚ ਵੀ ਅਸੀਂ ਇਕ ਐਸੀ ਟੀਮ ਨਾ ਤਿਆਰ ਕਰ ਸਕੇ ਜੋ ਫੇਰ ਕੁਲ ਆਲਮ ਜਿੱਤ ਸਕੇ। ਓਡੀਸ਼ਾ ਵਿਸ਼ਵ ਕੱਪ ਹਾਕੀ ਵਿਚ ਵੀ ਇੰਜ ਹੀ ਵਾਪਰਿਆ ਪਰ ਆਖ਼ਰ ਇਹ ਕਦ ਤੱਕ ਚਲਦਾ ਰਹੇਗਾ?

# ਮਾਧੋਪੁਰ ਵਿੱਚ ਗੁਰਪੁਰਬ ਮੌਕੇ ਕੀਰਤਨ ਦਰਬਾਰ 'ਚ ਸੰਗਤਾਂ ਨੇ ਨਾਮ ਬਾਣੀ ਦਾ ਲਿਆ ਲਾਹਾ

## ਸੰਤ ਸਰਵਣ ਦਾਸ ਅਤੇ ਸੰਤ ਨਿਰਮਲ ਦਾਸ ਜੀ ਨੇ ਸਤਿਸੰਗ ਕੀਤਾ-ਭਾਈ ਕਿਰਤੀ ਸਿੰਘ













ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਨਗਰ ਕੀਰਤਨ ਅਤੇ ਕੀਰਤਨ ਦਰਬਾਰ ਪਿੰਡ ਮਾਧੋਪੁਰ (ਨੇੜੇ ਭੋਗਪੁਰ ਸੀਰੋਂਵਾਲ਼, ਜ਼ਿਲ੍ਹਾ ਜਲੰਧਰ) ਵਿਖੇ ਧਰਮ ਗੁਰੂ ਸੰਤ ਸਰਵਣ ਦਾਸ ਜੀ ਦੀ ਯੋਗ ਅਗਵਾਈ ਹੇਠ ਕਰਵਾਇਆ ਗਿਆ। ਪ੍ਰਭਾਤ ਫੇਰੀਆਂ ਵਿੱਚ ਗੁਰੂ ਜੱਸ ਗਾਇਆ ਗਿਆ। 2 ਫਰਵਰੀ ਨੂੰ ਨਗਰ ਕੀਰਤਨ ਦੌਰਾਨ ਮਾਧੋਪੁਰ ਵਾਸੀਆਂ ਨੇ ਭਾਈਚਾਰਕ ਸਾਂਝ ਦੀ ਮਿਸਾਲ ਕਾਇਮ ਕੀਤੀ। ਭਾਈ ਪਰਮਜੀਤ ਸਿੰਘ ਖਾਲਸਾ (ਬੰਗਿਆਂ ਵਾਲੀਆਂ ਬੀਬੀਆਂ) ਦੇ ਜੱਥੇ ਨੇ ਗੁਰੂ ਇਤਿਹਾਸ ਨਾਲ ਜੋੜਿਆ। ਮਹਾਨ ਕੀਰਤਨ ਦਰਬਾਰ 5 ਫਰਵਰੀ 2023 ਸ਼ਾਮ ਸਾਢੇ ਪੰਜ ਵਜੇ ਤੋਂ 6 ਫਰਵਰੀ ਅੰਮ੍ਰਿਤ ਵੇਲੇ ਤੱਕ ਹੋਇਆ ਜਿਸ ਵਿਚ ਆਦਿ ਧਰਮ ਗੁਰੂ ਸੰਤ ਸਰਵਣ ਦਾਸ ਜੀ ਸਲੇਮ ਟਾਬਰੀ ਲੁਧਿਆਣਾ ਅਤੇ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਪੰਜਾਬ ਦੇ ਪ੍ਰਧਾਨ ਸੰਤ ਨਿਰਮਲ ਦਾਸ ਬਾਬਾ ਜੌੜੇ ਵਾਲਿਆਂ ਨੇ ਸੰਗਤਾਂ ਨੂੰ ਸਤਿਸੰਗ ਰਾਹੀਂ ਨਿਹਾਲ ਕੀਤਾ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਭਾਈ ਕਿਰਤੀ ਸਿੰਘ ਨੇ ਕਿਹਾ ਕਿ ਕੀਰਤਨ ਦਰਬਾਰ ਦੌਰਾਨ ਸੰਤ ਸੁਖਵਿੰਦਰ ਦਾਸ ਜੀ ਸਰਹਾਲੇ ਵਾਲੇ, ਭਾਈ ਰਮਨਦੀਪ ਸਿੰਘ ਵਾਰਸ ਭੋਗਪੁਰ ਵਾਲੇ, ਭਾਈ ਗਗਨਦੀਪ ਸਿੰਘ ਰਾਸਤਗੋ ਵਾਲ਼ੇ, ਭਾਈ ਹਰਭਜਨ ਸਿੰਘ ਸੋਤਲਾ, ਬਾਬਾ ਸੁਖਦੇਵ ਸਿੰਘ ਖੋਜਕੀਪੁਰ ਵਾਲ਼ੇ, ਭਾਈ ਗੁਲਾਬ ਸਿੰਘ ਚਮਕੌਰ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜ ਕੇ ਨਿਹਾਲ ਕੀਤਾ।

ਪ੍ਰਬੰਧਕ ਕਮੇਟੀ ਨੇ ਸਾਰੇ ਮਾਈ ਭਾਈ ਨੌਜਵਾਨਾਂ ਅਤੇ ਦਾਨੀ ਸੱਜਣਾਂ ਦਾ ਤਹਿਦਿਲੋਂ ਧੰਨਵਾਦ ਕੀਤਾ।

ਇਹ ਸਮਾਗਮ ਗੁਰੂ ਰਵਿਦਾਸ ਨੌਜਵਾਨ ਸਭਾ, ਸਿੰਘ ਸਭਾ ਗੁਰਦੁਆਰਾ ਕਮੇਟੀ, ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਸਦਕਾ ਕਰਵਾਇਆ ਗਿਆ। ਇਸ ਮੌਕੇ ਮਾਧੋਪੁਰ ਵਿਖੇ ਗੁਰੂ ਰਵਿਦਾਸ ਗੁਰੂ ਘਰ ਦੇ ਮੋਢੀ ਸੰਤ ਟਹਿਲ ਦਾਸ ਜੀ ਨੂੰ ਯਾਦ ਕਰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਉਨ੍ਹਾਂ ਦੀ ਦੂਰਦਰਸ਼ੀ ਸੋਚ ਕਰਕੇ ਨਗਰ ਨਿਵਾਸੀ ਗੁਰਬਾਣੀ ਅਤੇ ਗੁਰ ਇਤਿਹਾਸ ਨਾਲ਼ ਜੁੜ ਕੇ ਸੂਝਵਾਨ ਹੋਏ ਜਿਹੜੇ ਪੜ੍ਹਲਿਖ ਕੇ ਜ਼ਿੰਦਗੀ ਦੇ ਵਧੀਆ ਮੁਕਾਮ ਹਾਸਲ ਕਰ ਚੁੱਕੇ ਹਨ। ਹੁਣ ਉਹ ਸਾਰੇ ਪਿੰਡ ਵਿੱਚ ਹੋਣ ਵਾਲੇ ਸੇਵਾ ਕਾਰਜਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ।

# ਹਾਕੀ ‘ਚ ਕਿਲ੍ਹਾ ਰਾਏਪੁਰ ਦੇ ਮੁੰਡੇ ਤੇ ਸੋਨੀਪਤ ਦੀਆਂ ਮੁਟਿਆਰਾਂ ਨੇ ਜਿੱਤੇ ਹਾਕੀ ਕੱਪ

**ਲੁਧਿਆਣਾ-** ਪੰਜਾਬ ਦੇ ਅਮੀਰ ਖੇਡ ਵਿਰਸੇ ਦਾ ਪ੍ਰਤੀਕ ਪਿੰਡ ਕਿਲ੍ਹਾ ਰਾਏਪੁਰ ਦਾ 83ਵਾਂ ਅਪੋਲੋ ਟਾਇਰਜ਼ ਰੂਰਲ ਸਪੋਰਟਸ ਫੈਸਟੀਵਲ ਅੱਜ ਸ਼ਾਨੋ-ਸ਼ੌਕਤ ਨਾਲ ਨੇਪਰੇ ਚੜ੍ਹ ਗਿਆ। ਕਿਲ੍ਹਾ ਰਾਏਪੁਰ ਸਪੋਰਟਸ ਸੁਸਾਇਟੀ (ਪੱਤੀ ਸੁਹਾਵੀਆ) ਦੇ ਪ੍ਰਧਾਨ ਕਰਨਲ ਸੁਰਿੰਦਰ ਸਿੰਘ ਗਰੇਵਾਲ, ਜਨਰਲ ਸਕੱਤਰ ਗੁਰਵਿੰਦਰ ਸਿੰਘ ਗਰੇਵਾਲ, ਸਰਪੰਚ ਗਿਆਨ ਸਿੰਘ, ਗੁਰਿੰਦਰ ਸਿੰਘ ਗਰੇਵਾਲ, ਬਲਜੀਤ ਸਿੰਘ, ਦਵਿੰਦਰ ਸਿੰਘ ਪੂਨੀਆ ਤੇ ਟੀਮ ਵੱਲੋਂ ਕਰਵਾਈਆਂ ਗਈਆਂ ਇੰਨ੍ਹਾਂ ਤਿੰਨ ਦਿਨਾਂ ਖੇਡਾਂ ਦੌਰਾਨ ਪੰਜਾਬ ਦੀਆਂ ਵਿਰਾਸਤੀ ਖੇਡਾਂ, ਓਲੰਪਿਕ ਲਹਿਰ ਨਾਲ ਸਬੰਧਤ ਖੇਡਾਂ, ਮਾਰਸ਼ਲ ਆਰਟ ਤੇ ਪੰਜਾਬ ਦੇ ਲੋਕ ਨਾਚ ਖਿੱਚ ਦਾ ਕੇਂਦਰ ਰਹੇ। ਅੱਜ ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣ ਲਈ ਵਿਧਾਇਕਾ ਰਾਜਿੰਦਰ ਕੌਰ ਛੀਨਾ ਮੁੱਖ ਮਹਿਮਾਨ ਵਜੋਂ ਪੁੱਜੇ। ਉਨ੍ਹਾਂ ਪ੍ਰਬੰਧਕਾਂ ਤੇ ਖਿਡਾਰੀਆਂ ਨੂੰ ਮੁਬਾਰਕਾਂ ਦਿੱਤੀਆਂ ਕਿ ਉਹ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਰੰਗਲੇ ਪੰਜਾਬ ਦਾ ਸੁਫਨਾ ਸਕਾਰ ਕਰਨ ‘ਚ ਯੋਗਦਾਨ ਪਾ ਰਹੇ ਹਨ। ਇੰਨ੍ਹਾਂ ਖੇਡਾਂ ਦੌਰਾਨ ਹਰ ਰੋਜ਼ ਦੇਸ਼-ਵਿਦੇਸ਼ ਦੇ ਹਜ਼ਾਰਾਂ ਦਰਸ਼ਕਾਂ ਨੇ ਇੰਨ੍ਹਾਂ ਖੇਡਾਂ ਦਾ ਅਨੰਦ ਮਾਣਿਆ। ਸਵ। ਮਾਤਾ ਕੁਲਦੀਪ ਕੌਰ ਗਰੇਵਾਲ ਅਤੇ ਸਵ। ਕਮਲਜੀਤ ਸਿੰਘ ਗਰੇਵਾਲ (ਕਮਲ) ਨੂੰ ਸਮਰਪਿਤ ਇੰਨ੍ਹਾਂ ਖੇਡਾਂ ਦੀ ਸਫਲਤਾ ਲਈ ਪ੍ਰਵਾਸੀ ਵੀਰਾਂ, ਗ੍ਰਾਮ ਪੰਚਾਇਤ ਤੇ ਇਲਾਕੇ ਦੇ ਪਤਵੰਤੇ ਸੱਜਣਾਂ ਦਾ ਭਰਵਾਂ ਸਹਿਯੋਗ ਰਿਹਾ। ਅੱਜ ਸਪੋਰਟਸ ਫੈਸਟੀਵਲ ਦੇ ਆਖਰੀ ਦਿਨ ਘੋੜ ਸਵਾਰੀ, ਵਿਅਕਤੀਗਤ ਮੁਕਾਬਲੇ, ਪੰਜਾਬ ਸਟਾਈਲ ਕਬੱਡੀ, ਹਾਕੀ ਤੇ ਅਥਲੈਟਿਕਸ ਮੁਕਾਬਲੇ ਖਿੱਚ ਦਾ ਕੇਂਦਰ ਰਹੇ। ਖੇਡਾਂ ਦੇ ਆਖਰੀ ਦਿਨ ਹਾਕੀ ਉਲੰਪੀਅਨ ਰਾਜਿੰਦਰ ਸਿੰਘ ਤੇ ਹਰਦੀਪ ਸਿੰਘ ਗਰੇਵਾਲ, ਦਰੋਣਾਚਾਰੀਆ ਬਲਦੇਵ ਸਿੰਘ ਸ਼ਾਹਬਾਦ ਮਾਰਕੰਡਾ ਤੇ ਸਾਬਕਾ ਪੁਲਿਸ ਅਧਿਕਾਰੀ ਜਤਿੰਦਰ ਸਿੰਘ ਔਲਖ ਨੂੰ ਵਿਸ਼ੇਸ਼ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਡਾ। ਸੁਖਦਰਸ਼ਨ ਸਿੰਘ ਚਹਿਲ, ਗੁਰਵਿੰਦਰ ਸਿੰਘ ਗਰੇਵਾਲ ਤੇ ਸੱਤਪਾਲ ਖਡਿਆਲ ਨੇ ਕੀਤਾ।



ਵਿਰਾਸਤੀ ਖੇਡਾਂ-ਛੋਟੇ ਬੱਚਿਆਂ ਦੇ ਕੁਸ਼ਤੀ ਮੁਕਾਬਲਿਆਂ ‘ਚ ਰਾਜਸਥਾਨ ਤੋਂ ਆਏ ਲਾਡੀ ਨੇ ਮੁਹੰਮਦ ਇਸਹਾਕ ਨੂੰ ਹਰਾਕੇ ਗੁਰਜ ਜਿੱਤੀ। ਗਿਨੀਜ਼ ਬੁੱਕ ‘ਚ ਰਿਕਾਰਡ ਦਰਜ ਕਰਵਾਉਣ ਵਾਲੇ ਰਾਜਿੰਦਰ ਕੁਮਾਰ ਨੇ ਕੰਨਾਂ ਨਾਲ 63 ਕਿਲੋ ਵਜ਼ਨ ਚੁੱਕਿਆ। ਬਰੇਲੀ ਤੋਂ ਆਏ ਜੀਸ਼ਾਨ ਤੇ ਗਿਆਸੁਦੀਨ ਰੇਲਗੱਡੀ ਚਲਾਈ। ਹਰਜਿੰਦਰ ਸਿੰਘ ਕਾਲੇਕਾ ਤੇ ਅਮਨਿੰਦਰ ਸਿੰਘ ਪਟਿਆਲਾ ਨੇ ਮੋਟਰਸਾਈਕਲਾਂ ‘ਤੇ ਕਰਤੱਬ ਦਿਖਾਏ। ਪੱਟੀ (ਤਰਨਤਾਰਨ) ਤੋਂ ਆਏ ਪੰਜਾਬ ਸਿੰਘ ਨੇ ਆਪਣੇ ਡੌਲਿਆਂ ਨਾਲ ਚਾਰ ਮੋਟਰਸਾਈਕਲਾਂ ਨੂੰ ਰੋਕਿਆ। ਸੁਖਚਰਨ ਸਿੰਘ ਬਰਾੜ ਮੁਕਤਸਰ ਨੇ ਪੈਰਾਗਲਾਈਡਿੰਗ ਦਾ ਸ਼ੋਅ ਪੇਸ਼ ਕਰਕੇ ਖੇਡਾਂ ਨੂੰ ਸਿਖਰ ‘ਤੇ ਪਹੁੰਚਾ ਦਿੱਤਾ। 75 ਸਾਲਾ ਹਰਦਮ ਸਿੰਘ ਆਲਮਗੀਰ ਨੇ ਡੰਡ ਮਾਰੇ। ਜਗਦੀਪ ਸਿੰਘ ਮਤੋਈ ਨੇ ਦੰਦਾਂ ਨਾਲ ਕਾਰ ਖਿੱਚੀ। ਅਪੋਲੋ ਟਾਇਰ ਰੇਸ ‘ਚ ਜਗਤਾਰ ਸਿੰਘ ਜੜਤੋਲੀ ਨੇ ਪਹਿਲਾ, ਗੁਰਪ੍ਰੀਤ ਸਿੰਘ ਸੰਗਰੂਰ ਨੇ ਦੂਸਰਾ ਤੇ ਨੀਰਜ ਕੁਮਾਰ ਗੁਹਾਣਾ (ਹਰਿਆਣਾ) ਨੇ ਤੀਸਰਾ ਸਥਾਨ ਹਾਸਿਲ ਕੀਤਾ। ਟੀਮ ਮੁਕਾਬਲੇ-ਲੜਕੀਆਂ ਦੇ ਵਰਗ ‘ਚ ਸਵੈਚ ਹਾਕੀ ਅਕੈਡਮੀ ਸੋਨੀਪਤ ਨੇ ਖਾਲਸਾ ਫਿਜੀਕਲ ਕਾਲਜ ਅਮ੍ਰਿਤਸਰ ਨੂੰ 2-1 ਗੋਲਾਂ ਨਾਲ ਹਰਾਕੇ, 75 ਹਜ਼ਾਰ ਰੁਪਏ ਦਾ ਨਕਦ ਇਨਾਮ ਜਿੱਤਿਆ। ਪੁਰਸ਼ਾਂ ਦੇ ਵਰਗ ‘ਚ ਮੇਜ਼ਬਾਨ ਕਿਲ੍ਹਾ ਰਾਏਪੁਰ ਦੀ ਟੀਮ ਨੇ ਸ਼ਾਹਬਾਦ ਮਾਰਕੰਡਾ ਦੀ ਟੀਮ ਨੂੰ ਟਾਈਬਰੇਕਰ ਰਾਹੀ 2-1(1-1) ਗੋਲਾਂ ਨਾਲ ਹਰਾਕੇ ਖਿਤਾਬ ਜਿੱਤਿਆ।

ਸਰਕਲ ਕਬੱਡੀ ‘ਚ ਪੰਜਾਬ ਦੀਆਂ ਮੁਟਿਆਰਾਂ ਨੇ ਹਰਿਆਣਾ ਨੂੰ 26-18 ਨਾਲ ਹਰਾਕੇ ਕੱਪ ਜਿੱਤਿਆ।

ਅਥਲੈਟਿਕਸ ਦੇ ਨਤੀਜੇ-ਕਿਲ੍ਹਾ ਰਾਏਪੁਰ ਦੇ 83ਵੇਂ ਅਪੋਲੋ ਟਾਇਰਜ਼ ਰੂਰਲ ਸਪੋਰਟਸ ਫੈਸਟੀਵਲ ਦੇ ਆਖਰੀ ਦਿਨ ਅਥਲੈਟਿਕਸ (ਲੜਕੀਆਂ) ਦੇ 200 ਮੀਟਰ ਦੌੜ ਮੁਕਾਬਲੇ ‘ਚ ਸੁਖਵਿੰਦਰ ਕੌਰ ਪਟਿਆਲਾ ਪਹਿਲੇ, ਗੁਰਜੋਤ ਕੌਰ ਹੁਸ਼ਿਆਰਪੁਰ ਦੂਸਰੇ ਤੇ ਸਨੇਹਾ ਜਲੰਧਰ ਤੀਸਰੇ, 800 ਮੀਟਰ ਦੌੜ ‘ਚ ਗੁਰਜੋਤ ਕੌਰ ਹੁਸ਼ਿਆਰਪੁਰ ਪਹਿਲੇ, ਸੁਖਵਿੰਦਰ ਕੌਰ ਪਟਿਆਲਾ ਦੂਸਰੇ ਤੇ ਸੁਨੇਹਾ ਜਲੰਧਰ ਤੀਸਰੇ, ਉੱਚੀ ਛਾਲ ਮੁਕਾਬਲੇ ‘ਚ ਕਮਲਜੀਤ ਕੌਰ ਲੁਧਿਆਣਾ ਪਹਿਲੇ, ਗੁਰਜੋਤ ਕੌਰ ਹੁਸ਼ਿਆਰਪੁਰ ਦੂਸਰੇ ਤੇ ਦੀਪਤੀ ਲੁਧਿਆਣਾ ਤੀਸਰੇ ਸਥਾਨ ‘ਤੇ ਰਹੀ। ਲੜਕਿਆਂ ਦੀ 200 ਮੀਟਰ ਦੌੜ ‘ਚ ਲਵਪ੍ਰੀਤ ਸਿੰਘ ਸੰਗਰੂਰ ਪਹਿਲੇ, ਅਭਿਸ਼ੇਕ ਸ਼ਰਮਾ ਹੁਸ਼ਿਆਰਪੁਰ ਦੂਸਰੇ ਅਤੇ ਜਸ਼ਨਦੀਪ ਸਿੰਘ ਲੁਧਿਆਣਾ ਤੀਸਰੇ ਸਥਾਨ ‘ਤੇ ਰਿਹਾ। ਲੜਕਿਆਂ ਦੇ 400 ਮੀਟਰ ਦੌੜ ‘ਚ ਲਵਪ੍ਰੀਤ ਸਿੰਘ ਸੰਗਰੂਰ ਨੇ ਪਹਿਲਾ, ਜਸ਼ਨਦੀਪ ਸਿੰਘ ਲੁਧਿਆਣਾ ਨੇ ਦੂਸਰਾ ਤੇ ਜ਼ੇਮਨ ਬੁਰਜੋ ਹੁਸ਼ਿਆਰਪੁਰ ਨੇ ਤੀਸਰਾ, ਲੜਕੀਆਂ ‘ਚ ਗੁਰਜੋਤ ਕੌਰ ਹੁਸ਼ਿਆਰਪੁਰ ਪਹਿਲਾ, ਸੁਖਵਿੰਦਰ ਕੌਰ ਪਟਿਆਲਾ ਨੇ ਦੂਸਰਾ ਤੇ ਜਸ਼ਪ੍ਰੀਤ ਕੌਰ ਲੁਧਿਆਣਾ ਨੇ ਤੀਸਰਾ ਸਥਾਨ ਹਾਸਿਲ ਕੀਤਾ।

ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਦੀ 100 ਮੀਟਰ ਦੌੜ ‘ਚ ਅਨੀਸ਼ ਜੰਡਿਆਲੀ ਨੇ ਪਹਿਲਾ, ਗੁਰਜੋਤ ਸਿੰਘ ਨਮੋਲ ਨੇ ਦੂਸਰਾ ਤੇ ਸੂਰਜ ਕੁਮਾਰ ਕਿਲ੍ਹਾ ਰਾਏਪੁਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਲੜਕੀਆਂ ਦੇ ਵਰਗ ‘ਚ ਮੀਨਾ ਜਾਖੜ ਨੇ ਪਹਿਲਾ, ਹਰਮਨ ਸੰਗਰੂਰ ਨੇ ਦੂਸਰਾ ਤੇ ਅਮ੍ਰਿਤਾ ਜੰਡਿਆਲੀ ਨੇ ਤੀਸਰਾ ਸਥਾਨ ਹਾਸਿਲ ਕੀਤਾ। ਲੜਕਿਆਂ ਦੇ 100 ਮੀਟਰ ਦੌੜ ਅਭਿਸ਼ੇਕ ਸ਼ਰਮਾ ਹੁਸ਼ਿਆਰਪੁਰ ਪਹਿਲਾ, ਲਵਪ੍ਰੀਤ ਸਿੰਘ ਸੰਗਰੂਰ ਦੂਸਰਾ ਤੇ ਕਰਨਜੋਤ ਸਿੰਘ ਲੁਧਿਆਣਾ ਤੀਸਰੇ ਸਥਾਨ ‘ਤੇ ਰਿਹਾ।

# ਮੁੱਖ ਮੰਤਰੀ ਵੱਲੋਂ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਉਦਯੋਗ ਦੇ ਵਿਕਾਸ 'ਤੇ ਵੱਧ ਜ਼ੋਰ ਦੇਣ ਦਾ ਐਲਾਨ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿੱਚ ਆਰਥਿਕ ਗਤੀਵਿਧੀਆਂ ਨੂੰ ਹੋਰ ਅੱਗੇ ਵਧਾਉਣ ਲਈ ਸੂਬੇ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਉਦਯੋਗ ਦੇ ਵਿਕਾਸ 'ਤੇ ਵੱਧ ਜ਼ੋਰ ਦੇਣ ਦਾ ਐਲਾਨ ਕੀਤਾ।

ਮੁੱਖ ਮੰਤਰੀ ਨੇ ਮੁਹਾਲੀ ਵਿਖੇ 23 ਤੇ 24 ਫਰਵਰੀ ਨੂੰ ਹੋਣ ਵਾਲੇ ਪੰਜਾਬ ਨਿਵੇਸ਼ ਸੰਮੇਲਨ ਦੀਆਂ ਤਿਆਰੀਆਂ ਦੇ ਹਿੱਸੇ ਵਜੋਂ ਇੱਥੇ ਉਦਯੋਗਪਤੀਆਂ ਨਾਲ ਗੱਲਬਾਤ ਕਰਦਿਆਂ ਸੂਬੇ ਦੀ ਸਰਹੱਦੀ ਪੱਟੀ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਨ ਲਈ ਪਿਛਲੀਆਂ ਸਰਕਾਰਾਂ ਦੀ ਤਿੱਖੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਰਕਾਰਾਂ ਨੇ ਸਰਹੱਦੀ ਜ਼ਿਲ੍ਹਿਆਂ ਦੇ ਵਸਨੀਕਾਂ ਦੇ ਦੇਸ਼ ਲਈ ਪਾਏ ਵੱਡਮੁੱਲੇ ਯੋਗਦਾਨ ਨੂੰ ਨਜ਼ਰਅੰਦਾਜ਼ ਕਰਕੇ ਉਨ੍ਹਾਂ ਨਾਲ ਪੂਰੀ ਤਰ੍ਹਾਂ ਧ੍ਰੋਹ ਕਮਾਇਆ ਹੈ। ਭਗਵੰਤ ਮਾਨ ਨੇ ਸਰਹੱਦੀ ਇਲਾਕਿਆਂ ਦੇ ਵਸਨੀਕਾਂ ਨੂੰ 'ਸੱਚੇ ਦੇਸ਼ ਭਗਤ' ਦੱਸਦਿਆਂ ਕਿਹਾ ਕਿ ਉਨ੍ਹਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਹਰ ਔਕੜ ਨੂੰ ਝੱਲਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੀ ਵੰਡ ਅਤੇ ਆਜ਼ਾਦੀ ਤੋਂ ਬਾਅਦ ਪਾਕਿਸਤਾਨ ਨਾਲ ਜੰਗਾਂ ਨੇ ਪੰਜਾਬ ਦੇ ਸਰਹੱਦੀ ਕਸਬਿਆਂ ਦੇ ਵਿਕਾਸ ਅਤੇ ਖ਼ੁਸ਼ਹਾਲੀ ਨੂੰ ਡੂੰਘੀ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਇਹ ਕਸਬੇ ਜੋ ਕਦੇ ਅਣਵੰਡੇ ਪੰਜਾਬ ਦੇ ਸਨਅਤੀ ਅਤੇ ਵਪਾਰਕ ਧੁਰੇ ਸਨ, ਹੁਣ ਛੋਟੇ-ਛੋਟੇ ਵਪਾਰਕ ਕੇਂਦਰਾਂ ਵਜੋਂ ਸਿਮਟ ਕੇ ਰਹਿ ਗਏ ਹਨ। ਭਗਵੰਤ ਮਾਨ ਨੇ ਕਿਹਾ ਕਿ ਸਿਰਫ਼ ਇਹੀ ਨਹੀਂ, ਸਗੋਂ ਸਰਹੱਦ 'ਤੇ ਮਾਮੂਲੀ ਤਣਾਅ ਦਾ ਵੀ ਖਮਿਆਜ਼ਾ ਇਨ੍ਹਾਂ ਸਰਹੱਦੀ ਸ਼ਹਿਰਾਂ ਦੇ ਲੋਕਾਂ ਨੂੰ ਭੁਗਤਣਾ ਪੈਂਦਾ ਹੈ।






ਮੁੱਖ ਮੰਤਰੀ ਨੇ ਅਫਸੋਸ ਜ਼ਾਹਰ ਕੀਤਾ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਣ ਵਿੱਚ ਇਨ੍ਹਾਂ ਲੋਕਾਂ ਦੇ ਵੱਡਮੁੱਲੇ ਯੋਗਦਾਨ ਨੂੰ ਮਾਨਤਾ ਦੇਣ ਦੀ ਬਜਾਏ ਪਿਛਲੀਆਂ ਸੂਬਾ ਸਰਕਾਰਾਂ ਨੇ ਇਨ੍ਹਾਂ ਖੇਤਰਾਂ ਵੱਲੋਂ ਪੂਰੀ ਤਰ੍ਹਾਂ ਅੱਖਾਂ ਬੰਦ ਕਰ ਲਈਆਂ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕਸਬਿਆਂ ਦੇ ਮਿਹਨਤੀ ਅਤੇ ਬਹਾਦਰ ਲੋਕਾਂ ਨੇ ਸੂਬੇ ਵਿੱਚ ਉਦਯੋਗਾਂ ਨੂੰ ਵਿਕਸਤ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਦੇ ਬਾਵਜੂਦ ਪਿਛਲੀਆਂ ਸਰਕਾਰਾਂ ਨੇ ਉਨ੍ਹਾਂ ਦੇ ਉਦਯੋਗਾਂ ਨੂੰ ਪ੍ਰਫੁੱਲਤ ਕਰਨ ਲਈ ਕੁਝ ਨਹੀਂ ਕੀਤਾ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਆਖਿਆ ਕਿ ਸੂਬਾ ਸਰਕਾਰ ਸਰਹੱਦੀ ਕਸਬਿਆਂ ਵਿੱਚ ਉਦਯੋਗ ਦੇ ਵਿਆਪਕ ਵਿਕਾਸ ਲਈ ਛੇਤੀ ਹੀ ਇੱਕ ਖਾਕਾ ਤਿਆਰ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇਕ ਪਾਸੇ ਉਦਯੋਗ ਦੇ ਧੁਰੇ ਵਜੋਂ ਵਿਕਸਤ ਕਰਨਾ ਅਤੇ ਦੂਜੇ ਪਾਸੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਰਾਹ ਖੋਲ੍ਹਣਾ ਸਮੇਂ ਦੀ ਮੁੱਖ ਲੋੜ ਹੈ। ਸੈਰ ਸਪਾਟਾ ਖੇਤਰ ਦੀਆਂ ਅਥਾਹ ਸੰਭਾਵਨਾਵਾਂ ਦਾ ਲਾਭ ਉਠਾ ਕੇ ਸੂਬੇ ਭਰ ਦੇ ਸੈਰ ਸਪਾਟਾ ਉਦਯੋਗ ਨੂੰ ਵੱਡਾ ਹੁਲਾਰਾ ਦੇਣ ਦਾ ਐਲਾਨ ਕਰਦਿਆਂ ਭਗਵੰਤ ਮਾਨ ਨੇ ਰਣਜੀਤ ਸਾਗਰ ਡੈਮ ਦੀ ਮਿਸਾਲ ਦਿੰਦਿਆਂ ਕਿਹਾ ਕਿ ਸੂਬੇ ਨੂੰ ਕਈ ਕੁਦਰਤੀ ਸੋਮਿਆਂ ਦੀ ਬਖ਼ਸ਼ਿਸ਼ ਹੈ, ਜਿਨ੍ਹਾਂ ਨੂੰ ਅੰਤਰਰਾਸ਼ਟਰੀ ਸੈਰ-ਸਪਾਟਾ ਸਥਾਨਾਂ ਵਜੋਂ ਵਿਕਸਤ ਕੀਤਾ ਜਾ ਸਕਦਾ ਹੈ।

ਮੁੱਖ ਮੰਤਰੀ ਨੇ ਉਮੀਦ ਜ਼ਾਹਰ ਕੀਤੀ ਕਿ ਇਨ੍ਹਾਂ ਸੈਰ-ਸਪਾਟਾ ਕੇਂਦਰਾਂ ਵਿੱਚ ਸੂਬੇ ਨੂੰ ਅੰਤਰਰਾਸ਼ਟਰੀ ਪੱਧਰ ਉਤੇ ਸੈਰ-ਸਪਾਟੇ ਦੇ ਨਕਸ਼ੇ 'ਤੇ ਲਿਆਉਣ ਦੀ ਵੱਡੀ ਸਮਰੱਥਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਮੌਜੂਦਾ ਉਦਯੋਗਿਕ ਇਕਾਈਆਂ ਦੀ ਸੁਰੱਖਿਆ, ਤਰੱਕੀ ਅਤੇ ਵਿਸਤਾਰ ਲਈ ਠੋਸ ਉਪਰਾਲੇ ਕਰੇਗੀ। ਭਗਵੰਤ ਮਾਨ ਨੇ ਕਿਹਾ ਕਿ ਸਨਅਤਕਾਰਾਂ ਨੇ ਦੇਸ਼ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਉਦਯੋਗਾਂ ਨੇ ਵਿਸ਼ਵ ਭਰ ਵਿੱਚ ਆਪਣੇ ਲਈ ਵਿਸ਼ੇਸ਼ ਸਥਾਨ ਬਣਾਇਆ ਹੈ ਅਤੇ ਸੂਬਾ ਸਰਕਾਰ ਇਨ੍ਹਾਂ ਦੇ ਹਿੱਤਾਂ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਕਿ ਇਹ ਮੌਜੂਦਾ ਇਕਾਈਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਹੋਰ ਉਦਯੋਗਾਂ ਨਾਲ ਮੁਕਾਬਲਾ ਕਰਨ ਦੇ ਯੋਗ ਹੋ ਸਕਣ। ਉਨ੍ਹਾਂ ਅੱਗੇ ਕਿਹਾ ਕਿ ਸੂਬੇ ਭਰ ਵਿੱਚ ਇਹ ਵਿਚਾਰ-ਵਟਾਂਦਰਾ ਸੈਸ਼ਨ ਕਰਵਾਉਣ ਦਾ ਮੁੱਖ ਮੰਤਵ 23 ਤੇ 24 ਫਰਵਰੀ ਨੂੰ ਮੁਹਾਲੀ ਵਿਖੇ ਹੋਣ ਵਾਲੇ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਵਿੱਚ ਸਥਾਨਕ ਉਦਯੋਗਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣਾ ਹੈ। ਭਗਵੰਤ ਮਾਨ ਨੇ ਕਿਹਾ ਕਿ ਸੂਬੇ ਦੀ ਵਿਸ਼ਾਲ ਸਮਰੱਥਾ ਨੂੰ ਦੁਨੀਆ ਸਾਹਮਣੇ ਦਿਖਾਉਣ ਲਈ ਸਥਾਨਕ ਸਨਅਤ ਦੀ ਸ਼ਮੂਲੀਅਤ ਸਮੇਂ ਦੀ ਲੋੜ ਹੈ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਸਥਾਨਕ ਉਦਯੋਗ ਨੂੰ ਵਿਸ਼ਵ ਭਰ ਵਿੱਚ ਪੰਜਾਬ ਨੂੰ ਉਦਯੋਗਿਕ ਹੱਬ ਵਜੋਂ ਉਭਾਰਨ ਲਈ ਸੂਬੇ ਦਾ ਬ੍ਰਾਂਡ ਅੰਬੈਸਡਰ ਬਣਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਸੂਬੇ ਵਿੱਚ ਉਦਯੋਗਾਂ ਲਈ ਸਭ ਤੋਂ ਵੱਧ ਬਿਹਤਰੀਨ ਮਾਹੌਲ ਮੁਹੱਈਆ ਕਰਵਾਇਆ ਹੈ।ਮੁੱਖ ਮੰਤਰੀ ਨੇ ਕਿਹਾ ਕਿ ਦੁਨੀਆ ਭਰ ਵਿਚ ਪੰਜਾਬੀਆਂ ਨੂੰ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਉੱਦਮੀ ਗੁਣਾਂ ਕਰਕੇ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਉੱਦਮੀਆਂ ਨੇ ਆਲਮੀ ਪੱਧਰ ਉਤੇ ਆਪਣੀ ਕਾਬਲੀਅਤ ਨੂੰ ਸਿੱਧ ਵੀ ਕੀਤਾ ਹੈ ਅਤੇ ਹੁਣ ਦੁਨੀਆ ਅੱਗੇ ਸੂਬੇ ਦੀ ਅਥਾਹ ਸਮਰੱਥਾ ਦਾ ਪ੍ਰਗਟਾਵਾ ਕਰਨ ਦਾ ਸਮਾਂ ਆ ਚੁੱਕਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਸਨਅਤਕਾਰਾਂ ਨੂੰ ਸੰਮੇਲਨ ਲਈ ਸੱਦਾ ਦੇਣ ਵਾਸਤੇ ਚੇਨਈ, ਹੈਦਰਾਬਾਦ ਅਤੇ ਮੁੰਬਈ ਗਏ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਮਹਾਨਗਰਾਂ ਦੇ ਉਦਯੋਗਿਕ ਅਦਾਰੇ ਸੂਬੇ ਵਿੱਚ ਉਦਯੋਗਿਕ ਵਿਕਾਸ ਦੀਆਂ ਅਸੀਮ ਸੰਭਾਵਨਾਵਾਂ ਬਾਰੇ ਜਾਣ ਕੇ ਹੈਰਾਨ ਸਨ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਇਹ ਉਦਯੋਗਪਤੀ ਹੁਣ ਪੰਜਾਬ ਵਿੱਚ ਨਿਵੇਸ਼ ਕਰਨ ਲਈ ਤਿਆਰ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਉਦਯੋਗ ਅਤੇ ਵਣਜ ਨੂੰ ਹੋਰ ਹੁਲਾਰਾ ਦੇਣ ਲਈ ਪੰਜਾਬ ਲਈ ਨਵੀਂ ਉਦਯੋਗਿਕ ਨੀਤੀ ਲਾਗੂ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਨੀਤੀ ਸਾਰੇ ਭਾਈਵਾਲਾਂ ਖਾਸ ਕਰਕੇ ਉਦਯੋਗਪਤੀਆਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਤਿਆਰ ਕੀਤੀ ਗਈ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਨੀਤੀ ਦੇ ਸਬੰਧ ਵਿੱਚ ਜੇਕਰ ਕੋਈ ਹੋਰ ਸੁਝਾਅ ਹੈ ਤਾਂ ਅਸੀਂ ਉਸ ਦਾ ਸਵਾਗਤ ਕਰਾਂਗੇ। ਇਸ ਮੌਕੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਅਤੇ ਅਨਮੋਲ ਗਗਨ ਮਾਨ ਤੋਂ ਇਲਾਵਾ ਉਦਯੋਗ ਵਿਭਾਗ ਦੇ ਪ੍ਰਮੁੱਖ ਸਕੱਤਰ ਦਲੀਪ ਕੁਮਾਰ ਤੇ ਸੀ.ਈ.ਓ. ਇਨਵੈਸਟ ਪੰਜਾਬ ਕੇ.ਕੇ.ਯਾਦਵ ਅਤੇ ਹੋਰ ਵੀ ਹਾਜ਼ਰ ਸਨ।

## ਵੇਈਂ ਦੇ ਪਾਣੀ ਨੂੰ ਗੰਧਲਾ ਕਰਨ ਵਾਲੇ ਮਿੱਲ੍ਹ ਮਾਲਕਾਂ ਖਿਲਾਫ ਕਾਨੂੰਨੀ ਕਾਰਵਾਈ ਦੀ ਕੀਤੀ ਮੰਗ

**ਫਗਵਾੜਾ 7 ਫਰਵਰੀ (ਬੀ.ਕੇ.ਰੱਤੂ)** ਭਾਰਤੀ ਕਿਸਾਨ ਯੂਨੀਅਨ 'ਦੁਆਬਾ) ਵਲੋਂ ਸੂਬਾ ਪ੍ਰਧਾਨ ਮਨਜੀਤ ਸਿੰਘ ਰਾਏ ਅਤੇ ਸੀਨੀਅਰ ਮੀਤ ਪ੍ਰਧਾਨ ਹਰਭਜਨ ਸਿੰਘ ਬਾਜਵਾ



ਮਲਕਪੁਰ ਨੇ ਸੈਲਾ ਖੁਰਦ ਗੱਤਾ ਮਿਲ ਦੇ ਮਾਲਕਾਂ ਵਲੋਂ ਬਿਨਾਂ ਫਿਲਟਰ ਕੀਤਾ ਪਾਣੀ ਵੇਂਈ ਵਿੱਚ ਪਾਉਣ ਦਾ ਸਖ਼ਤ ਵਿਰੋਧ ਕਰਦਿਆਂ ਉਕਤ ਮਿੱਲ ਮਾਲਕਾਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਅੱਜ ਇੱਥੇ ਗੱਲਬਾਤ ਕਰਦਿਆਂ ਉਕਤ ਆਗੂਆਂ ਨੇ ਦੱਸਿਆ ਕਿ ਕੁੱਝ ਦਿਨ ਪਹਿਲਾਂ ਸੈਲਾ ਖੁਰਦ ਸਾਈਡ ਤੋਂ ਆਉਣ ਵਾਲੀ ਮਲਕਪੁਰ-ਰਾਵਲਪਿੰਡੀ ਵੇਈਂ ਦੇ ਨਾਲ ਨਾਲ ਲੱਗਦੇ ਪਿੰਡਾਂ ਚੈਹਿੜ, ਵਾਹਦ, ਮੇਹਲੀਆਣਾ, ਮਾਣਕ, ਮਲਕਪੁਰ, ਲੱਖਪੁਰ, ਰਾਵਲਪਿੰਡੀ, ਬੇਗਮਪੁਰ, ਸੰਗਤਪੁਰ, ਸੀਕਰੀ ਆਦਿ ਦੇ ਵਸਨੀਕਾਂ ਦੀ ਸ਼ਿਕਾਇਤ 'ਤੇ ਵੇਂਈ ਦਾ ਨਰੀਖਣ ਕਰਨ ਉਪਰੰਤ ਐਸ.ਡੀ.ਐਮ ਫਗਵਾੜਾ ਨੂੰ ਇਕ ਮੰਗ ਪੱਤਰ ਦਿੱਤਾ ਗਿਆ ਸੀ ਕਿ ਉਕਤ ਵੇਈਂ ਵਿੱਚ ਮਿੱਲ ਮਾਲਕਾਂ ਵੱਲੋਂ ਬਿਨਾਂ ਫਿਲਟਰ ਕੀਤਾ ਗੰਦਾ ਪਾਣੀ ਪਾਇਆ ਜਾ ਰਿਹਾ ਹੈ, ਜਿਸ ਕਾਰਨ ਪਿੰਡਾਂ ਦੇ ਲੋਕ ਬਦਬੂਦਾਰ ਪਾਣੀ ਤੇ ਪ੍ਰਦੂਸ਼ਣ ਦਾ ਸਾਹਮਣਾ ਕਰ ਰਹੇ ਹਨ ਅਤੇ ਵੇਂਈ ਦੇ ਆਸ-ਪਾਸ ਸਾਹ ਲੈਣਾ ਵੀ ਔਖਾ ਹੋ ਗਿਆ ਹੈ। ਵੇਈਂ ਦੇ ਪਾਣੀ ਵਿਚ ਪਲ ਰਹੇ ਜੀਵ ਜੰਤੂ ਅਤੇ ਮੱਛੀਆਂ ਤੜਫ-2 ਕੇ ਮਰ ਰਹੀਆਂ ਹਨ। ਉਹਨਾਂ ਦੱਸਿਆ ਕਿ ਮਿੱਲ ਵਲੋਂ ਕਈ ਸਾਲ ਪਹਿਲਾਂ ਵੀ ਗੰਦਾ ਪਾਣੀ ਵੇਂਈ ਵਿਚ ਪਾਇਆ ਗਿਆ ਸੀ ਜਿਸ ਦੀ ਸ਼ਿਕਾਇਤ ਹੋਣ ਤੇ ਮਿੱਲ ਮਾਲਕਾਂ ਨੇ ਵਾਇਦਾ ਕੀਤਾ ਸੀ ਕਿ ਅਸੀਂ ਦੁਬਾਰਾ ਗੰਦਾ ਪਾਣੀ ਨਹੀਂ ਪਾਵਾਂਗੇ ਅਤੇ ਫਿਲਟਰ ਕਰਕੇ ਪਾਣੀ ਪਾਇਆ ਜਾਵੇਗਾ। ਪਰੰਤੂ ਹੁਣ ਫਿਰ ਅਣਗਹਿਲੀ ਕੀਤੀ ਜਾ ਰਹੀ ਹੈ। ਇਸ ਅਣਗਹਿਲੀ ਕਾਰਨ ਕਈ ਪ੍ਰਕਾਰ ਦੀਆ ਬਿਮਾਰੀਆਂ ਪੈਦਾ ਹੋ ਰਹੀਆਂ ਹਨ ਅਤੇ ਮਨੁੱਖ ਤਾਂ ਪਰੇਸ਼ਾਨ ਹੋ ਹੀ ਰਹੇ ਹਨ ਬਲਕਿ ਜੀਵ ਜੰਤੂਆਂ ਦਾ ਵੀ ਜਾਨੀ ਨੁਕਸਾਨ ਹੋ ਰਿਹਾ ਹੈ। ਭਾਰਤੀ ਕਿਸਾਨ ਯੂਨੀਅਨ ਦੇ ਇਸ ਮੰਗ ਪੱਤਰ ਤੇ ਕਾਰਵਾਈ ਕਰਦਿਆਂ ਐਸ.ਡੀ.ਐਮ ਫਗਵਾੜਾ ਨੇ ਵਾਤਾਵਰਨ ਇੰਜਨੀਅਰ ਪੰਜਾਬ ਪਲਿਊਸ਼ਨ ਕੰਟਰੋਲ ਬੋਰਡ ਜਲੰਧਰ ਨੂੰ ਮਿੱਲ ਮਾਲਕਾ ਖਿਲਾਫ਼ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

## ਯੂਰਪੀ ਪੰਜਾਬੀ ਸੱਥ ਵਾਲਸਾਲ ਵੱਲੋਂ ਅਦਬੀ ਇਕੱਤਰਤਾ ਕਰਵਾਈ ਗਈ

### ਨਵਾਂਸ਼ਹਿਰ ਦੇ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਕੁਲਵਿੰਦਰ ਸਿੰਘ ਸਰਾਏ ਦੀ ਆਮਦ 'ਤੇ ਹੋਈ ਇਕੱਤਰਤਾ

**ਵਾਲਸਾਲ/ ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** ਯੂਰਪੀ ਪੰਜਾਬੀ ਸੱਥ ਵਾਲਸਾਲ ਵੱਲੋਂ ਨਵਾਂਸ਼ਹਿਰ ਦੇ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ਕੁਲਵਿੰਦਰ ਸਿੰਘ ਸਰਾਏ ਦੀ ਆਮਦ 'ਤੇ ਵਿਸ਼ੇਸ਼ ਅਦਬੀ ਇਕੱਤਰਤਾ ਕਰਵਾਈ ਗਈ। ਸੱਥ ਦੇ ਮੁੱਖ ਸੇਵਾਦਾਰ ਮੋਤਾ ਸਿੰਘ ਸਰਾਏ ਦੇ ਗ੍ਰਹਿ ਵਿਖੇ ਦੂਰ ਦੁਰਾਡੇ ਤੋਂ ਧਾਰਮਿਕ, ਕਾਰੋਬਾਰੀ, ਸਮਾਜਸੇਵੀ ਅਦਾਰਿਆਂ ਨਾਲ ਸਬੰਧਤ ਸਖਸ਼ੀਅਤਾਂ ਦੇ ਨਾਲ ਲੇਖਕ ਭਾਈਚਾਰੇ ਵੱਲੋਂ ਵੀ ਸ਼ਿਰਕਤ ਕੀਤੀ ਤਾਂ ਕਿ ਪੰਜਾਬੀ ਸੱਥ ਦੀਆਂ ਪੰਜਾਬ ਵਿੱਚ ਸਰਗਰਮੀਆਂ ਦੇ ਮੁੱਖ ਸੂਤਰਧਾਰ ਬਣਦੇ ਆ ਰਹੇ ਕੁਲਵਿੰਦਰ ਸਿੰਘ ਸਰਾਏ ਜੀ ਨੂੰ ਖੁਸ਼ਆਮਦੀਦ ਕਿਹਾ ਜਾ ਸਕੇ। ਸਮਾਗਮ ਦੀ ਸ਼ੁਰੂ-ਆਤ ਦੌਰਾਨ ਮੋਤਾ ਸਿੰਘ ਸਰਾਏ ਵੱਲੋਂ ਹਾਜਰੀਨ ਦਾ ਸਵਾਗਤ ਕਰਦਿਆਂ ਕੁਲਵਿੰਦਰ ਸਿੰਘ ਸਰਾਏ ਦੇ ਕਾਰਜਾਂ ਸੰਬੰਧੀ ਚਾਨਣਾ ਪਾਇਆ। ਇਸ ਉਪਰੰਤ ਨਛੱਤਰ ਸਿੰਘ ਭੋਗਲ, ਸੰਜੀਵ ਕੁਮਾਰ ਭਨੋਟ, ਡਾ. ਹਰੀਸ਼ ਮਲਹੋਤਰਾ, ਸ਼ਗੁਫ਼ਤਾ ਗਿੰਮੀ ਲੋਧੀ, ਸਹਿਬਾਜ਼ ਲੋਧੀ, ਮੰਗਤ ਰਾਏ ਭਾਰਦਵਾਜ, ਜਸਮੇਰ ਸਿੰਘ ਹੋਠੀ, ਰਾਏ ਮਹਿੰਦਰ ਸਿੰਘ, ਬਲਵਿੰਦਰ ਸਿੰਘ ਚਾਹਲ, ਵਰਿੰਦਰ ਢਡਵਾਲ, ਰਵਿੰਦਰ ਸਿੰਘ ਕੁੰਦਰਾ, ਕੁਲਵੰਤ ਸਿੰਘ ਢੇਸੀ, ਅਮਰੀਕ ਸਿੰਘ ਕੂਨਰ, ਕੁਲਵਿੰਦਰ ਸਿੰਘ, ਧਰਮ ਚੰਦ ਮਹੇ, ਸਕਾਟਲੈਂਡ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਮਨਦੀਪ ਖੁਰਮੀ ਹਿੰਮਤਪੁਰਾ, ਲਾਭ ਗਿੱਲ ਦੋਦਾ ਸਕਾਟਲੈਂਡ, ਅਮਰੀਕ ਸਿੰਘ ਧੌਲ, ਜਰਨੈਲ ਸਿੰਘ ਪਰਭਾਕਰ, ਅਰਜਿੰਦਰ ਸਿੰਘ ਕੋਵੈਂਟਰੀ, ਰੁਪਿੰਦਰਜੀਤ ਕੌਰ ਕੋਵੈਂਟਰੀ, ਬੀਬੀ ਸ਼੍ਰੀਮਤੀ ਹੋਠੀ ਜੀ, ਰਣਜੀਤ ਸਿੰਘ ਸਿੱਧੂ, ਢਾਡੀ ਤਜਿੰਦਰ ਸਿੰਘ ਸੰਧੂ, ਅਮਰਜੀਤ ਸਿੰਘ ਭੋਗਲ,





ਜਸਵੀਰ ਸਿੰਘ ਬਚਰਾ, ਜੱਥੇਦਾਰ ਮੋਤਾ ਸਿੰਘ ਢੇਸੀ ਨਿਹੰਗ ਸਿੰਘ, ਸ਼ਰਨਜੀਤ ਕੌਰ ਢੇਸੀ, ਮਹਿੰਦਰ ਸਿੰਘ ਦਿਲਬਰ, ਮਾਸਟਰ ਕਰਮ ਸਿੰਘ ਸੰਧੂ, ਹਰਜਿੰਦਰ ਕੌਰ ਸੰਧੂ, ਡਾ: ਤਰਵਿੰਦਰ ਪਾਲ ਸਿੰਘ, ਸ਼੍ਰੀਮਤੀ ਬਲਜੀਤ ਕੌਰ ਸਰਾਏ, ਮਨਜੀਤ ਸਿੰਘ ਕਟਾਣਾ ਆਦਿ ਨੇ ਸਮਾਗਮ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਇਸ ਸਮੇਂ ਭਾਸ਼ਾ ਵਿਗਿਆਨੀ ਮੰਗਤ ਰਾਏ ਭਾਰਦਵਾਜ ਦੇ ਜਨਮਦਿਨ ਦਾ ਕੇਕ ਕੱਟ ਕੇ ਖੁਸ਼ੀ ਸਾਂਝੀ ਕੀਤੀ ਗਈ।

# ਸਿਹਤ ਸੇਵਾਵਾਂ ’ਚ ਕ੍ਰਾਂਤੀਕਾਰੀ ਬਦਲਾਅ ਕਾਰਨ ਲੋਕਾਂ ਦਾ ਸਰਕਾਰੀ ਹਸਪਤਾਲਾਂ ਪ੍ਰਤੀ ਵਿਸ਼ਵਾਸ ਵਧਿਆ : ਬ੍ਰਹਮ ਸ਼ੰਕਰ ਜਿੰਪਾ

## ਕੈਬਨਿਟ ਮੰਤਰੀ ਨੇ ਸਿਵਲ ਹਸਪਤਾਲ ਹੁਸ਼ਿਆਰਪੁਰ ’ਚ ਬਲੱਡ ਬੈਂਕ ਅਤੇ ਲੈਬਾਰਟਰੀ ਦੇ ਨਵੇਂ ਉਪਕਰਨ ਕੀਤੇ ਲੋਕ ਅਰਪਣ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਿਹਤ ਸੇਵਾਵਾਂ ਦੇ ਖੇਤਰ ਵਿਚ ਕ੍ਰਾਂਤੀਕਾਰੀ ਬਦਲਾਅ ਕੀਤੇ ਹਨ। ਇਹੀ ਕਾਰਨ ਹੈ ਕਿ ਹੁਣ ਲੋਕਾਂ ਦਾ ਸਰਕਾਰੀ ਹਸਪਤਾਲਾਂ ਪ੍ਰਤੀ ਵਿਸ਼ਵਾਸ ਵਧਿਆ ਹੈ ਅਤੇ ਲੋਕ ਹੁਣ ਪ੍ਰਾਈਵੇਟ ਹਸਪਤਾਲਾਂ ਦੀ ਥਾਂ ਸਰਕਾਰੀ ਹਸਪਤਾਲਾਂ ਨੂੰ ਤਰਜੀਹ ਦੇ ਰਹੇ ਹਨ। ਉਹ ਅੱਜ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਚ ਬਲੱਡ ਬੈਂਕ ਤੇ ਲੈਬਾਰਟਰੀ ਦੇ ਨਵੇਂ ਉਪਕਰਨਾਂ ਨੂੰ ਲੋਕ ਅਰਪਣ ਕਰਨ ਦੌਰਾਨ ਸੰਬੋਧਨ ਕਰ ਰਹੇ ਸਨ। ਸਿਵਲ ਹਸਪਤਾਲ ਨੂੰ ਇਹ ਉਪਕਰਨ ਆਈ.ਸੀ.ਆਈ.ਸੀ.ਆਈ. ਬੈਂਕ ਫਾਊਂਡੇਸ਼ਨ ਨੇ ਸਪੋਰਟਿੰਗ ਹੈਲਥ ਕੇਅਰ ਪ੍ਰੋਜੈਕਟ ਤਹਿਤ ਦਿੱਤੇ ਹਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸਿਵਲ ਸਰਜਨ ਡਾ. ਪ੍ਰੀਤ ਮੋਹਿੰਦਰ ਸਿੰਘ, ਸਹਾਇਕ ਸਿਵਲ ਸਰਜਨ ਡਾ. ਪਵਨ ਕੁਮਾਰ ਅਤੇ ਐਸ.ਐਮ.ਓ ਡਾ. ਸਵਾਤੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਆਈ.ਸੀ.ਆਈ.ਸੀ.ਆਈ. ਬੈਂਕ ਫਾਊਂਡੇਸ਼ਨ ਵਲੋਂ ਸਿਵਲ ਹਸਪਤਾਲ ਹੁਸ਼ਿਆਰਪੁਰ ਨੂੰ ਬਲੱਡ ਬੈਂਕ ਤੇ ਲੈਬ ਲਈ ਦੋ ਡੋਨਰ ਕਾਊਚ, ਦੋ ਇੰਡੋ ਮੋਟਰ, ਦੋ ਟਿਊਬ ਸੀਲਰ, ਇਕ ਆਟੋਕਲੇਵ, ਦੋ ਸੈਂਟਰੀਫਯੂਗ ਮਸ਼ੀਨ, ਸੀ.ਬੀ.ਸੀ ਅਨਾਲਾਈਜ਼ਰ, ਇਕ ਵਾਟਰ ਡਿਸਟੀਲੇਸ਼ਨ ਯੂਨਿਟ ਭੇਟ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਸਿਹਤ ਸੇਵਾਵਾਂ ਦੇ ਸੁਧਾਰ ਲਈ ਸਰਕਾਰ ਦੇ ਨਾਲ-ਨਾਲ ਸਵੈਸੇਵੀ ਸੰਸਥਾਵਾਂ ਅਤੇ ਬੈਂਕਿੰਗ ਖੇਤਰ ਵੀ ਆਪਣਾ ਯੋਗਦਾਨ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬਿਹਤਰ ਤੇ ਬੁਨਿਆਦੀ ਸਿਹਤ ਸੁਵਿਧਾਵਾਂ ਦੇਣ ਲਈ ਵਚਨਬੱਧ ਹੈ, ਜਿਸ ਲਈ ਕੋਈ ਕਮੀ ਨਹੀਂ ਛੱਡੀ ਜਾਵੇਗੀ। ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਸਿਵਲ ਹਸਪਤਾਲ ਵਿਚ ਰੈਡ ਕਰਾਸ ਸੋਸਾਇਟੀ ਨੂੰ ਨਾਲ ਲੈ ਕੇ ਜਲਦ ਹੀ 24 ਘੰਟੇ ਲਈ ਜਨ ਔਸ਼ਧੀ ਕੇਂਦਰ ਖੋਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਿਵਲ ਹਸਪਤਾਲ ਵਿਚ ਅਤਿ-ਆਧੁਨਿਕ ਲੈਬਾਰਟਰੀ ਤੇ ਸੀ.ਟੀ ਸਕੈਨ ਦੀ ਸੁਵਿਧਾ ਹੈ, ਜਿਸ ਦਾ ਲੋਕਾਂ ਨੂੰ ਪੂਰਾ ਫਾਇਦਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਹਸਪਤਾਲ ਵਿਚ ਸਟਾਫ ਤੇ ਹੋਰ ਕਮੀਆਂ ਨੂੰ ਲੈ ਕੇ ਉਹ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨਾਲ ਗੱਲ ਕਰਨਗੇ ਅਤੇ ਇਨ੍ਹਾਂ ਕਮੀਆਂ ਨੂੰ ਵੀ ਜਲਦ ਦੂਰ ਕਰ ਦਿੱਤਾ ਜਾਵੇਗਾ। ਇਸ ਦੌਰਾਨ ਆਈ.ਸੀ.ਆਈ.ਸੀ.ਆਈ. ਬੈਂਕ ਫਾਊਂਡੇਸ਼ਨ ਵਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਉਹ ਭਵਿੱਖ ਵਿਚ ਵੀ ਸਿਵਲ ਹਸਪਤਾਲ ਨੂੰ ਹੈਲਥ ਕੇਅਰ ਪ੍ਰੋਜੈਕਟ ਤਹਿਤ ਜ਼ਰੂਰਤ ਅਨੁਸਾਰ ਉਪਕਰਨ ਮੁਹੱਈਆ ਕਰਵਾਉਂਦੇ ਰਹਿਣਗੇ। ਇਸ ਮੌਕੇ ਬੀ.ਟੀ.ਓ ਡਾ. ਵੈਸ਼ਾਲੀ, ਆਈ. ਸੀ. ਆਈ. ਸੀ. ਆਈ. ਬੈਂਕ ਫਾਊਂਡੇਸ਼ਨ ਦੇ ਸੀਨੀਅਰ ਪ੍ਰੋਗਰਾਮ ਮੈਨੇਜਰ ਸੁਰਿੰਦਰ ਪ੍ਰੋਹਿਤ , ਬ੍ਰਾਂਚ ਮੈਨੇਜਰ ਪੰਕਜ ਡੋਗਰਾ, ਵਿਕਾਸ ਅਫ਼ਸਰ ਗੁਰਵਿੰਦਰ ਸਿੰਘ, ਕਮਿਊਨਿਟੀ ਫੈਸੀਲੀਟੇਟਰ ਸਾਧੂ ਰਾਮ ਅਤੇ ਆਰ.ਐਮ ਫੋਰੈਕਸ ਤੋਂ ਸ਼ਿਵ ਕੁਮਾਰ ਵੀ ਮੌਜੂਦ ਸਨ।




# ਚੀਨੀ ਸਰਹੱਦਾਂ ਨੇੜੇ ਸਪੱਸ਼ਟ ਰਣਨੀਤਕ ਕਾਰਨਾਂ ਕਰ ਕੇ ਬੁਨਿਆਦੀ ਢਾਂਚੇ ਦੇ ਤੇਜ਼ ਵਿਕਾਸ ’ਤੇ ਧਿਆਨ ਦਿੱਤਾ: ਜੈਸ਼ੰਕਰ



**ਨਵੀਂ ਦਿੱਲੀ–** ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਪੂਰਬੀ ਲੱਦਾਖ ਵਿੱਚ 33 ਮਹੀਨਿਆਂ ਤੋਂ ਚੱਲ ਰਹੇ ਸਰਹੱਦੀ ਵਿਵਾਦ ਦਰਮਿਆਨ ਅੱਜ ਕਿਹਾ ਕਿ ਭਾਰਤ ਨੇ ਚੀਨ ਨਾਲ ਲੱਗਦੀਆਂ ਉੱਤਰੀ ਸਰਹੱਦਾਂ ਨੇੜੇ ਸਪੱਸ਼ਟ ਰਣਨੀਤਕ ਕਾਰਨਾਂ ਕਰ ਕੇ ਬੁਨਿਆਦੀ ਢਾਂਚੇ ਦੇ ਤੇਜ਼ੀ ਨਾਲ ਵਿਕਾਸ ’ਤੇ ਧਿਆਨ ਕੇਂਦਰਿਤ ਕੀਤਾ ਹੈ।

ਮੰਤਰੀ ਨੇ ਪੱਤਰਕਾਰਾਂ ਦੇ ਇਕ ਸਮੂਹ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਲੱਦਾਖ ਖੇਤਰ ਵਿੱਚ 135 ਕਿਲੋਮੀਟਰ ਤੱਕ ਫੈਲੀ ਰਣਨੀਤਕ ਤੌਰ ’ਤੇ ਅਹਿਮ ਚੁਸ਼ੁਲ-ਡੁੰਗਤੀ-ਫੁਕਚੇ-ਡੈਮਚੋਕ ਸੜਕ ’ਤੇ ਕੰਮ ਪਿਛਲੇ ਮਹੀਨੇ ਸ਼ੁਰੂ ਹੋਇਆ ਸੀ। ਉਨ੍ਹਾਂ ਦੱਸਿਆ ਕਿ ਚੀਨ ਨਾਲ ਲੱਗਦੀ ਸਰਹੱਦ ’ਤੇ ਫ਼ੌਜੀ ਸੈਨਿਕਾਂ ਦੀ ਤਾਇਨਾਤੀ ਬਣਾਈ ਰੱਖਣ ਲਈ ਲੋੜੀਂਦੇ 16 ਪ੍ਰਮੁੱਖ ਦੱਰਿਆਂ ਨੂੰ ਰਿਕਾਰਡ ਸਮੇਂ ’ਚ ਅਤੇ ਪਿਛਲੇ ਸਾਲਾਂ ਦੇ ਮੁਕਾਬਲੇ ਬਹੁਤ ਪਹਿਲਾਂ ਖੋਲ੍ਹ ਦਿੱਤਾ ਗਿਆ ਹੈ। ਅਰੁਣਚਾਲ ਪ੍ਰਦੇਸ਼, ਸਿੱਕਮ ਅਤੇ ਲੱਦਾਖ ਵਿੱਚ ਸਰਹੱਦੀ ਇਲਾਕਿਆਂ ’ਚ ਲੱਗੇ ਕੁਝ ਦੱਰਿਆਂ ਨੂੰ ਕਠੋਰ ਸਰਦੀ ਦੇ ਮਹੀਨਿਆਂ ਵਿੱਚ ਭਾਰੀ ਬਰਫਬਾਰੀ ਕਾਰਨ ਬੰਦ ਕਰ ਦਿੱਤਾ ਜਾਂਦਾ ਹੈ।

# ਰੇਤ ਕਾਰੋਬਾਰ ’ਚ ਪਾਰਦਰਸ਼ਤਾ ਲਿਆ ਕੇ ਭਗਵੰਤ ਮਾਨ ਸਰਕਾਰ ਨੇ ਰੇਤ ਮਾਫ਼ੀਆ ਦੇ ਦਿਨ ਖਤਮ ਕੀਤੇ- ਮੀਤ ਹੇਅਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ/ ਸੰਤੋਖ ਸਿੰਘ ਜੱਸੀ)–** ਪੰਜਾਬ ਦੇ ਪ੍ਰਸ਼ਾਸਕੀ ਸੁਧਾਰ, ਜਲ ਸਰੋਤ, ਖਣਨ ਅਤੇ ਭੂ-ਵਿਗਿਆਨ, ਸਾਇੰਸ ਤਕਨਾਲੋਜੀ ਤੇ ਵਾਤਾਵਰਣ ਅਤੇ ਖੇਡਾਂ ਤੇ ਯੁਵਕ ਸੇਵਾਵਾਂ ਬਾਰੇ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਅੱਜ ਇੱਥੇ ਆਖਿਆ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਰੇਤ ਕਾਰੋਬਾਰ ’ਚ ਪਾਰਦਰਸ਼ਤਾ ਲਿਆ ਕੇ ਰੇਤ ਮਾਫ਼ੀਆ ਦੇ ਦਿਨ ਖਤਮ ਕਰ ਦਿੱਤੇ ਹਨ।

ਅੱਜ ਖੋਜਾ ਪਿੰਡ ਵਿਖੇ ਜਨਤਕ ਰੇਤ ਖਾਣ ਦਾ ਜਾਇਜ਼ਾ ਲੈਣ ਪੁੱਜੇ ਖਣਨ ਅਤੇ ਭੂ-ਵਿਗਿਆਨ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਲੋਕਾਂ ਨਾਲ ਰੇਤ ਖਾਣਾਂ ਤੋਂ 5.50 ਰੁਪਏ ਵਿੱਚ ਰੇਤਾ ਮੁਹੱਈਆ ਕਰਵਾਉਣ ਦੇ ਕੀਤੇ ਵਾਅਦੇ ਨੂੰ ਅਮਲੀ ਰੂਪ ਦੇ ਕੇ ਦਰਸਾ ਦਿੱਤਾ ਹੈ ਕਿ ਸਰਕਾਰ ਲਈ ਪ੍ਰਸ਼ਾਸਨ ’ਚ ਪਾਰਦਰਸ਼ਤਾ ਤੇ ਜਨਤਕ ਹਿੱਤਾਂ ਨਾਲ ਇਮਾਨਦਾਰੀ ਸਭ ਤੋਂ ਵੱਡੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਹੁਣ ਨਾ ਤਾਂ ਕੋਈ ਗੁੰਡਾ ਪਰਚੀ ਲੱਗੇਗੀ ਤੇ ਨਾ ਹੀ ਨਜਾਇਜ਼ ਮਾਈਨਿੰਗ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲਈ ਰੇਤ ਦੇ ਮਾਲੀਏ ਤੋਂ ਪਹਿਲਾਂ ਆਮ ਲੋਕਾਂ ਦੇ ਹਿੱਤ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਐਤਵਾਰ ਨੂੰ ਲੁਧਿਆਣਾ ਤੋਂ ਸ਼ੁਰੂ ਕੀਤੀਆਂ ਗਈਆਂ ਪੰਜਾਬ ਦੇ 7 ਜ਼ਿਲ੍ਹਿਆਂ ਵਿਚਲੀਆਂ ਜਨਤਕ ਰੇਤ ਖਾਣਾਂ ਨੂੰ ਮਿਲੇ ਭਰਪੂਰ ਹੁੰਗਾਰੇ ਅਤੇ ਆਮ ਲੋਕਾਂ ਨੂੰ ਰੇਤ ਮਿਲਣ ’ਚ ਹੋਈ ਅਸਾਨੀ ਨੂੰ ਦੇਖਦੇ ਹੋਏ, ਇਸ ਮਹੀਨੇ ਦੇ ਅਖੀਰ ਤੱਕ ਇਨ੍ਹਾਂ ਖਾਣਾਂ ਦਾ ਘੇਰਾ 14 ਜ਼ਿਲ੍ਹਿਆਂ ਤੱਕ ਕਰਦੇ ਹੋਏ ਜਨਤਕ ਰੇਤ ਖਾਣਾਂ ਦੀ ਗਿਣਤੀ 50 ਕਰ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਅਗਲੇ ਸਾਲ ਤੱਕ ਇਹ ਗਿਣਤੀ 150 ਤੋਂ ਵਧੇਰੇ ਕਰਨ ਦਾ ਟੀਚਾ ਰੱਖਿਆ ਗਿਆ ਹੈ। ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਪੁੱਛੇ ਗਏ ਸੁਆਲ ਕਿ ਇਨ੍ਹਾਂ ਜਨਤਕ ਰੇਤ ਖਾਣਾਂ ਚਲਾਉਣ ਲਈ ਲੋੜੀਂਦੀਆਂ ਅਥਾਰਟੀਆਂ ਪਾਸੋਂ ‘ਕਲੀਅਰੈਂਸ’ ਲਈਆਂ ਗਈਆਂ ਹਨ, ਬਾਰੇ ਸਪੱਸ਼ਟ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਸਬੰਧੀ ਵਿਸ਼ੇਸ਼ ਹਦਾਇਤ ਕੀਤੀ ਗਈ ਸੀ, ਜਿਸ ਤਹਿਤ ਮਾਣਯੋਗ ਉੱਚ ਅਦਾਲਤ ਅਤੇ ਸਟੇਟ ਇੰਨਵਾਰਿਨਮੈਂਟ ਇੰਪੈਕਟ ਅਸੈਸਮੈਂਟ ਅਥਾਰਟੀ (ਸੀਆ) ਪਾਸੋਂ ਲੋੜੀਂਦੀਆਂ ਪ੍ਰਵਾਨਗੀਆਂ ਲੈ ਕੇ ਹੀ ਇਹ ਖਾਣਾਂ ਲੋਕਾਂ ਲਈ ਸ਼ੁਰੂ ਕੀਤੀਆਂ ਗਈਆਂ ਹਨ।



ਖੋਜਾ ਵਿਖੇ ਰੇਤ ਲੈਣ ਆਏ ਲੋਕਾਂ ਅਤੇ ਰੇਤ ਦੀ ਭਰਾਈ ਕਰਨ ਵਾਲੀ ਲੇਬਰ ਨਾਲ ਦਰਿਆ ਦੇ ਪਾਣੀ ’ਚੋਂ ਨੰਗੇ ਪੈਰੀਂ ਲੰਘ ਕੇ ਗੱਲਬਾਤ ਕਰਨ ਪੁੱਜੇ ਖਣਨ ਮੰਤਰੀ ਮੀਤ ਹੇਅਰ ਨੇ ਜਿੱਥੇ ਉਨ੍ਹਾਂ ਪਾਸੋਂ ਕਿਸੇ ਵੀ ਤਰ੍ਹਾਂ ਦੇ ਵਾਧੂ ਚਾਰਜ ਬਾਰੇ ਪੁੱਛਿਆ ਉੱਥੇ ਉਨ੍ਹਾਂ ਦਾ ਫ਼ੀਡ ਬੈਕ ਵੀ ਲਿਆ। ਰੇਤ ਲੈਣ ਆਏ ਲੋਕ ਅਤੇ ਰੇਤ ਭਰਨ ਵਾਲੀ ਲੇਬਰ ਨੇ ਇਸ ਮੌਕੇ ਆਖਿਆ ਕਿ ਪੰਜਾਬ ’ਚ ਲਗਪਗ 15 ਸਾਲ ਬਾਅਦ ਪੁਰਾਣੇ ਸਮੇਂ ਵਾਂਗ ਖੁੱਲ੍ਹੀ ਰੇਤ ਮਿਲਣ ਲੱਗੀ ਹੈ। ਟ੍ਰੈਕਟਰਾਂ-ਟਰਾਲੀਆਂ ਨਾਲ ਢੁਆਈ ਕਰਨ ਵਾਲਿਆਂ ਨੇ ਵਿਸ਼ੇਸ਼ ਤੌਰ ’ਤੇ ਧੰਨਵਾਦ ਕਰਦਿਆਂ ਕਿਹਾ ਕਿ ਰੇਤ ਦੀ ਭਰਾਈ ਦਾ ਕੰਮ ਪਹਿਲਾਂ ਮਸ਼ੀਨਾਂ ਅਤੇ ਢੋਆਈ ਦਾ ਕੰਮ ਵੱਡੇ ਕਮਰਸ਼ੀਅਲ ਵਾਹਨਾਂ ਤੱਕ ਹੀ ਸੀਮਿਤ ਰਹਿ ਜਾਣ ਕਾਰਨ, ਬਹੁਤ ਸਾਰੇ ਲੋਕਾਂ ਦਾ ਰੋਜ਼ਗਾਰ ਦਾ ਸਾਧਨ ਵੀ ਖੁਸ ਗਿਆ ਸੀ ਪਰ ਹੁਣ ਅਜਿਹਾ ਨਹੀਂ।

ਖਣਨ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਤਸੱਲੀ ਹੈ ਕਿ ਭਗਵੰਤ ਮਾਨ ਸਰਕਾਰ ਵੱਲੋਂ ਜਨਤਕ ਰੇਤ ਖਾਣਾਂ ਸ਼ੁਰੂ ਕਰਨ ਦਾ ਜ਼ਮੀਨੀ ਪੱਧਰ ’ਤੇ ਆਮ ਲੋਕਾਂ ਨੂੰ ਲਾਭ ਮਿਲਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਇਨ੍ਹਾਂ ਸਾਈਟਾਂ ਦਾ ਜਾਇਜ਼ਾ ਲੈਣ ਦਾ ਮੰਤਵ ਅਗਲੇ ਦਿਨਾਂ ’ਚ ਖੋਲ੍ਹੀਆਂ ਜਾਣ ਵਾਲੀਆਂ ਹੋਰ ਜਨਤਕ ਖਾਣਾਂ ਦੇ ਕੰਮ ’ਚ ਤੇਜ਼ੀ ਲਿਆਉਣਾ ਹੈ। ਪਹਿਲ ਉਨ੍ਹਾਂ ਥਾਂਵਾਂ ਨੂੰ ਦਿੱਤੀ ਜਾ ਰਹੀ ਹੈ, ਜਿੱਥੇ ਜਨਤਕ ਖਾਣ ਨੂੰ ਮੇਨ ਰਸਤੇ ਨੇੜੇ ਲੱਗਦੇ ਹੋਣ, ਖੱਡ ਤੱਕ ਜਾਣ ਵਾਲਾ ਰਸਤਾ ਲੱਗਪਗ ਸਰਕਾਰੀ ਹੋਵੇ, ਪ੍ਰਾਈਵੇਟ ਰਸਤੇ ਦੀ ਵਰਤੋਂ ਹੋਣ ’ਤੇ ਕੋਈ ਵਸੂਲੀ ਨਾ ਹੋਵੇ। ਉਨ੍ਹਾਂ ਕਿਹਾ ਕਿ ਸੂਬੇ ’ਚ ਹੋਰ ਜਨਤਕ ਰੇਤ ਖਾਣਾਂ ਖੁੱਲ੍ਹਣ ਨਾਲ ਕਿਸੇ ਵੀ ਲੋੜਵੰਦ ਨੂੰ ਸਿਰ ਦੀ ਛੱਤ ਪਾਉਣ ਲਈ ਕੋਈ ਮੁਸ਼ਕਿਲ ਨਹੀਂ ਆਵੇਗੀ ਅਤੇ ਸਰਕਾਰ ਦੀ ਕੋਸ਼ਿਸ਼ ਇਹ ਰਹੇਗੀ ਕਿ ਜਿਨ੍ਹਾਂ ਜ਼ਿਲ੍ਹਿਆਂ ’ਚ ਰੇਤ ਖਾਣਾਂ ਨਹੀਂ ਹਨ, ਉਹ ਜ਼ਿਲ੍ਹੇ ਨਾਲ ਦੇ ਜ਼ਿਲ੍ਹੇ ’ਚ ਖੁਲ੍ਹੀਆਂ ਜਨਤਕ ਰੇਤ ਖਾਣਾਂ ਤੋਂ ਆਪਣੀ ਲੋੜ ਮੁਤਾਬਕ ਰੇਤਾ ਲੈ ਸਕਣ।



ਇਸ ਮੌਕੇ ਮੌਜੂਦ ਡਾਇਰੈਕਟਰ ਖਣਨ ਤੇ ਭੂ-ਵਿਗਿਆਨ ਦਵਿੰਦਰ ਪਾਲ ਸਿੰਘ ਖਰਬੰਦਾ ਨੇ ਖਣਨ ਮੰਤਰੀ ਨੂੰ ਦੱਸਿਆ ਕਿ ਜਨਤਕ ਰੇਤ ਖਾਣਾਂ ’ਚ ਪਾਰਦਰਸ਼ਤਾ ਰੱਖਣ ਲਈ ਅਤੇ ਨਜਾਇਜ਼ ਮਾਈਨਿੰਗ ਦੀ ਚੈਕਿੰਗ ਲਈ ਖਰੀਦਣ ਵਾਲੇ ਦੇ ਮੋਬਾਇਲ ’ਤੇ ‘ਕਿਊ ਆਰ ਕੋਡ’ ਭੇਜਿਆ ਜਾਵੇਗਾ, ਜਿਸ ਵਿੱਚ ਰੇਤ ਖਾਣ ਦਾ ਨਾਮ, ਅਦਾਇਗੀ, ਤਰੀਕ ਅਤੇ ਰੇਤ ਦੀ ਪਰਚੀ ਦੀ ਮਿਆਦ ਨਾਲ ਸਬੰਧਤ ਜਾਣਕਾਰੀ ਸਕੈਨ ਕਰਕੇ ਦੇਖੀ ਜਾ ਸਕੇਗੀ।

ਇਸ ਮੌਕੇ ਆਪ ਦੇ ਨਵਾਂਸ਼ਹਿਰ ਦੇ ਸੀਨੀਅਰ ਆਗੂ ਲਲਿਤ ਮੋਹਨ ਪਾਠਕ ਨੇ ਖਣਨ ਮੰਤਰੀ ਮੀਤ ਹੇਅਰ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕਰਦਿਆਂ, ਜਨਤਕ ਰੇਤ ਖਾਣਾਂ ਰਾਹੀਂ ਭਗਵੰਤ ਮਾਨ ਸਰਕਾਰ ਵੱਲੋਂ ਆਮ ਲੋਕਾਂ ਨੂੰ ਦਿੱਤੀ ਵੱਡੀ ਰਾਹਤ ਲਈ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਨਾਲ ਆਮ ਲੋਕਾਂ ਨੂੰ ਸਸਤਾ ਰੇਤਾ ਤਾਂ ਮਿਲਿਆ ਹੀ ਹੈ, ਨਾਲ ਹੀ ਸੈਂਕੜੇ ਘਰਾਂ ਨੂੰ ਭਰਾਈ ਅਤੇ ਟ੍ਰੈਕਟਰ ਢੋਆ-ਢੁਆਈ ਰਾਹੀਂ ਰੋਜ਼ਗਾਰ ਵੀ ਮਿਲਿਆ ਹੈ।

ਇਸ ਮੌਕੇ ਐਸ ਐਸ ਪੀ ਭਾਗੀਰਥ ਸਿੰਘ ਮੀਣਾ, ਏ ਡੀ ਸੀ (ਜ) ਰਾਜੀਵ ਵਰਮਾ, ਐਸ ਡੀ ਐਮ ਨਵਾਂਸ਼ਹਿਰ ਮੇਜਰ ਸ਼ਿਵਰਾਜ ਸਿੰਘ ਬੱਲ, ਡੀ ਐਸ ਪੀ ਨਵਾਂਸ਼ਹਿਰ ਰਣਜੀਤ ਸਿੰਘ ਬਦੇਸ਼ਾ, ਖਣਨ ਤੇ ਭੂ ਵਿਗਿਆਨ ਵਿਭਾਗ ਦੇ ਨਿਗਰਾਨ ਇੰਜੀਨੀਅਰ (ਹੈਡ ਕੁਆਰਟਰ) ਮਨੋਜ ਬਾਂਸਲ, ਕਾਰਜਕਾਰੀ ਇੰਜੀਨੀਅਰ ਹੈਪੀ ਕੁਮਾਰ, ਐਸ ਡੀ ਓ ਗੁਰਜੀਤ ਸਿੰਘ, ਤਹਿਸੀਲਦਾਰ ਸਰਵੇਸ਼ ਰਾਜਨ, ਆਪ ਦੇ ਜ਼ਿਲ੍ਹਾ ਸਕੱਤਰ ਗਗਨ ਅਗਨੀਹੋਤਰੀ, ਸਰਪੰਚ ਪਰਗਟ ਰਾਮ, ਨੰਬਰਦਾਰ ਭੁਪਿੰਦਰ ਸਿੰਘ ਤੇ ਵੱਡੀ ਗਿਣਤੀ ’ਚ ਸਥਾਨਕ ਲੋਕ ਮੌਜੂਦ ਸਨ।

# ਦੁਆਬੇ ਦਾ ਪ੍ਰਸਿੱਧ ਢੋਲੀ ਅਤੇ ਸਮਾਜ ਸੇਵੀ - ਕਾਕਾ ਮੁਕੰਦਪੁਰੀ

**ਰੋਮ (ਇਟਲੀ), (ਟੇਕਚੰਦ ਜਗਤਪੁਰ)–** ਅਜੋਕੇ ਰੁਝੇਵਿਆਂ ਭਰੀ ਜ਼ਿੰਦਗੀ ਸੰਗੀਤ ਹੀ ਇੱਕ ਅਜਿਹਾ ਮਾਧਿਅਮ ਹੈ, ਜਿਸ ਨੂੰ ਸੁਣ ਕੇ ਇਨਸਾਨ ਦੀ ਜ਼ਿੰਦਗੀ ਦੇ ਕੁਝ ਪਲ ਖੁਸ਼ਿਆ ਨਾਲ ਲੰਘ ਜਾਦੇ ਹਨ। ਸੰਗੀਤ ਤੇ ਇਨਸਾਨ ਦਾ ਰਿਸ਼ਤਾ ਸਦੀਆਂ ਤੋਂ ਜੁੜਿਆ ਹੋਇਆ ਹੈ। ਸੰਗੀਤ ਬੇਸ਼ੱਕ ਪੱਛਮੀ ਹੋਵੇ ਜਾ ਭਾਰਤੀ ਹੋਵੇ ਅਤੇ ਸੰਗੀਤ ਦੇ ਖੇਤਰ ਵਿੱਚ ਹਰ ਸਾਜ ਦੀ ਆਪੋ ਆਪਣੀ ਵੱਖਰੀ ਪਹਿਚਾਣ ਹੁੰਦੀ ਹੈ। ਇਸੇ ਤਰ੍ਹਾਂ ਸੰਗੀਤ ਖੇਤਰ ਵਿੱਚ ਪੰਜਾਬ ਦਾ ਲੋਕ ਸਾਜ ਢੋਲ ਵੀ ਆਉਦਾ ਹੈ। ਜਿਸ ਦਾ ਨਾਮ ਸੁਣਦੇ ਹੀ ਹਰ ਚੇਹਰੇ ਤੇ ਖੁਸ਼ੀ ਦੀ ਝਲਕ ਦੇਖਣ ਨੂੰ ਮਿਲਦੀ ਹੈ।

ਦੁਆਬੇ ਦੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਪੈਂਦੇ ਪਿੰਡ ਮੁਕੰਦਪੁਰ ਦੇ ਜੰਮਪਲ ਸੁਰੇਸ਼ ਕੁਮਾਰ ਜਿਸ ਨੂੰ (ਕਾਕਾ ਮੁਕੰਦਪੁਰੀ) ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਕਾਕਾ ਮੁਕੰਦਪੁਰੀ ਨੇ ਢੋਲ ਦੇ ਜਰੀਏ ਦੇਸ਼ਾ ਵਿਦੇਸ਼ਾ ਵਿਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ।ਕਾਕਾ ਪੜਦੇ ਸਮੇਂ ਤੋਂ ਹੀ ਢੋਲਕ (ਮੰਦਲ) ਦੀ ਸਿਖਲਾਈ ਉਸਤਾਦ ਬੂਟਾ ਮੁਹੰਮਦ ਜੀ ਕੋਲੋਂ ਲੈਣ ਲੱਗ ਪਿਆ ਸੀ। ਢੋਲਕ ਦੇ ਨਾਲ ਨਾਲ ਢੋਲ ਵਿੱਚ ਵਿਚ ਵੀ ਰੁਚੀ ਹੋਣ ਕਰਕੇ ਢੋਲ ਦੀ ਸਿੱਖਿਆ ਉਸਤਾਦ ਮਾਸਟਰ ਸੇਵਾ ਰਾਮ ਜੀ (ਲੁਧਿਆਣਾ) ਵਾਲਿਆਂ ਕੋਲੋਂ ਲੈਣੀ ਸ਼ੁਰੂ ਕੀਤੀ ਅਤੇ ਲਗਨ ਮਿਹਨਤ ਦੇ ਨਾਲ ਬਹੁਤ ਕੁਝ ਸਿੱਖਿਆ।

ਪੰਜਾਬ ਦੇ ਨਾਮਵਰ ਕਲਾਕਾਰਾਂ ਦੇ ਨਾਲ ਦੇਸ਼ਾ ਵਿਦੇਸ਼ਾ ਦੀ ਧਰਤੀ ਤੇ ਟੂਰ ਲਗਾ ਚੁੱਕਾ ਹੈ। ਕਾਕਾ ਮੁਕੰਦਪੁਰੀ ਉਸਤਾਦ ਜੀ ਇੱਕ ਗੱਲ ਹਮੇਸ਼ਾ ਪੱਲੇ ਬੰਨ੍ਹ ਕੇ ਚਲਦਾ ਹੈ ਕਿ ਕਸਬ (ਕੰਮ) ਦੇ ਨਾਲ ਨਾਲ ਇਨਸਾਨ ਵਿੱਚ ਬਸਵ (ਰਹਿਣ-ਸਹਿਣ) ਬਹੁਤ ਜਰੂਰੀ ਹੈ!

ਕਲਾ ਦੇ ਨਾਲ ਨਾਲ ਕਾਕਾ ਸਮਾਜ ਸੇਵੀ ਕੰਮਾਂ ਵਿੱਚ ਵੀ ਮੋਹਰੇ ਹੋ ਕੇ ਤੁਰਦਾ ਹੈ ਕਈ ਵਾਰ ਲੋੜਵੰਦਾਂ ਨੂੰ ਖੂਨਦਾਨ ਕਰ ਚੁੱਕਾ ਇਲਾਕੇ ਵਿੱਚ ਵਾਤਾਵਰਣ ਦੀ ਸੁੱਧਤਾ ਲਈ ਪੌਦੇ ਰੋਪਣ ਵੀ ਕਰਦਾ ਰਹਿੰਦਾ ਹੈ ਸੱਚੇ ਪਾਤਸ਼ਾਹ ਅੱਗੇ ਅਰਦਾਸ ਕਰਦੇ ਹਾਂ ਕਿ ਕਾਕਾ ਹੋਰ ਤਰੱਕੀਆਂ ਕਰੇ ,ਕਾਕਾ ਦੱਸਦਾ ਹੈ ਕਿ 2001 ਤੋ ਲੈ ਕੇ ਹੁਣ ਤੱਕ ਪੰਜਾਬ ਦੇ 60 ਕੁ ਕਰੀਬ ਨਾਮੀ ਗਾਇਕਾ ਦੇ ਨਾਲ ਅਮਰੀਕਾ, ਕਨੇਡਾ, ਇੰਗਲੈਂਡ, ਦੁੱਬਈ ਆਦਿ ਵਿੱਚ ਟੂਰ ਲਾ ਚੁੱਕਾ ਹੈ।

ਜਿਸ ਵਿੱਚ ਸੁਰਿੰਦਰ ਲਾਡੀ, ਮੰਗੀ ਮਾਹਲ, ਫਿਰੋਜ਼ ਖਾਨ, ਬਖਸ਼ੀ ਬਿੱਲਾ, ਕਲੇਰ ਕੰਠ, ਬੈਨੀ ਏ, ਸਤਵਿੰਦਰ ਲਵਲੀ, ਰਾਣੀ ਰਣਦੀਪ, ਇੰਦਰਜੀਤ ਨਿੱਕੂ, ਜਸਵਿੰਦਰ ਬਰਾੜ, ਮੁੰਹਮਦ ਸਦੀਕ, ਸੁਰਿੰਦਰ ਸ਼ਿੰਦਾ, ਸੁਖਵਿੰਦਰ ਸੁੱਖੀ, ਭੁਪਿੰਦਰ ਮੋਹਾਲੀ, ਭੁਪਿੰਦਰ ਗਿੱਲ, ਗੁਰਮੀਤ ਮਾਨ ਮਿਸ ਪਾਇਲ, ਜੀਤਾ ਜੈਲਦਾਰ, ਕਮਲ ਕਟਾਣੀਆ, ਵਿਜੇ ਸ਼ਰਮਾ (ਫਗਵਾੜਾ) ਆਦਿ ਅਨੇਕਾਂ ਕਲਾਕਾਰਾਂ ਨਾਲ ਢੋਲ ਦੇ ਜਰੀਏ ਟੂਰ ਲਗਾਏ। ਕਾਕਾ ਹਮੇਸ਼ਾ ਹੀ ਪ੍ਰਮੋਟਰ ਵੀਰਾਂ ਜਿੰਮੀ, ਸ਼ੀਤਲ ਕਨੇਡਾ, ਪ੍ਰਵੀਰ ਸੰਧੂ , ਬਲਵਿੰਦਰ ਹੀਰ ਜੀ ਦਾ ਰਿਣੀ ਰਹੇਗਾ।



# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)




## ਸ੍ਰੀ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ 26 ਮਾਰਚ 2023 ਦਿਨ ਐਤਵਾਰ ਨੂੰ ਗੁਰੂ ਘਰ ਦੀ ਪ੍ਰਾਪਰਟੀ ਵਿਖੇ ਮਨਾਇਆ ਜਾ ਰਿਹਾ ਹੈ। ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਬੇਨਤੀ ਹੈ ਕਿ ਉਪਰੋਕਤ ਦਿਹਾੜੇ ਤੇ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਸੰਗਤ ਦੇ ਸੇਵਾਦਾਰ


Vinod Kumar Chumber (Chairman) 510-953-9800


Ram Lubhaya (President) 408-449-1105


Naresh Kumar (Secretary) 510-857-4551


Sohan Singh Dhanda (Treasurer) 510-200-6649

## ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |




ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ 'ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

**ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)**


Vinod Kumar Chumber (Chairman) 510-953-9800


Ram Lubhaya (President) 408-449-1105


Naresh Kumar (Secretary) 510-857-4551


Sohan Singh Dhanda (Treasurer) 510-200-6649

# ਗੁਰੂ ਰਵਿਦਾਸ ਪ੍ਰਕਾਸ਼ ਦਿਹਾੜੇ ਦਾ ਅੱਖੀਂ ਦੇਖਿਆ ਅਜਬ ਨਜ਼ਾਰਾ...!!

## ਜੈਕਾਰੇ, ਨਾਹਰਿਆਂ ਦੇ ਨਾਲ-ਨਾਲ ਬਹੁਜਨ ਏਕਤਾ ਬਣਾਉਣਾ ਸਮੇਂ ਦੀ ਮੰਗ



ਸੰਤੋਖ ਸਿੰਘ ਜੱਸੀ
91-70876-19800

ਸ਼੍ਰੀ ਗੁਰੂ ਰਵਿਦਾਸ ਜੀ ਦੇ ਪੈਰੋਕਾਰ, ਸ਼ਰਧਾਲੂ ਉਹਨਾਂ ਨੂੰ ਸਤਿਗੁਰੂ, ਜਗਤਗੁਰੂ, ਗੁਰੂ, ਸੰਤ ਸ਼੍ਰੋਮਣੀ ਕਰਕੇ ਯਾਦ ਕਰਦੇ ਹਨ। ਉੱਥੇ ਸੰਗਤ ਉਹਨਾਂ ਦੀ ਉਚਾਰੀ ਬਾਣੀ 'ਚੋਂ ਰੂਹਾਨੀਅਤ, ਮੁਰਸ਼ਦ-ਏ-ਕਮਾਲ ਤੇ ਅਧਿਆਤਮਵਾਦੀ ਦਰਵੇਸ਼ ਭਗਤ ਕਰਕੇ ਵੀ ਨਤਮਸਤਕ ਹੁੰਦੀ ਹੈ। ਹਰ ਸਾਲ ਮਨਾਏ ਜਾਂਦੇ ਇਸ ਮਹਾਂਪੁਰਸ਼ ਦੇ ਪ੍ਰਕਾਸ਼ ਦਿਹਾੜੇ ਦੇ ਸਮੇਂ ਤੇ ਪਹਿਲਾਂ ਕੱਢੀਆਂ ਜਾਂਦੀਆਂ ਪ੍ਰਭਾਤ ਫੇਰੀਆਂ, ਨਗਰ ਕੀਰਤਨਾਂ ਦੌਰਾਨ ਗੁਰੂ ਨਾਮ ਲੇਵਾ ਸੰਗਤਾਂ ਦਾ ਜੋਸ਼ੋ-ਖਰੋਸ਼, ਸ਼ਰਧਾ, ਜਜ਼ਬਾ ਤੇ ਜਨੂੰਨ ਦੇਖਣ ਵਾਲਾ ਹੁੰਦਾ ਹੈ। ਆਕਾਸ਼ ਗੁੰਜਾਊ ਜੈਕਾਰੇ ਲੱਗਦੇ ਹਨ। ਅਕਸਰ ਕਈ ਵਾਰ ਪ੍ਰਬੰਧਕਾਂ ਵਲੋਂ ਕੀਤੇ ਪ੍ਰਬੰਧ ਸ਼ਰਧਾਲੂਆਂ ਦੇ ਕੁੰਭ ਵਾਂਗ ਲੱਗਦੇ ਮੇਲੇ ਵਾਂਗ ਛੋਟੇ ਪੈ ਜਾਂਦੇ ਹਨ। ਹਰ ਪਾਸੇ ਖੁਸ਼ੀ, ਨੱਚਣ-ਗਾਉਣ ਦਾ ਆਲਮ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਲਿਖਣ ਨਾਲੋਂ ਵੱਧ ਮਾਣਿਆ, ਵੇਖਿਆ, ਸੁਣਿਆ, ਸਮਝਿਆ, ਪਰਖਿਆ ਤੇ ਮਹਿਸੂਸ ਕੀਤਾ ਹੀ ਜਾ ਸਕਦਾ ਹੈ।

ਗੁਰੂ ਜੀ ਵਾਰੇ ਭਾਰਤ ਦੇ ਕਈ ਸੂਬਿਆਂ ਖਾਸ ਕਰਕੇ ਉੱਤਰੀ ਭਾਰਤ ਤੇ ਸੰਤ, ਭਗਤ, ਰੂਹਾਨੀ ਰੂਹ, ਮਹਾਰਾਜ, ਰਹਿਬਰ ਵਜੋਂ ਪ੍ਰਚਾਰਕ ਪੇਸ਼ ਕਰਦੇ ਹਨ। ਉਹਨਾਂ ਨੂੰ ਸਮੇਂ ਦੇ ਬਗ਼ਾਵਤੀ, ਇਨਕਲਾਬੀ ਗੁਰੂ ਵਜੋਂ ਪ੍ਰਚਾਰਿਆ ਜਾ ਰਿਹਾ ਹੈ।



ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਪਿੰਡ ਸੁਖਨਾ ਅਬਲੂ ਵਿਖੇ ਮਨਾਏ ਗਏ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਉਹਨਾਂ ਦੇ ਸ਼ਰਧਾਲੂ ਤਸਵੀਰ ਅੱਗੇ ਨਤਮਸਤਕ ਹੁੰਦੇ ਹੋਏ।

ਸ਼੍ਰੀ ਗੁਰੂ ਰਵਿਦਾਸ ਜੀ ਨਾਲ ਸਬੰਧਿਤ ਡੇਰਿਆਂ, ਗੁਰਦਵਾਰਿਆਂ, ਮੰਦਿਰਾਂ, ਧਾਰਮਿਕ, ਸਮਾਜਿਕ ਸਥਾਨਾਂ 'ਤੇ ਸੰਗਤਾਂ ਲਈ ਲਗਾਏ ਜਾਂਦੇ ਪੰਡਾਲਾਂ ਦਾ ਨਜ਼ਾਰਾ ਵੀ ਅਨੋਖਾ ਤੇ ਵੇਖਣ ਯੋਗ ਹੁੰਦਾ ਹੈ। ਜਿੱਥੇ ਸਾਧ-ਸੰਗਤ ਦੀ ਖੁਸ਼ੀ ਤੇ ਉਤਸ਼ਾਹ ਦਾ ਕੋਈ ਟਿਕਾਣਾ ਨਹੀਂ ਹੁੰਦਾ। ਸੰਗਤ ਸੰਗੀਤਕ ਧੁਨਾਂ 'ਤੇ ਨੱਚਣ ਲੱਗਦੀ ਹੈ, ਬਜ਼ੁਰਗ, ਬੱਚੇ, ਔਰਤਾਂ ਅਤੇ ਨੌਜਵਾਨ ਸਭ ਗੁਰੂ ਜੀ ਦੇ ਰੰਗ ਵਿੱਚ ਰੰਗੇ ਨਜ਼ਰ ਆਉਂਦੇ ਹਨ।

ਪਿਛਲੇ ਕਈ ਸਾਲਾਂ ਤੋਂ ਸੰਗਤਾਂ ਦਾ ਉਤਸ਼ਾਹ ਵੱਧਦਾ ਹੀ ਜਾ ਰਿਹਾ ਹੈ। ਸੰਗਤ ਉਹਨਾਂ ਦੇ ਜੀਵਨ-ਫ਼ਲਸਫ਼ੇ, ਘਟਨਾਵਾਂ, ਬਾਣੀ ਰਾਹੀਂ ਦਿੱਤੇ ਉਪਦੇਸ਼, ਸ਼ਾਨਦਾਰ ਸੰਸਕ੍ਰਿਤੀ ਕਾਰਨ ਕਰਕੇ ਅੱਗੇ ਨਤਮਸਤਕ ਹੁੰਦੀ ਹੈ। ਅਜਿਹਾ ਵਰਤਾਰਾ ਕਰੀਬ-ਕਰੀਬ 1980 ਈ: ਤੋਂ ਬਾਅਦ ਨਿਰੰਤਰ ਵੱਧ-ਫੁੱਲ ਰਿਹਾ ਹੈ।

ਇਸ ਵਰਤਾਰੇ ਵਾਰੇ ਓਸ਼ੋ ਰਜਨੀਸ਼ ਦਾ ਮੰਨਣਾ ਹੈ ਕਿ ਸ਼੍ਰੀ ਗੁਰੂ ਰਵਿਦਾਸ ਜੀ ਵਿੱਚ ਕੁੱਛ ਖਾਸ ਹੈ, ਜਿਸ ਨੇ ਸ਼ੂਦਰ ਦੇ ਘਰ ਪੈਦਾ ਹੋ ਕੇ ਵੀ ਸਭ ਨੂੰ ਮੰਨਣ ਲਈ ਮਜ਼ਬੂਰ ਕਰ ਦਿੱਤਾ। ਜਿਹਨਾਂ ਨੇ ਬੁੱਧ ਧਰਮ ਤੇ ਜੈਨ ਧਰਮ ਨੂੰ ਖਾ ਲਿਆ, ਪਰ ਉਹਨਾਂ ਨੂੰ ਆਖਰ ਗੁਰੂ ਰਵਿਦਾਸ ਜੀ ਨੂੰ ਮੰਨਣਾ ਹੀ ਪਿਆ, ਉਹਨਾਂ ਵਿੱਚ ਕੁੱਝ ਖਾਸ ਸੀ। ਇਹ ਵਿਚਾਰਨ ਦੀ ਗੱਲ ਹੈ ਸੰਵਿਧਾਨ ਰਚੇਤਾ ਬਾਬਾ ਡਾ. ਭੀਮ ਰਾਓ ਅੰਬੇਡਕਰ ਜੀ ਨੇ ਕਿਹਾ ਕਿ ਉਹ ਅਛੂਤ ਸਮਾਜ ਵਿੱਚ ਪੈਦਾ ਹੋ ਕੇ ਵੀ ਆਪਣੇ ਮਨ ਦੀ ਨੇਕੀ, ਪਵਿੱਤਰਤਾ ਅਤੇ ਸਦਾਚਾਰ ਕਰਕੇ ਜਾਣੇ ਜਾਂਦੇ ਹਨ। ਭਾਰਤ ਵਿੱਚ ਸਭ ਤੋਂ ਵੱਧ ਪੜ੍ਹੇ ਲਿਖੇ ਰਾਸ਼ਟਰਪਤੀ ਸ਼੍ਰੀ ਆਰ.ਕੇ. ਨਰਾਇਣਨ ਨੇ ਕਿਹਾ ਕਿ 'ਸਤਿਗੁਰੂ ਰਵਿਦਾਸ ਮੱਧਕਾਲੀਨ ਯੁੱਗ ਦੇ ਮਹਾਨ ਸਮਾਜ ਸੁਧਾਰਕ ਸਨ, ਜਿਨ੍ਹਾਂ ਨੇ ਅਧਿਆਤਮਕ ਏਕਤਾ, ਸਮਾਨਤਾ ਅਤੇ ਭਾਈਚਾਰੇ ਦਾ ਪ੍ਰਚਾਰ ਕੀਤਾ। ਉਹਨਾਂ ਦੀਆਂ ਸਿੱਖਿਆਵਾਂ ਅੱਜ ਵੀ ਵਧੇਰੇ ਪ੍ਰਸੰਗਿਕ ਹਨ।'

ਸਦੀਆਂ ਤੋਂ ਹਾਸ਼ੀਏ 'ਤੇ ਕੀਤੇ ਗ਼ੁਲਾਮ ਬਣਾ ਕੇ ਚਾਰ ਵਰਣਾ ਵਿੱਚ ਵੰਡ ਕੇ ਸਭ ਤੋਂ ਅਖੌਤੀ ਨੀਵੀਂ ਜਾਤ ਵਿੱਚ ਪੈਦਾ ਹੋਣ ਵਾਲੀ ਇਸ ਰੱਬੀ ਰੂਹ ਨੂੰ ਸੰਗਤ ਨਤਮਸਤਕ ਹੋਣ ਲਈ ਤਤਪਰ ਹੁੰਦੀ ਹੈ, ਸਮਾਗ਼ਮ 'ਚ ਸ਼ਾਮਿਲ ਹੋਣਾ ਹਰ ਪ੍ਰਕਾਰ ਦੇ ਭਿੰਨ-ਭਿੰਨ ਵਿਚਾਰਧਾਰਾ ਵਾਲੇ ਆਗੂਆਂ ਦਾ ਇੱਕ ਤਰ੍ਹਾਂ ਜਰੂਰੀ ਹੋ ਗਿਆ ਹੈ। ਜਿੱਥੇ ਗੁਰੂ ਸਾਹਿਬ ਵਾਰੇ "ਕੱਖਾਂ ਕੰਡਿਆਂ 'ਚੋਂ ਇੱਕ ਭਾਂਬੜ ਮੱਚਿਆ, ਸੂਲ਼ਾਂ ਦੀ ਜੋ ਸੇਜ਼ 'ਤੇ ਨੰਗੇ ਪੈਰੀਂ ਨੱਚਿਆ" ਗੀਤ ਦੀਆਂ ਸਤਰਾਂ ਅਸਲ ਵਿੱਚ ਉਸ ਅਤੀਤ ਵਾਰੇ ਸੱਚੋ-ਸੱਚ ਹੀ ਬਿਆਨ ਕਰ ਰਹੀਆਂ ਹਨ। ਉਸ ਵੇਲੇ ਸਥਾਪਿਤ 'ਸੰਪੂਰਨ ਗ਼ੈਰ-ਬਰਾਬਰੀ' ਵਾਲੀ ਵਿਵਸਥਾ ਨੂੰ ਇੱਕ ਤਰ੍ਹਾਂ ਚੁਣੌਤੀ ਦੇ ਕੇ 'ਪੂਰਨ ਸਮਾਨਤਾ' ਦੀ ਵਿਵਸਥਾ ਲਈ "ਬੇਗ਼ਮਪੁਰਾ ਸਹਰ ਕੋ ਨਾਉ...ਐਸਾ ਚਾਹੂੰ ਰਾਜ ਮੈਂ" ਸੱਚਮੁੱਚ ਹੀ ਬਗ਼ਾਵਤ ਦੀ ਅੱਗ ਸਾਬਿਤ ਹੋਈ ਤੇ ਉਸ ਵੇਲੇ ਦੇ ਹੁਕਮਰਾਨਾਂ ਨੂੰ ਕਿਹਾ "ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ" ਰਾਹੀਂ ਲਲਕਾਰਿਆ। 40 ਸ਼ਬਦ ਤੇ ਇੱਕ ਸ਼ਲੋਕ ਗੁਰੂ ਨਾਨਕ ਜੀ ਨੂੰ ਭੇਂਟ ਕੀਤੇ ਅਤੇ ਗੁਰੂ ਅਰਜਨ ਦੇਵ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ। ਉੱਥੇ ਇਸ ਤੋਂ ਇਲਾਵਾ ਉਹਨਾਂ ਦੀ ਬਹੁਤ ਸਾਰੀ ਬਾਣੀ "ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ" ਤੇ ਹੋਰ ਕਈ ਗ੍ਰੰਥਾਂ ਵਿੱਚ ਮਿਲਦੀ ਹੈ।

ਦੂਜਾ ਪੱਖ ਇੱਥੇ ਇਹ ਵੀ ਵਿਚਾਰਨਯੋਗ ਹੈ ਕਿ ਕੀ ਇੱਕ ਦਿਨ ਜਾਂ ਮਹੀਨਾ ਭਰ ਜਸ਼ਨ ਮਨਾ ਕੇ ਉਹਨਾਂ ਦੇ ਸੁਪਨੇ ਨੂੰ ਸਾਕਾਰ ਕੀਤਾ ਜਾ ਸਕਦਾ ਹੈ ? ਤਰਕ-ਦਲੀਲ ਦੀ ਜੇ ਗੱਲ ਕੀਤੀ ਜਾਵੇ ਤਾਂ ਉਹਨਾਂ ਮਹਾਨ ਪੁਰਸ਼ਾਂ ਦੇ ਜਸ਼ਨ ਮਨਾਉਣ ਤੱਕ ਸੀਮਿਤ ਰਹਿਣਾ ਚਾਹੀਦਾ ਹੈ ਜਾਂ ਸਾਲ ਦੇ ਬਾਕੀ ਦਿਨ, ਮਹੀਨੇ ਵੀ ਇਸੇ ਤਰ੍ਹਾਂ ਦੀ ਸੁਰ-ਤਾਲ ਨੂੰ ਮਿਲਾ ਕੇ ਰੱਖਣੀ ਚਾਹੀਦੀ ਹੈ ? ਹਰ ਸੂਝਵਾਨ ਮਨੁੱਖ ਦਾ ਜਵਾਬ ਸ਼ਾਇਦ ਇਹੀ ਹੋਵੇਗਾ ਕਿ ਜਿਸ ਸਮੇਂ, ਜਿਹਨਾਂ ਹਾਲਾਤਾਂ ਦਾ ਸਾਹਮਣਾ ਕਰਦੇ ਹੋਏ ਗੁਰੂ ਸਾਹਿਬ ਨੇ ਹੱਕ-ਸੱਚ ਦੀ, ਕਿਰਤ ਕਰਕੇ ਬਾਣੀ ਰਾਹੀਂ ਪ੍ਰਮਾਤਮਾ ਨੂੰ ਯਾਦ ਕੀਤਾ ਹੈ, ਉੱਥੇ ਕ੍ਰਾਂਤੀਕਾਰੀ ਵਿਚਾਰਾਂ ਦਾ ਵੀ ਬਿਬੇਕ ਢੰਗ ਨਾਲ ਸੰਗਤਾਂ ਨੂੰ ਉਪਦੇਸ਼ ਦਿੱਤਾ ਹੈ। ਉਹਨਾਂ ਕਿਹਾ ਕਿ ਮੈਂ ਐਸਾ ਰਾਜ, ਵਿਵਸਥਾ ਚਾਹੁੰਦਾ ਹਾਂ ਜਿੱਥੇ ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਦੀਆਂ ਕਦਰਾਂ-ਕੀਮਤਾਂ ਤੇ ਬਿਨ੍ਹਾਂ ਕਿਸੇ ਡਰ ਭੈਅ ਵਾਲੀ ਵਿਵਸਥਾ ਹੋਵੇ, ਭਾਵ ਰਾਜ ਭਾਗ ਹੋਵੇ। ਅਜਿਹੇ ਰਾਜ ਦਾ ਇੱਕ ਅਜਿਹਾ ਮੁਖੀਆ ਹੋਵੇ ਜੋ ਸਭ ਨੂੰ ਸੁੱਖਮਈ ਜੀਵਨ ਜਿਊਣ ਵਾਲੀਆਂ ਨੀਤੀਆਂ ਨੂੰ ਅਪਣਾਵੇ ਤੇ ਸੱਚੇ ਦਿਲੋਂ ਲਾਗੂ ਕਰਕੇ "ਬੇਗ਼ਮਪੁਰਾ ਸ਼ਹਿਰ" ਵਸਾਵੇ। ਲੇਕਿਨ ਅਸੀਂ ਛੇ ਸਦੀਆਂ ਬੀਤਣ ਦੇ ਬਾਵਜੂਦ ਕੁੱਝ ਦਿਨ ਉਹਨਾਂ ਦੇ ਜੈਕਾਰੇ, ਤਾੜੀਆਂ, ਜੋਸ਼ੀਲੇ ਭਾਸ਼ਨ ਬੋਲ ਕੇ, ਗਾ ਕੇ ਅਤੇ ਲਿਖ ਕੇ 'ਮਿਸ਼ਨ' ਉੱਥੇ ਹੀ ਛੱਡ ਦਿੰਦੇ ਹਾਂ। ਫਿਰ ਸੰਗਠਨ ਬਣਾ ਲੈਂਦੇ ਹਾਂ ਜਾਂ ਫਿਰ ਸੰਗਠਨ ਬਣ ਜਾਵੇ ਤਾਂ ਫਿਰ ਕੁੱਝ ਲਾਲਸਾਵਾਂ ਆਪਸੀ ਕਾਰਨਾਂ ਕਰਕੇ ਖੁਦਗਰਜ਼ੀ ਕਾਰਨ ਆਪ ਕੌਮੀ ਪ੍ਰਧਾਨ, ਰਾਸ਼ਟਰੀ ਪ੍ਰਧਾਨ, ਸਰਪ੍ਰਸਤ ਸੂਬਾ ਪ੍ਰਧਾਨ ਬਣ ਕੇ ਨਾਇਕ ਬਣਨ ਦੀ ਅਭੁੱਲ ਕੋਸ਼ਿਸ਼ ਕਰਦੇ ਆ ਰਹੇ ਹਾਂ। ਜਿਸ ਕਰਕੇ ਅਸੀਂ ਕਰੋੜਾਂ ਦੀ ਗਿਣਤੀ ਵਿੱਚ ਹੋਣ ਦੇ ਬਾਵਜੂਦ ਵੀ ਭਾਰਤ ਨੂੰ ਮਹਾਂਪੁਰਸ਼ਾਂ ਦੇ ਸੁਪਨਿਆਂ ਨੂੰ ਰਾਜਭਾਗ 'ਚ ਤਬਦੀਲ ਨਹੀਂ ਕਰ ਸਕੇ।

72 ਸਾਲ ਪਹਿਲਾਂ ਹੀ ਅਸੀਂ ਕਾਨੂੰਨੀ ਤੌਰ 'ਤੇ ਨਾਗਰਿਕ ਬਣੇ ਹਾਂ। ਪਹਿਲਾਂ ਅਸੀਂ ਆਮ ਲੋਕ ਹੀ ਸਾਂ। ਸਭ ਦੇ ਅੱਜ ਬਰਾਬਰ ਮੌਲਿਕ ਅਧਿਕਾਰ ਹਨ ਤੇ ਅਸੀਂ ਆਪਣੇ ਹੱਕਾਂ ਦੀ ਸਮੀਖਿਆ ਕਰਕੇ ਇਹ ਕਹਿ ਸਕਦੇ ਹਾਂ ਕਿ ਸੰਗਤ ਨੇ ਹਜਾਰਾਂ ਸੰਸਥਾਵਾਂ ਨੂੰ ਕਰੋੜਾਂ, ਅਰਬਾਂ ਰੁਪਏ ਦਾਨ ਦਿੱਤੇ। ਜਿਸ ਨਾਲ ਸਾਡਾ ਕਿੰਨਾ ਕੁ ਭਲਾ ਹੋਇਆ ? ਇਹ ਚਿੰਤਨ ਦਾ ਵਿਸ਼ਾ ਹੈ। ਜਦਕਿ ਇੰਨੀ ਵੱਡੀ ਰਕਮ ਨਾਲ ਇੱਕ ਉਪ ਮਹਾਂਦੀਪ ਖਰੀਦਿਆ ਜਾ ਸਕਦਾ ਸੀ। ਬਹੁਜਨਾਂ ਦੇ "ਸਾਹਿਬ" ਸ਼੍ਰੀ ਕਾਂਸ਼ੀ ਰਾਮ ਜੀ ਨੇ ਜੀਵਨ ਭਰ ਦੀਆਂ ਖੁਸ਼ੀਆਂ ਨੂੰ ਤਿਲਾਂਜਲੀ ਦੇ ਕੇ ਇੱਕ ਸੰਗਠਨ ਬਣਾਇਆ। ਅੱਜ ਭਾਰਤ ਦੇ ਕੋਨੇ-ਕੋਨੇ 'ਚ ਵੱਖ-ਵੱਖ ਮਹਾਂਪੁਰਸ਼ਾਂ ਦੇ ਨਾਮ 'ਤੇ 10 ਲੱਖ ਦੇ ਕਰੀਬ ਸੰਗਠਨ ਬਣ ਚੁੱਕੇ ਹਨ। ਜਦਕਿ ਦੂਜੇ ਪਾਸੇ ਇੱਕ ਜਾਂ ਕੁੱਝ ਸੰਗਠਨ ਬਣਾ ਕੇ ਰਾਜਭਾਗ ਦਾ ਆਨੰਦ ਮਾਣਿਆ ਜਾ ਰਿਹਾ ਹੈ। ਜਦਕਿ ਅਸੀਂ ...? ਪਿਛਲੇ 3 ਹਜ਼ਾਰ ਸਾਲਾਂ ਤੋਂ ਲੈ ਕੇ 5 ਹਜ਼ਾਰ ਸਾਲਾਂ ਤੱਕ ਪਹਿਲਾਂ ਜੋ ਅਣਮਨੁੱਖੀ ਜਾਂ ਦੂਜੇ ਸ਼ਬਦਾਂ ਵਿੱਚ ਪੂਰਨ ਅਸਮਾਨਤਾ ਵਾਲੀ ਵਿਵਸਥਾ ਸੀ ਨੂੰ ਹੁਣ ਨਵੇਂ ਸ਼ਬਦਾਂ ਦਾ ਲਬਰੇਜ਼ ਚਾੜ੍ਹ ਕੇ ਮਾਨਵਵਾਦੀ ਮਿਸ਼ਨ ਨੂੰ ਸੱਟ ਮਾਰੀ ਜਾ ਰਹੀ ਹੈ, ਪਰ ਅਸੀਂ ਐਨੇ ਸੰਗਠਨਾਂ ਦੇ ਬਾਵਜੂਦ "ਐਸਾ ਚਾਹੂੰ ਰਾਜ ਮੈਂ" ਸਥਾਪਿਤ ਨਹੀਂ ਕਰ ਸਕੇ।

ਇੱਥੇ ਹਰ ਤੀਜਾ ਵਿਅਕਤੀ ਸੰਗਠਨ ਬਣਾਉਣ ਵਿੱਚ ਲੱਗਾ ਹੋਇਆ ਹੈ।

ਇਸ ਵਾਰੇ 20ਵੀਂ ਸਦੀ ਦੇ ਮਹਾਨ ਦਾਰਸ਼ਨਿਕ, ਮਾਨਵਵਾਦੀ ਤੇ ਇਨਕਲਾਬੀ ਯੋਧੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਕਿਹਾ ਸੀ ਕਿ ਆਪਣਾ ਖੁੱਸਿਆ ਹੋਇਆ ਰਾਜ ਭਾਗ ਲੈਣ ਲਈ ਇੱਕ ਪਾਰਟੀ, ਇੱਕ ਝੰਡਾ, ਇੱਕ ਨਿਸ਼ਾਨ ਹੋਣਾ ਲਾਜ਼ਮੀ ਹੈ।

ਅੱਜ ਸਮਾਜ ਕਿਸੇ ਕਮਲ਼ੀ ਦੇ ਖਿੱਲਰੇ ਹੋਏ ਵਾਲਾ ਵਾਂਗ ਨਜ਼ਰ ਆਉਂਦਾ ਹੈ। ਆਪਸੀ ਏਕਤਾ, ਭਾਈਚਾਰਾ ਕਿੱਥੇ ਹੈ ? ਮਹਾਨ ਵਿਰਾਸਤ ਬੜੇ ਜ਼ਬਰ-ਜ਼ੁਲਮ ਸਹਿ ਕੇ ਮਹਾਂਪੁਰਸ਼ਾਂ ਨੇ ਦਿੱਤੀ, ਉਸ 'ਚ ਅਜੇ ਤੱਕ ਇੱਕ ਪੂਣੀ ਹੀ ਕੱਤੀ ਨਜ਼ਰ ਆਉਂਦੀ ਹੈ, ਅਜੇ ਚਰਖਾ ਕੱਤਣਾ ਬਾਕੀ ਹੈ। ਗੁਰੂਆਂ ਨੇ ਕਿਹਾ ਸੀ ਕਿ ਹੱਕ ਮੰਗਿਆਂ ਨਹੀਂ ਮਿਲਦੇ, ਹੱਕਾਂ ਲਈ ਲੜਨਾਂ ਹੀ ਪੈਂਦਾ ਹੈ। ਪਰ ਪਿਛਲੇ ਕਰੀਬ 40-45 ਸਾਲਾਂ 'ਤੇ ਪੰਛੀ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਆਗੂ ਆਪਸ ਵਿੱਚ ਹੀ ਤਾਲ-ਮੇਲ ਨਹੀਂ ਬਿਠਾ ਸਕੇ। ਸਗੋਂ ਇੱਕ-ਦੂਜੇ ਨੂੰ ਨੀਵਾਂ ਦਿਖਾ ਕੇ ਅੱਗੇ ਵੱਧਣ ਦੀ ਥਾਂ ਪਿੱਛੇ ਨੂੰ ਹੀ ਜਾ ਰਹੇ ਹਾਂ ? ਮਧੂ ਮੱਖੀਆਂ ਦੀ ਉਦਾਹਰਣ ਇਕੱਠੇ ਹੋਣ ਦਾ ਸੰਕੇਤ ਦਿੰਦੀ ਹੈ, ਪਰ ਅਸੀਂ?

ਦੁਨੀਆਂ ਭਰ ਦੇ ਇਤਿਹਾਸ 'ਤੇ ਗ਼ੁਲਾਮ ਬਣਾਏ ਗਏ ਸਮਾਜਾਂ ਦੇ ਸੰਦਰਭ ਵਿੱਚ ਕਿਹਾ ਜਾ ਸਕਦਾ ਹੈ ਕਿ ਉਹਨਾਂ ਬੜੇ ਜ਼ੁਲਮ ਸਹੇ, ਪਰ ਉਹਨਾਂ ਰਾਜਭਾਗ ਵੀ ਆਪਣਾ ਸਥਾਪਿਤ ਕਰਕੇ ਆਪਣੇ ਆਗੂਆਂ ਨੂੰ ਤਨੋਂ, ਮਨੋਂ, ਧਨੋਂ ਸਹਾਇਤਾ ਕਰਕੇ ਉਭਾਰਿਆ। ਅਮਰੀਕਾ ਦੇ ਕਾਲੇ ਤੇ ਗਰੀਬ ਲੋਕਾਂ 'ਚ ਇਬਰਾਹਿਮ ਲਿੰਕਨ ਅਤੇ ਬਰਾਕ ਹੁਸੈਨ ਓਬਾਮਾ ਰਾਸ਼ਟਰਪਤੀ ਬਣੇ। ਉੱਥੇ ਕਾਲੇ ਲੋਕਾਂ ਨੂੰ ਇਸ ਹੱਦ ਤੱਕ ਲੁੱਟਿਆ ਅਤੇ ਕੁੱਟਿਆ ਅਤੇ ਬੇਇੱਜਤ ਕੀਤਾ ਗਿਆ ਸੀ। ਪਰ ਹੁਣ ਅਮਰੀਕਨ ਕਾਲੇ ਲੋਕਾਂ ਤੋਂ ਥਰ-ਥਰ ਕੰਬਦੇ ਹਨ। ਦੱਖਣੀ ਅਫ਼ਰੀਕਾ ਵਿੱਚ ਕੌਮ ਨੇ ਨੈਲਸਨ ਮੰਡੇਲਾ ਨੂੰ ਰਾਸ਼ਟਰਪਤੀ ਬਣਾਇਆ। ਇਜ਼ਰਾਇਲ ਦੇ ਆਮ ਲੋਕਾਂ 'ਤੇ ਇੰਨੇ ਜ਼ੁਲਮ ਹੋਏ ਕਿ ਉਹਨਾਂ ਨੂੰ ਗਰਮ ਲੋਹੇ ਦੇ ਕੜਾਹਿਆਂ-ਡਰੰਮਾਂ ਵਿੱਚ ਪਾ ਕੇ ਸਾੜਿਆ ਗਿਆ। ਉਹਨਾਂ ਇੰਨੀਆਂ ਜ਼ਿਆਦਤੀਆਂ ਅਤੇ ਤਸ਼ੱਦਦ ਤੋਂ ਇੰਨਾ ਸਬਕ ਸਿੱਖਿਆ ਕਿ ਅੱਜ ਦੁਨੀਆਂ ਦੇ ਸਭ ਤੋਂ ਵੱਡੇ ਇਨਾਮ ਨੋਬਲ ਪੁਰਸਕਾਰ ਦੁਨੀਆਂ 'ਚ ਸਭ ਤੋਂ ਵੱਧ ਜਿੱਤ ਕੇ ਜਿੱਤ ਦੇ ਨਿਸ਼ਾਨ ਆਪਣੇ ਨਾਂ ਕਰਵਾਏ। ਦੂਜੇ ਪਾਸੇ ਅਸੀਂ...? ਇਸ ਸਾਰੇ ਵਰਤਾਰੇ ਦਾ ਨਿਚੋੜ ਇਹੀ ਨਿੱਕਲ ਕੇ ਸਾਹਮਣੇ ਆਉਂਦਾ ਹੈ ਕਿ ਮਹਾਂਪੁਰਸ਼ਾਂ ਦੇ ਜਨਮ ਦਿਨ 'ਤੇ ਖੁਸ਼ੀਆਂ ਮਨਾਉਣੀਆਂ ਚਾਹੀਦੀਆਂ ਹਨ। ਉੱਥੇ ਦੂਜੇ ਪਾਸੇ ਸੋਚਣ, ਵਿਚਾਰਨ ਤੇ ਚਿੰਤਨ ਦਾ ਸਮਾਂ ਵੀ ਇਹੀ ਹੈ ਕਿ ਵੱਖ-ਵੱਖ ਮੰਚਾਂ ਨਾਲੋਂ ਇੱਕ ਮੰਚ 'ਤੇ ਇਕੱਠੇ ਹੋ ਕੇ ਹਜ਼ਾਰਾਂ ਸਾਲਾਂ ਤੋਂ ਨਰਕ ਭਰੀ ਜ਼ਿੰਦਗੀ ਨੂੰ, "ਬੇਗ਼ਮਪੁਰਾ ਸ਼ਹਿਰ" ਦੇ ਵਾਸੀ ਬਣ ਕੇ ਖੁਸ਼ਹਾਲ ਜ਼ਿੰਦਗੀ ਜੀਵੀ ਜਾ ਸਕਦੀ ਹੈ। ਵਰਨਾ ਆਇਆ ਸਾਲ ਤੇ ਗਿਆ ਸਾਲ ਵਾਂਗ ਇਹ ਜਨਮ ਦਿਹਾੜੇ ਆਉਂਦੇ ਜਾਂਦੇ ਰਹਿਣਗੇ। ਪਰ ਅਸਲ ਮੰਜ਼ਿਲ ਪ੍ਰਾਪਤੀ ਲਈ ਘੱਟੋ-ਘੱਟ "ਸਾਂਝੇ ਪ੍ਰੋਗਰਾਮ" ਤਹਿਤ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਿਆ ਜਾ ਸਕਦਾ ਹੈ। ਆਪਸੀ ਈਰਖਾ, ਸਾੜੇ, ਲੜਾਈ-ਝਗੜਿਆਂ ਨੂੰ ਸਮੇਟ ਕੇ ਮਹਾਨ ਮਹਾਂਪੁਰਸ਼ਾਂ ਦੇ ਸੰਘਰਸ਼ਾਂ, ਸੰਗਰਾਮ ਤੇ ਜੱਦੋ-ਜਹਿਦ ਨੂੰ ਧਿਆਨ 'ਚ ਰੱਖਦੇ ਹੋਏ ਝੂਠ ਬੋਲਣ, ਬਹਾਨੇ ਲਗਾਉਣ, ਬੇਈਮਾਨੀ ਤੇ ਝਗੜਾਲੂ ਵਿਵਹਾਰ ਨੂੰ ਪਿੱਛੇ ਛੱਡਦੇ ਹੋਏ ਸਮੇਂ ਦੇ ਹਾਣੀ ਬਣਨ ਲਈ ਸਿਰ ਜੋੜ ਕੇ ਮੰਜ਼ਿਲ-ਏ-ਮਕਸੂਦ ਵੱਲ ਵਧੀਏ। ਇਸੇ ਜਨਮ ਦਿਹਾੜੇ 'ਤੇ ਉਹਨਾਂ ਨੂੰ ਯਾਦ ਕਰਨ ਦਾ, ਉਹਨਾਂ ਦੇ ਅਧੂਰੇ ਕਾਰਜ ਨੂੰ ਸੰਪੂਰਨ ਕਰਨ ਦਾ ਸੁਨਹਿਰੀ ਵੇਲਾ ਹੈ। ਸਾਨੂੰ ਅਜਿਹੇ ਸ਼ੁੱਭ ਮੌਕੇ 'ਤੇ ਦੂਜੇ ਦੀਆਂ ਚੰਗੀਆਂ ਗੱਲਾਂ ਨੂੰ ਅਪਣਾਉਣ, ਉਹਨਾਂ ਦੀਆਂ ਪ੍ਰਾਪਤੀਆਂ ਨੂੰ ਸਮਝਣ, ਆਪਣੇ ਦੋਸ਼ਾਂ ਨੂੰ ਤਿਆਗਣ ਅਤੇ ਆਪਣੇ ਆਪ ਨੂੰ ਸਮੁੱਚੀ ਮਾਨਵ ਜਾਤੀ ਨਾਲ ਇੱਕ ਸੁਰ ਹੋ ਕੇ ਮਨ ਦੀ ਅਮੀਰੀ ਤੇ ਦਲੇਰੀ ਦਿਖਾਉਣ ਦੀ ਵੀ ਲੋੜ ਹੈ। ਆਓ ਇੱਕ ਮੰਚ 'ਤੇ ਇਕੱਠੇ ਹੋ ਕੇ ਸਰਬਤ ਦੇ ਭਲੇ ਤੇ ਬੇਗ਼ਮਪੁਰੇ ਦੇ ਸ਼ਹਿਰ ਦੇ ਵਾਸੀ ਬਣਨ ਲਈ ਸਿਰ ਜੋੜ ਕੇ ਅੱਗੇ ਵਧੀਏ। ਸਮਾਜ ਦੇ ਉਜਵੱਲ ਭਵਿੱਖ ਲਈ ਸਿੱਖਿਅਤ ਤੇ ਸੰਗਠਿਤ ਹੋਣ ਅਤੇ ਆਪਣੇ ਮਨੁੱਖੀ ਹੱਕਾਂ ਲਈ ਸੰਘਰਸ਼ ਕਰਨ ਦੀ ਲੋੜ ਹੈ।

# ਪਿੰਡ ਖਮਾਚੋਂ ਵਿਖੇ ਸ਼੍ਰੀ ਗੁਰੂ ਰਵਿਦਾਸ ਪ੍ਰਕਾਸ਼ ਦਿਹਾੜਾ ਬੂਟੇ ਲਾ ਕੇ ਮਨਾਇਆ

**ਬੰਗਾ 5 ਫਰਵਰੀ (ਜੱਸੀ) –** ਅੱਜ ਗੁਰੂ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜੇ ਮੌਕੇ ਪਿੰਡ ਖਮਾਚੋਂ ਵਿਖੇ ਮਹਿਲਾ ਗ੍ਰਾਮ ਸੰਗਠਨ ਅਤੇ ਆਜੀਵਿਕਾ ਮਿਸ਼ਨ ਸੈਲਫ ਹੈਲਪ ਗਰੁੱਪ ਵਲੋਂ ਸਾਂਝੇ ਤੌਰ 'ਤੇ ਵਾਤਾਵਰਣ ਦੀ ਸ਼ੁੱਧਤਾ ਤੇ ਸਾਂਭ-ਸੰਭਾਲ ਲਈ ਸੌ ਦੇ ਕਰੀਬ ਫ਼ਲਦਾਰ ਤੇ ਛਾਂ-ਦਾਰ ਬੂਟੇ ਲਾ ਕੇ ਮਨਾਇਆ ਗਿਆ। ਇਹ ਬੂਟੇ ਪਿੰਡ ਦੇ ਗੁਰਦਵਾਰਾ ਸਾਹਿਬ ਅਤੇ ਪਿੰਡ ਦੇ ਚਾਰ-ਚੁਫ਼ੇਰੇ ਲਗਾਏ ਗਏ। ਇਸ ਮੌਕੇ ਡਾ. ਸਤਨਾਮ ਜੱਸੀ ਅਤੇ ਪ੍ਰਧਾਨ ਸ਼੍ਰੀਮਤੀ ਆਸ਼ਾ ਰਾਣੀ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਗੁਰੂ ਰਵਿਦਾਸ ਮਹਾਨ ਕ੍ਰਾਂਤੀਕਾਰੀ, ਇਨਕਲਾਬੀ, ਸਮਾਜ ਸੁਧਾਰਕ ਤੇ ਸਾਡੇ ਮਾਰਗ ਦਰਸ਼ਕ ਹਨ। ਉਹਨਾਂ ਨੇ ਸਮੁੱਚੀ ਮਾਨਵਤਾ ਲਈ ਬੇਗ਼ਮਪੁਰੇ ਸ਼ਹਿਰ ਵਰਗੇ ਸਮਾਜ ਦੀ ਕਲਪਨਾ ਕੀਤੀ। ਜਿਸ 'ਤੇ ਸਾਨੂੰ ਸਭ ਨੂੰ ਇਕੱਠੇ ਹੋ ਕੇ ਸਮਰਪਣ ਦੀ ਭਾਵਨਾ ਨਾਲ ਕੰਮ ਕਰਨਾ ਸਮੇਂ ਦੀ ਲੋੜ ਹੈ। ਇਸ ਮੌਕੇ ਪਿੰਡ ਦੇ ਸਰਪੰਚ ਸ਼੍ਰੀ ਦਵਿੰਦਰ ਕੁਮਾਰ, ਡਾ. ਸਤਨਾਮ ਜੱਸੀ ਉੱਘੇ ਸਮਾਜ ਸੇਵੀ, ਕ੍ਰਿਸ਼ਨਾ ਦੇਵੀ, ਬਲਵਿੰਦਰ ਜੱਸੀ ਪ੍ਰਧਾਨ ਗੁਰਦਵਾਰਾ ਪ੍ਰਬੰਧਕ ਕਮੇਟੀ, ਜਤਿੰਦਰ ਜੱਸੀ ਪ੍ਰਧਾਨ ਡਾ. ਅੰਬੇਡਕਰ ਵੈੱਲਫੇਅਰ ਸੋਸਾਇਟੀ, ਆਸ਼ਾ ਰਾਣੀ ਗਰੁੱਪ ਪ੍ਰਧਾਨ ਤੋਂ ਇਲਾਵਾ ਜਸਵਿੰਦਰ ਕੌਰ, ਹਰਪ੍ਰੀਤ ਕੌਰ, ਕੁਲਦੀਪ ਕੌਰ, ਜਸਵੀਰ ਕੌਰ, ਨੀਲਮ ਰਾਣੀ, ਮੋਨਾ, ਰਜਨੀ, ਗਗਨ, ਅਵਤਾਰ ਕੌਰ, ਸੁਨੀਤਾ ਰਾਣੀ, ਮਨਜੀਤ ਕੌਰ, ਰਜਿੰਦਰ ਕੌਰ, ਦੀਸ਼ੋ, ਅਮਰਜੀਤ ਕੌਰ, ਹਰਪਾਲ ਕੌਰ, ਰਾਣੀ, ਵਿੱਕੀ, ਨਿੰਮਾ, ਸ਼ੰਕਰ ਦਾਸ, ਮਨਜੀਤ ਜੱਸੀ, ਤੀਰਥ ਰਾਮ, ਉਂਕਾਰ ਸਿੰਘ, ਪ੍ਰੇਮ ਲਾਲ ਆਦਿ ਹਾਜ਼ਰ ਸਨ।



## ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਸਬੰਧੀ ਵਿਸ਼ੇਸ਼

# ਗੁਰੂ ਰਵਿਦਾਸ ਜੀ ਨੇ ਜਾਤ-ਪਾਤ ਦਾ ਖੰਡਨ ਕਰਕੇ ਜਾਤ ਅਭਿਮਾਨੀਆਂ ਦੇ ਹੰਕਾਰ ਨੂੰ ਸੱਟ ਮਾਰੀ



ਕੁਲਦੀਪ ਚੰਦ
91-9417563054

ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਨ ਲਈ ਦੁਨੀਆਂ ਵਿੱਚ ਸਮੇਂ ਸਮੇਂ ਤੇ ਮਨੁੱਖਤਾ ਦੇ ਰਹਿਵਰਾਂ ਨੇ ਜਨਮ ਲਿਆ ਹੈ ਇਨ੍ਹਾਂ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦਾ ਨਾਮ ਵੀ ਸ਼ਾਮਿਲ ਹੈ ਜਿਨ੍ਹਾਂ ਨੇ ਉਸ ਵੇਲੇ ਫੈਲੀ ਊਚ ਨੀਚ, ਜਾਤ-ਪਾਤ, ਕਰਮ ਕਾਂਡ, ਪਖੰਡਵਾਦ, ਧਾਰਮਿਕ ਕੱਟੜਤਾ ਆਦਿ ਖਿਲਾਫ ਅਵਾਜ਼ ਬੁਲੰਦ ਕੀਤੀ। ਉਸ ਵੇਲੇ ਪ੍ਰਚਲਿਤ ਮੰਨੂਵਾਦੀ ਪ੍ਰਥਾ ਅਨੁਸਾਰ ਜਾਤਿ ਪ੍ਰਥਾ ਦੇ ਢਾਂਚੇ ਵਿੱਚ ਚੋਥਾ ਵਰਣ ਮੰਨੇ ਜਾਂਦੇ ਸ਼ੂਦਰਾਂ ਨੂੰ ਕਿਸੇ ਵੀ ਤਰਾਂ ਦੇ ਅਧਿਕਾਰ ਪ੍ਰਾਪਤ ਨਹੀਂ ਸਨ ਅਤੇ ਉਨ੍ਹਾਂ ਨਾਲ ਜਾਨਵਰਾਂ ਤੋਂ ਵੀ ਮਾੜਾ ਸਲੂਕ ਕੀਤਾ ਜਾਂਦਾ ਸੀ। ਕੁੱਝ ਅਖੌਤੀ ਵਿਦਵਾਨ ਲੋਕ ਧਾਰਮਿਕ ਗ੍ਰੰਥਾ ਦੀ ਮਨਘੱੜਤ ਵਿਆਖਿਆ ਕਰਦੇ ਸਨ ਕਿ ਸ਼ੂਦਰਾਂ ਨੂੰ ਨਾਂ ਵੇਦ ਪਾਠ ਪੜ੍ਹਣ ਨਾਂ ਹੀ ਸੁਣਨ ਦੇਣਾ ਚਾਹੀਦਾ ਹੈ। ਇਸ ਕਾਰਨ ਕਿਸੇ ਵੀ ਤਰਾਂ ਦਾ ਧਾਰਮਿਕ ਪਾਠ ਕਰਨ ਵਾਲੇ ਸ਼ੂਦਰਾਂ ਦੀ ਜੀਭ ਕੱਟਣ ਅਤੇ ਵੇਦ ਪਾਠ ਸੁਣਨ ਵਾਲੇ ਸ਼ੂਦਰਾਂ ਦੇ ਕੰਨਾ ਵਿੱਚ ਸਿੱਕਾ ਪਿਘਲਾਕੇ ਪਾਣ ਦੇ ਹੁਕਮ ਲਾਗੂ ਸਨ। ਇਤਿਹਾਸ ਵਿੱਚ ਕਈ ਅਜਿਹੀਆਂ ਘਟਨਾਵਾਂ ਦਾ ਵਰਣਨ ਆਂਦਾ ਹੈ ਜਿਨ੍ਹਾਂ ਅਨੁਸਾਰ ਮੰਨੂਵਾਦੀ ਪ੍ਰਥਾ ਵਿੱਚ ਮੰਨੇ ਜਾਂਦੇ ਚੋਥਾ ਵਰਣ ਸ਼ੂਦਰ ਵਰਗ ਨਾਲ ਸਬੰਧਿਤ ਵਿਅਕਤੀਆਂ ਨੂੰ ਅਜਿਹੇ ਅਧਿਕਾਰਾਂ ਤੋਂ ਬਾਂਝਾਂ ਰੱਖਿਆ ਗਿਆ ਅਤੇ ਅਜਿਹੇ ਅਧਿਕਾਰਾਂ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਨੂੰ ਗੈਰ ਮਨੁੱਖੀ ਸਜਾਵਾਂ ਦਿੱਤੀਆਂ ਗਈਆਂ। ਭਾਰਤ ਦੇ ਮੋਜੂਦਾ ਉੱਤਰ ਪ੍ਰਦੇਸ਼ ਦਾ ਬਨਾਰਸ ਸ਼ਹਿਰ ਇਸ ਮੰਨੂਵਾਦੀ ਪ੍ਰਥਾ ਦਾ ਕੇਂਦਰ ਸੀ ਅਤੇ ਇੱਥੋਂ ਹੀ ਇਸ ਪ੍ਰਥਾ ਖਿਲਾਫ ਮੁਹਿੰਮ ਸੁਰੂ ਹੋਈ ਜਿਸ ਵਿੱਚ ਸਤਿਗੁਰੂ ਕਬੀਰ ਮਹਾਰਾਜ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੀ ਮੁੱਖ ਭੂਮਿਕਾ ਰਹੀ ਹੈ। ਸ਼੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਨ, ਜਨਮ ਸਥਾਨ ਅਤੇ ਜੋਤੀ ਜੋਤ ਸਮਾਉਣ ਬਾਰੇ ਵੱਖ ਵੱਖ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਬਹੁਤੇ ਵਿਦਵਾਨਾਂ ਅਨੁਸਾਰ ਆਪ ਦਾ ਜਨਮ 1377 ਇਸਵੀ 1433 ਸੰਮਤ ਬਿਕਰਮੀ ਮਾਘ ਪੁਰਣਿਮਾ ਨੂੰ ਪਿਤਾ ਸੰਤੋਖ ਦਾਸ ਤੇ ਮਾਤਾ ਕਲਸਾ ਦੇਵੀ ਦੇ ਘਰ ਬਨਾਰਸ (ਵਾਰਾਨਸੀ) ਦੀ ਬਸਤੀ 'ਸੀਰ ਗੋਵਰਧਨਪੁਰ' ਮੋਜੂਦਾ ਉੱਤਰ ਪ੍ਰਦੇਸ਼ ਵਿੱਚ ਹੋਇਆ। ਗੁਰੂ ਰਵਿਦਾਸ ਚਮਾਰ ਜਾਤਿ ਨਾਲ ਸਬੰਧ ਰੱਖਦੇ ਸਨ ਜੋਕਿ ਅਛੂਤ ਮੰਨੀ ਜਾਂਦੀ ਸੀ। ਵੱਖ ਵੱਖ ਵਿਦਵਾਨਾਂ ਵਲੋਂ ਆਪ ਨੂੰ ਵੱਖ ਵੱਖ ਨਾਵਾਂ ਰਵਿਦਾਸ, ਰੈਦਾਸ, ਰਾਇਦਾਸ, ਰੁਹਿਦਾਸ ਆਦਿ ਨਾਲ ਸੰਬੋਧਨ ਕੀਤਾ ਜਾਂਦਾ ਹੈ। ਕੁੱਝ ਲੋਕ ਗੁਰੂ ਜੀ ਨੂੰ ਸੰਤ, ਭਗਤ ਆਦਿ ਨਾਲ ਸੰਬੋਧਨ ਕਰਦੇ ਹਨ। ਇਸ ਨਾਲ ਹੀ ਗੁਰੂ ਜੀ ਦੀਆਂ ਵੱਖ ਵੱਖ ਤਰ੍ਹਾਂ ਦੀਆਂ ਫੋਟੋਆਂ ਅਤੇ ਸਰੂਪਾਂ ਜਿਨ੍ਹਾਂ ਵਿੱਚ ਕਈਆਂ ਵਿੱਚ ਗੁਰੂ ਜੀ ਨੂੰ ਤਿਲਕਧਾਰੀ, ਕਈਆਂ ਵਿੱਚ ਸਿਰ ਢੱਕਿਆ ਹੋਇਆ ਹੈ, ਕਈਆਂ ਵਿੱਚ ਗੁਰੂ ਜੀ ਦੇ ਬਰਾਬਰ ਅਤੇ ਨਾਲ ਹੋਰ ਕਈ ਸਮਾਜ ਸੁਧਾਰਕਾਂ ਦੀਆਂ ਫੋਟੋਆਂ ਜੋੜੀਆਂ ਗਈਆਂ ਹਨ ਜੋਕਿ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਲਈ ਮਾਨਸਿਕ ਪ੍ਰੇਸ਼ਾਨੀ ਦਾ ਕਾਰਨ ਬਣ ਰਿਹਾ ਹੈ। ਗੁਰੂ ਰਵਿਦਾਸ ਨੇ ਆਪਣੇ ਪਿੱਤਰੀ ਅਰਥਾਤ ਬਜ਼ੁਰਗਾਂ ਵਾਲੇ ਕਿੱਤੇ ਨੂੰ ਅਪਣਾਇਆ। ਗੁਰੂ ਜੀ ਨੇ ਆਪ ਆਪਣੀ ਬਾਣੀ ਵਿੱਚ ਇਸ ਸਬੰਧੀ ਜ਼ਿਕਰ ਕੀਤਾ ਹੈ:

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ।।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।।

ਆਪ ਅਪਣੇ ਹੱਥੀ ਕਿਰਤ ਕਰਦੇ ਅਤੇ ਲੋੜਵੰਦ ਲੋਕਾਂ ਦੀ ਮੱਦਦ ਕਰਦੇ ਅਤੇ ਰੱਬ ਦੀ ਭਗਤੀ ਕਰਦੇ। ਇਸ ਸਬੰਧੀ ਭਾਇ ਗੁਰਦਾਸ ਜੀ ਵੀ ਪ੍ਰੋੜ੍ਹਤਾ ਕਰਦੇ ਹਨ:

ਜਨੁ ਰਵਿਦਾਸੁ ਚਮਾਰੁ ਹੋਇ ਚਹੁ ਵਰਨਾ ਵਿਚਿ ਕਰਿ ਵਡਿਆਈ।

ਆਪ ਨੇ ਅਪਣੇ ਸਮਕਾਲੀ ਸੰਤ ਮਹਾਂਪੁਰਖਾਂ ਬਾਰੇ ਵੀ ਅਪਣੀ ਬਾਣੀ ਵਿੱਚ ਡੂੰਘਾ ਵਿਚਾਰ ਵਟਾਂਦਰਾ ਕੀਤਾ ਹੈ:

ਨਾਮਦੇਵ, ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।।
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।।

ਗੁਰੂ ਰਵਿਦਾਸ ਅਨੁਸਾਰ ਪ੍ਰਮਾਤਮਾ ਕੋਈ ਰਹੱਸ ਨਹੀਂ ਹੈ ਸਗੋਂ ਪ੍ਰਮਾਤਮਾ ਤਾਂ ਹਰ ਕਣ ਵਿੱਚ ਮੋਜੂਦ ਹੈ। ਆਪ ਨੇ ਪਰਮਾਤਮਾ ਵਿੱਚ ਆਪਣੀ ਹੋਂਦ ਦਾ ਵਰਣਨ ਕਰਦੇ ਹੋਏ ਕਿਹਾ ਹੈ:

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ।।
ਕਨਕ ਕਟਿਕ ਜਲ ਤਰੰਗ ਜੈਸਾ।।

ਆਪ ਸਮਾਜ ਵਿੱਚੋਂ ਸ਼ੋਸ਼ਣ, ਛੂਆਛਾਤ, ਪਖੰਡਵਾਦ ਦਾ ਖਾਤਮਾ ਕਰਕੇ ਬਰਾਬਰਤਾ ਵਾਲਾ ਸਮਾਜ ਕਾਇਮ ਕਰਨਾ ਚਾਹੁੰਦੇ ਸਨ। ਆਪ ਨੇ ਆਪਣੀ ਬਾਣੀ ਅਤੇ ਪ੍ਰਵਚਨਾਂ ਦੁਆਰਾ ਪਖੰਡਵਾਦ ਅਤੇ ਊਚ ਨੀਚ ਦੇ ਭੇਦਭਾਵ ਨੂੰ ਦੂਰ ਕਰਨ ਲਈ ਸੁਨੇਹਾ ਦਿੱਤਾ ਹੈ। ਆਪ ਸ਼੍ਰੋਮਣੀ ਵਿਦਵਾਨਾਂ, ਭਗਤਾਂ, ਪੀਰਾਂ-ਪੈਗੰਬਰਾਂ, ਰਿਸ਼ੀਮੁਨੀਆਂ ਵਿੱਚ ਇੱਕ ਉੱਚਕੋਟੀ ਦੀ ਸ਼ਖਸੀਅਤ ਸਨ ਅਤੇ ਆਪ ਦੀ ਬਾਣੀ (40 ਸ਼ਬਦਾਂ ਅਤੇ 01 ਸ਼ਲੋਕ) ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ਗੁਰੂ ਸਾਹਿਬਾਨਾਂ ਜੀ ਦੀ ਬਾਣੀ ਨਾਲ ਸ਼ਾਮਿਲ ਕੀਤਾ ਗਿਆ। ਆਪ ਨੇ ਆਪਣੀਆਂ ਕਵਿਤਾਵਾਂ ਲਈ ਆਮ ਲੋਕਾਂ ਦੀ ਬ੍ਰਜ ਭਾਸ਼ਾ ਦੀ ਵਰਤੋਂ ਕੀਤੀ ਹੈ। ਇਸ ਦੇ ਨਾਲ ਹੀ ਅਵਧੀ, ਰਾਜਸਥਾਨੀ, ਖੜੀ ਬੋਲੀ ਅਤੇ ਰੇਖਤਾ ਅਰਥਾਤ ਉਰਦੂ-ਫ਼ਾਰਸੀ ਦੇ ਸ਼ਬਦਾਂ ਦਾ ਮਿਸ਼ਰਣ ਵੀ ਹੈ। ਇਸ ਤੋਂ ਇਲਾਵਾ "ਰੈਦਾਸ ਜੀ ਕੀ ਬਾਣੀ'' ਨਾਮ ਦੀ ਇੱਕ ਹੱਥ ਲਿਖਤ ਕਿਤਾਬ ਨਾਗਰੀ ਪ੍ਰਚਾਰਿਣੀ ਸਭਾ ਕੋਲ ਮੌਜੂਦ ਹੈ। ਭਾਸ਼ਾ ਵਿਭਾਗ ਪੰਜਾਬ ਨੇ ਵੀ ਇਹਨਾਂ ਦੀਆਂ ਰਚਨਾਵਾਂ ਨੂੰ "ਬਾਣੀ ਸਤਿਗੁਰੂ ਰਵਿਦਾਸ ਜੀ'' ਸਿਰਲੇਖ ਅਧੀਨ 1984 ਵਿੱਚ ਪਬਲਿਸ਼ ਕੀਤਾ। ਅਗਿਆਨਤਾ ਅਤੇ ਗਰੀਬੀ ਇਸ ਸਮਾਜ ਦੀ ਪਹਿਚਾਣ ਬਣ ਚੁੱਕੀ ਸੀ। ਆਪ ਨੇ ਸਭ ਨੂੰ ਗਿਆਨਵਾਨ ਹੋਣ ਲਈ ਪ੍ਰੇਰਿਆ:

ਮਾਧੋ ਅਬਿਦਿਆ ਹਿਤ ਕੀਨ।।
ਬਿਬੇਕ ਦੀਪ ਮਲੀਨ।।

ਆਪ ਕਥਨੀ ਅਤੇ ਕਰਨੀ ਦੇ ਧਨੀ ਸਨ। ਉਨ੍ਹਾਂ ਨੇ ਜਿਹੜਾ ਉਪਦੇਸ਼ ਲੋਕਾਂ ਨੂੰ ਦਿੱਤਾ ਹੈ ਪਹਿਲਾਂ ਉਸਤੇ ਆਪ ਅਮਲ ਕੀਤਾ। ਲੋਕਾਂ ਨੂੰ ਹੱਥੀਂ ਕੰਮ ਕਰਨ ਦੀ ਪ੍ਰੇਰਨਾ ਉਨ੍ਹਾਂ ਨੇ ਤਦ ਹੀ ਦਿੱਤੀ ਸੀ ਜਦੋਂ ਉਨ੍ਹਾਂ ਨੇ ਪਹਿਲਾਂ ਆਪ ਇਸ ਸਿਧਾਂਤ ਉਪਰ ਅਮਲ ਕੀਤਾ ਸੀ। ਆਪ ਨੇ ਇਹ ਗੱਲ ਵੀ ਸਪੱਸ਼ਟ ਕਰ ਦਿੱਤੀ ਸੀ ਕਿ ਭਗਵਾਨ, ਪਰਮਾਤਮਾ, ਈਸ਼ਵਰ, ਅੱਲ੍ਹਾ, ਖ਼ੁਦਾ, ਰਹੀਮ ਆਦਿ ਸਭ ਇੱਕੋਂ ਇਲਾਹੀ ਸ਼ਕਤੀ ਦੇ ਅੱਡ-ਅੱਡ ਨਾਂ ਹਨ ਜਿਸਨੇ ਇਸ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ। ਉਸ ਵੇਲੇ ਕੁੱਝ ਅਖੌਤੀ ਲੋਕਾਂ ਨੇ ਹਰ ਸੰਭਵ ਕੋਸ਼ਿਸ਼ ਦੁਆਰਾ ਗੁਰੂ ਜੀ ਦੇ ਮਿਸ਼ਨ-ਪ੍ਰਚਾਰ ਵਿੱਚ ਰੋਕਾਂ ਪਾਈਆਂ ਪਰ ਹਰ ਵਾਰ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਉਸ ਵੇਲੇ ਸਮਾਜ ਵਿੱਚ ਫੈਲੇ ਜਾਤ-ਪਾਤ ਦੇ ਅੰਧ ਵਿਸ਼ਵਾਸ਼ਾਂ ਨੂੰ ਤੋੜਕੇ ਇੱਕ ਮਹਾਨ ਸਮਾਜ ਸੁਧਾਰਕ ਦਾ ਕੰਮ ਕੀਤਾ ਅਤੇ ਇਸ ਤਰਾਂ ਦੇ ਰਾਜ ਦੀ ਕਲਪਨਾ ਕੀਤੀ:



ਐਸਾ ਚਾਹੁੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ,
ਛੋਟ-ਬੜੇ ਸਭ ਸਮ ਵਸੇ ਰਵਿਦਾਸ ਰਹੇ ਪ੍ਰਸੰਨ।

ਸਤਿਗੁਰੂ ਕਬੀਰ ਜੀ ਨੇ ਵੀ ਅਪਣੀ ਬਾਣੀ ਵਿੱਚ ਕਿਹਾ ਹੈ ਕਿ ਗੁਰੂ ਰਵਿਦਾਸ ਜੀ ਹਰੀ ਤੋਂ ਇਲਾਵਾ ਕਿਸੇ ਹੋਰ ਵਿੱਚ ਸ਼ਰਧਾ ਨਹੀਂ ਰੱਖਦੇ ਸਨ:

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ।।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ।।

ਗੁਰੂ ਅਰਜਨ ਦੇਵ ਜੀ ਨੇ ਵੀ ਸਪੱਸ਼ਟ ਲਿਖਿਆ ਹੈ ਕਿ ਗੁਰੂ ਰਵਿਦਾਸ ਜੀ ਦਾ ਕੋਈ ਵੀ ਦੇਹਧਾਰੀ ਗੁਰੂ ਨਹੀਂ ਸੀ ਅਤੇ ਪ੍ਰਮਾਤਮਾ ਦੀ ਪ੍ਰਾਪਤੀ ਸਤਿਸੰਗ ਵਿੱਚੋਂ ਹੀ ਕੀਤੀ ਹੈ:

ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨੀ ਤਿਆਗੀ ਮਾਇਆ।।
ਪਰਗਟੁ ਹੋਆ ਸਾਧਿਸੰਗ ਹਰਿ ਦਰਸਨੁ ਪਾਇਆ।।

ਗੁਰੂ ਰਵਿਦਾਸ ਨੇ ਕਾਲਪਨਿਕ ਦੇਵੀ ਦੇਵਤਿਆਂ ਦਾ ਵੀ ਖੁੱਲਕੇ ਵਿਰੋਧ ਕੀਤਾ ਹੈ ਅਤੇ ਕਿਹਾ ਕਿ ਇਹ ਤਾਂ ਰੱਬ ਦਾ ਨਾਮ ਜਪਣ ਵਾਲੇ ਭਗਤਾਂ ਤੋਂ ਵੀ ਨੀਂਵੇ ਹਨ :-

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀਂ ਆਨਿ ਕੋਊ।।

ਆਪ ਅਨੁਸਾਰ ਮੂਰਤੀ ਪੂਜਾ ਫਜੂਲ ਦੇ ਕਰਮ ਕਾਂਡਾਂ ਦਾ ਭਗਤੀ ਵਿੱਚ ਕੋਈ ਸਥਾਨ ਨਹੀਂ ਹੈ ਅਤੇ ਆਪ ਨੇ ਭਗਤੀ ਦੀ ਅਸਲ ਵਿਧੀ ਆਤਮ ਸਮਰਪਣ ਨੂੰ ਹੀ ਕਿਹਾ ਹੈ:

ਤਨੁ ਮਨੁ ਅਰਪਉ ਪੂਜ ਚਰਾਵਊ।।
ਗੁਰ ਪਰਸਾਦਿ ਨਿਰੰਜਨੁ ਪਾਵਉ।।

ਆਪ ਦੀ ਸ਼ਾਦੀ ਮਿਰਜ਼ਾਪੁਰ ਵਿੱਚ ਰਹਿਣ ਵਾਲੀ ਮਾਤਾ ਲੋਨਾ ਨਾਲ ਕੀਤੀ ਗਈ ਅਤੇ ਆਪ ਦੇ ਘਰ ਇੱਕ ਪੁੱਤਰ ਵਿਜੈ ਦਾਸ ਨੇ ਜਨਮ ਲਿਆ। ਆਪ ਨੇ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨ ਅਤੇ ਇਸ ਸਬੰਧੀ ਪ੍ਰਚਾਰ ਕਰਨ ਲਈ ਲੱਗਭੱਗ ਸੱਠ ਹਜਾਰ ਕਿਲੋਮੀਟਰ ਪੈਦਲ ਯਾਤਰਾ ਕੀਤੀ ਅਤੇ ਛੇ ਉਦਾਸੀਆਂ ਕੀਤੀਆਂ ਸਨ। ਇਨ੍ਹਾਂ ਉਦਾਸੀਆਂ ਵਿੱਚ ਆਪ ਨਾਲ ਉਸ ਸਮੇਂ ਦੇ ਹੋਰ ਸੰਤ ਵੀ ਸ਼ਾਮਿਲ ਸਨ। ਆਪ ਨੇ ਪੰਜਾਬ, ਰਾਜਾਸਥਾਨ, ਗੁਜਰਾਤ, ਮਹਾਂਰਾਸ਼ਟਰ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਉਤਰਾਖੰਡ, ਦਿੱਲੀ, ਤਾਮਿਲਨਾਡੂ, ਅਸਾਮ, ਕਰਨਾਟਕਾ, ਜੰਮੂ ਕਸ਼ਮੀਰ, ਆਂਧਰਾ ਪ੍ਰਦੇਸ਼ ਆਦਿ ਸਥਾਨਾਂ ਤੇ ਜਾਕੇ ਸਤਿਸੰਗ ਕੀਤੇ। ਸਤਿਗੁਰੂ ਰਵਿਦਾਸ ਜੀ ਅਤੇ ਸੰਤ ਕਬੀਰ ਜੀ ਨੇ ਇਕੱਠਿਆਂ ਬਨਾਰਸ ਤੋਂ ਪਹਿਲੀ ਯਾਤਰਾ ਸ਼ੁਰੂ ਕੀਤੀ। ਇਹਨਾਂ ਦੋਵਾਂ ਦੇ ਨਾਲ ਸਤਿਗੁਰੂ ਰਵਿਦਾਸ ਜੀ ਦੇ ਪੁੱਤਰ ਵਿਜੈ ਦਾਸ ਜੀ ਵੀ ਸਨ ਅਤੇ ਆਪ ਪਹਿਲੀ ਉਦਾਸੀ ਦੌਰਾਨ ਨਾਗਪੁਰ, ਭਾਗਲਪੁਰ, ਮਾਧੋਪੁਰ, ਚੰਦੋਸੀ, ਰਾਣੀ ਪੁਰੀ, ਨਾਰਾਇਣਗੜ੍ਹ, ਬੀਜਾਪੁਰ, ਭੋਪਾਲ, ਬਹਾਵਲਪੁਰ, ਕੋਟਾ, ਝਾਂਸੀ, ਉਦੇਪੁਰ, ਜੋਧਪੁਰ, ਅਜਮੇਰ, ਅਮਰਕੋਟ, ਅਯੁਧਿਆ, ਹੈਦਰਾਬਾਦ, ਕਾਠੀਆਵਾੜ, ਬੰਬਈ, ਕਰਾਚੀ, ਜੈਸਲਮੇਰ, ਚਿਤੌੜ, ਕੋਹਾਟ, ਖ਼ੈਬਰ ਦੱਰਾ, ਜਲਾਲਾਬਾਦ, ਸ਼੍ਰੀਨਗਰ, ਡਲਹੌਜੀ, ਗੋਰਖਪੁਰ ਆਦਿ ਸਥਾਨਾਂ ਤੇ ਗਏ। ਦੂਜੀ ਉਦਾਸੀ ਦੌਰਾਨ ਆਪ ਗੋਰਖਪੁਰ, ਪ੍ਰਤਾਪਗੜ, ਸ਼ਾਹਜਹਾਂਪੁਰ ਆਦਿ ਸਥਾਨਾਂ ਤੇ ਗਏ। ਤੀਜੀ ਉਦਾਸੀ ਦੌਰਾਨ ਆਪ ਹਿਮਾਚਲ ਪ੍ਰਦੇਸ਼ ਦੇ ਵੱਖ ਵੱਖ ਸਥਾਨਾਂ ਤੇ ਗਏ। ਚੋਥੀ ਉਦਾਸੀ ਦੌਰਾਨ ਆਪ ਵੱਖ ਵੱਖ ਤੀਰਥ ਸਥਾਨਾਂ ਹਰਿਦੁਆਰ, ਗੋਦਾਵਰੀ, ਕੁਰਕੁਸ਼ੇਤਰ, ਤਰਿਵੈਣੀ ਆਦਿ ਸਥਾਨਾਂ ਤੇ ਜਾਕੇ ਸੰਤ, ਸਾਧੂਆਂ, ਭਗਤਾਂ, ਨਾਥਾਂ, ਸਿੱਧਾਂ ਨਾਲ ਵਿਚਾਰ ਵਟਾਂਦਰੇ ਕੀਤੇ। ਪੰਜਵੀ ਉਦਾਸੀ ਆਪ ਨੇ ਗਾਜੀਪੁਰ ਦੀ ਕੀਤੀ। ਆਪ ਗਾਜ਼ੀਪੁਰ ਦੇ ਰਾਜਾ ਰੂਪ ਪਰਤਾਪ (ਚੰਦਰ ਪਰਤਾਪ) ਦੇ ਸੱਦੇ ਉੱਤੇ ਆਪਣੇ ਸੇਵਕਾਂ ਨਾਲ ਗਾਜ਼ੀਪੁਰ ਪਹੁੰਚੇ। ਛੇਵੀਂ ਉਦਾਸੀ ਆਪ ਨੇ ਪੰਜਾਬ ਦੀ ਕੀਤੀ। ਆਪ ਲੁਧਿਆਣਾ ਹੁੰਦੇ ਹੋਏ ਪਿੰਡ ਚੱਕ ਹਕੀਮ ਪਹੁੰਚੇ ਅਤੇ ਜਲੰਧਰ, ਸੁਲਤਾਨਪੁਰ ਲੋਧੀ, ਕਪੂਰਥਲਾ, ਮੁਲਤਾਨ, ਸ਼੍ਰੀ ਖੁਰਾਲਗੜ੍ਹ ਸਾਹਿਬ ਆਦਿ ਸਥਾਨਾਂ ਤੇ ਗਏ। ਇਤਿਹਾਸਕ ਧਰਮ ਅਸਥਾਨ ਸ਼੍ਰੀ ਖੁਰਾਲਗੜ੍ਹ ਸਾਹਿਬ (ਖੁਰਾਲੀ) ਤਹਿਸੀਲ ਗੜ੍ਹਸ਼ੰਕਰ, ਜ਼ਿਲਾ ਹੁਸ਼ਿਆਰਪੁਰ (ਪੰਜਾਬ) ਦੀ ਧਰਤੀ ਸ਼੍ਰੀ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਇਤਿਹਾਸਕਾਰਾਂ ਅਨੁਸਾਰ ਸ਼੍ਰੀ ਗੁਰੂ ਰਵਿਦਾਸ ਜੀ ਸੀਰ ਗੋਵਰਧਨਪੁਰ ਬਨਾਰਸ (ਕਾਂਸ਼ੀ) ਉੱਤਰ ਪ੍ਰਦੇਸ਼ ਤੋਂ ਪੈਦਲ ਲੁਧਿਆਣਾ ਹੁੰਦੇ ਹੋਏ ਸਾਲ 1515 ਵਿੱਚ ਇਸ ਅਸਥਾਨ ਤੇ ਆਏ ਸਨ। ਇਸ ਅਸਥਾਨ ਤੇ ਪਹੁੰਚਣ ਸਮੇਂ ਉਨ੍ਹਾਂ ਦੀਆਂ ਸੇਵਕਾਵਾਂ ਮੀਰਾ ਬਾਈ, ਝਾਲਾਂ ਬਾਈ ਅਤੇ ਭਾਨਵਤੀ ਵੀ ਨਾਲ ਸਨ। ਆਪ ਇਸ ਸਥਾਨ ਤੇ ਲੱਗਭੱਗ 4 ਸਾਲ 2 ਮਹੀਨੇ 11 ਦਿਨ ਠਹਿਰੇ। ਇਸ ਸਮੇਂ ਉਹ ਖੁਦ ਪ੍ਰਭੂ ਦਾ ਨਾਮ ਸਿਮਰਨ ਕਰਦੇ ਅਤੇ ਲੋਕਾਂ ਨੂੰ ਨਾਮ ਸਿਮਰਨ ਦੀ ਬਖਸ਼ਿਸ਼ ਕਰਦੇ ਰਹੇ। ਇਸ ਸਮੇਂ ਇਲਾਕੇ ਦੇ ਕਈ ਵਿਅਕਤੀ ਆਪ ਦੇ ਸੇਵਕ ਬਣ ਗਏ। ਆਪ ਦੀ ਮਹਿਮਾ ਨੂੰ ਵਧਦਿਆਂ ਵੇਖ ਕੇ ਉਸ ਸਮੇਂ ਦਾ ਰਾਜਾ ਬੈਨ ਸਿੰਘ ਈਰਖਾ ਕਰਨ ਲੱਗ ਪਿਆ। ਰਾਜੇ ਨੇ ਆਪ ਨੂੰ ਖਰਾਸ (ਚੱਕੀ) ਚਲਾਉਣ ਦੀ ਸ਼ਜਾ ਦਿੱਤੀ। ਆਪ ਅੰਤਰ ਧਿਆਨ ਹੋ ਕੇ ਪ੍ਰਭੂ ਭਗਤੀ ਵਿਚ ਲੀਨ ਹੋ ਗਏ ਅਤੇ ਖਰਾਸ (ਚੱਕੀ) ਆਪਣੇ ਆਪ ਚੱਲਣ ਲੱਗ ਪਈ। ਇਸ ਚਮਤਕਾਰ ਨੂੰ ਵੇਖ ਕੇ ਸਭ ਹੈਰਾਨ ਹੋ ਗਏ। ਰਾਜਾ ਇਸ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਆਪ ਦੇ ਚਰਨੀਂ ਪੈ ਗਿਆ। ਇਸ ਤਰ੍ਹਾਂ ਉਸਨੇ ਆਪਣੀ ਭੁੱਲ ਬਖਸ਼ਾਈ। ਇਸ ਤੋਂ ਬਾਅਦ ਰਾਜਾ ਅਤੇ ਇਲਾਕੇ ਦੀ ਜਨਤਾ ਨੇ ਆਪ ਕੋਲ ਇਸ ਇਲਾਕੇ ਵਿੱਚ ਪਾਣੀ ਦੀ ਘਾਟ ਦੂਰ ਕਰਨ ਲਈ ਬੇਨਤੀ ਕੀਤੀ। ਆਪ ਸੰਗਤ ਨੂੰ ਨਾਲ ਲੈ ਕੇ ਇੱਥੋਂ ਲੱਗਭੱਗ 3 ਮੀਲ ਦੂਰ ਡੂੰਘੀ ਖੱਡ ਵਿਚ ਜਾ ਕੇ ਸੱਜੇ ਪੈਰ ਦੇ ਅੰਗੂਠੇ ਨਾਲ ਭਾਰੀ ਪੱਥਰ ਹਟਾ ਕੇ ਪਾਣੀ ਦਾ ਚਸ਼ਮਾ ਵਗਾ ਦਿੱਤਾ ਜਿਸ ਨੂੰ ਚਰਨ ਛੋਹ ਗੰਗਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇੱਥੇ ਪਵਿੱਤਰ ਜਲ 24 ਘੰਟੇ ਚਲਦਾ ਰਹਿੰਦਾ ਹੈ। ਇਸ ਜਲ ਦੀ ਖਾਸ ਗੱਲ ਇਹ ਹੈ ਕਿ ਇਹ ਸਿਰਫ 200 ਮੀਟਰ ਦੇ ਅੰਦਰ ਹੀ ਧਰਤੀ ਵਿਚੋਂ ਨਿਕਲਦਾ ਹੈ ਅਤੇ ਇਸੇ ਹੀ ਥਾਂ ਰਹਿ ਜਾਂਦਾ ਹੈ। ਇਸ ਦੇ ਦੁਆਲੇ ਦੇ ਖੇਤਰ ਵਿਚ ਧਰਤੀ ਵਿੱਚ ਪਾਣੀ ਬਹੁਤ ਜ਼ਿਆਦਾ ਡੂੰਘਾਈ ਵਿਚ ਮਿਲਦਾ ਹੈ। ਆਪ ਸਿੱਖ ਧਰਮ ਦੇ ਬਾਨੀ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਉਮਰ ਵਿੱਚ ਵੱਡੇ ਸਨ। ਵਿਦਵਾਨਾਂ ਅਨੁਸਾਰ ਉਨ੍ਹਾਂ ਦੀਆਂ ਆਪਸ ਵਿੱਚ ਤਿੰਨ ਮੁਲਾਕਾਤਾਂ ਹੋਈਆਂ ਪਹਿਲੀ ਗੋਸ਼ਟੀ ਚੂਹੜਖਾਨਾ (ਨਨਕਾਣਾ ਸਾਹਿਬ) ਵਿਖੇ ਹੋਈ। ਗੁਰੂ ਰਵਿਦਾਸ ਜੀ, ਸੰਤ ਕਬੀਰ ਜੀ, ਸੰਤ ਸੇਨ ਜੀ, ਸੰਤ ਪੀਪਾ ਜੀ ਅਤੇ ਸੰਤ ਧੰਨਾ ਜੀ ਪੰਜਾਬ ਵਿੱਚ ਪ੍ਰਚਾਰ ਕਰ ਰਹੇ ਸਨ ਅਤੇ ਗੁਰੂ ਨਾਨਕ ਦੇਵ ਜੀ ਨੇ ਜਿਹੜੇ ਪੈਸੇ ਆਪਣੇ ਪਿਤਾ ਮਹਿਤਾ ਕਾਲੂ ਜੀ ਪਾਸੋਂ ਵਪਾਰ ਲਈ ਪ੍ਰਾਪਤ ਕੀਤੇ ਸਨ ਉਹ ਇਨ੍ਹਾਂ ਸੰਤਾਂ ਦੀ ਸੇਵਾ ਤੇ ਖਰਚਕੇ ਸੱਚਾ ਸੌਦਾ ਕੀਤਾ ਸੀ। ਦੂਜੀ ਮੁਲਾਕਾਤ ਅਤੇ ਗੋਸ਼ਟੀ ਸੁਲਤਾਨਪੁਰ ਵਿੱਚ ਉਸ ਸਮੇਂ ਹੋਈ ਜਦੋਂ ਗੁਰੂ ਰਵਿਦਾਸ ਆਪਣੇ ਹੋਰ ਸੰਤ ਸਾਥੀਆਂ ਨਾਲ ਉੱਤਰੀ ਭਾਰਤ ਦਾ ਦੌਰਾ ਕਰਦੇ ਦੁਬਾਰਾ ਪੰਜਾਬ ਆਏ ਸਨ। ਤੀਜੀ ਗੋਸ਼ਟੀ ਕਾਸ਼ੀ ਵਿੱਚ ਗੋਪਾਲਦਾਸ ਦੀ ਬਗੀਚੀ ਜਿੱਥੇ ਹੁਣ 'ਗੁਰੂ ਕਾ ਬਾਗ' ਗੁਰਦੁਆਰਾ ਹੈ ਵਿੱਚ ਹੋਈ। ਆਪ ਨੇ ਆਪਣੇ ਸੰਘਰਸ਼ਮਈ ਜੀਵਨ ਦੁਆਰਾ ਸੁੱਤੇ ਹੋਏ ਸਮਾਜ ਨੂੰ ਜਗਾਇਆ। ਉਸ ਸਮੇਂ ਦੇ ਕਈ ਰਾਜਿਆਂ ਨੇ ਆਪ ਨੂੰ ਆਪਣਾ ਰਾਜਗੁਰੂ ਬਣਾਇਆ ਉਨ੍ਹਾਂ ਵਿੱਚ ਰਾਣਾ ਕੁੰਭਾ, ਰਾਜਾ ਨਾਗਰਮਲ, ਰਾਜਾ ਪੀਪਾ, ਰਾਜਾ ਬਹਾਦਰ ਸ਼ਾਹ, ਰਾਜਾ ਸਿਕੰਦਰ ਲੋਧੀ, ਪੰਡਿਤ ਸ਼ਰਧਾ ਰਾਮ, ਰਾਜਾ ਬੈਨ ਸਿੰਘ, ਰਾਮ ਲਾਲ, ਰਾਜਾ ਚੰਦਰਹਾਂਸ, ਪੰਡਿਤ ਗੰਗਾ ਰਾਮ, ਰਾਜਾ ਚੰਦਰ ਪ੍ਰਤਾਪ, ਰਾਉ ਦੂਦਾ, ਹਰਦੇਵ ਸਿੰਘ ਨਾਗਰ, ਵੀਰ ਸਿੰਘ ਬਘੇਲਾ, ਰਾਣਾ ਸਾਂਗਾ, ਬੀਬੀ ਭਾਨਮਤੀ, ਰਾਣੀ ਝਾਲੀ, ਮੀਰਾ ਬਾਈ ਆਦਿ ਪ੍ਰਸਿੱਧ ਹਨ। ਆਪ ਦੇ ਵਿਚਾਰਾਂ ਤੋਂ ਅਣਗਣਿਤ ਲੋਕ ਪ੍ਰਭਾਵਿਤ ਹੋਏ ਤੇ ਅਪਣੇ ਜੀਵਨ ਦਾ ਰਸਤਾ ਹੀ ਬਦਲ ਦਿੱਤਾ। ਬਾਬਰ ਜੋਕਿ ਮੁਗਲ ਸਮਰਾਜ ਦਾ ਪਹਿਲਾ ਸ਼ਾਸਕ ਸੀ ਅਤੇ 1526 ਵਿੱਚ ਪਾਨੀਪਤ ਦੀ ਲੜਾਈ ਜਿੱਤਕੇ ਦਿੱਲੀ ਤੇ ਕੱਬਜਾ ਕੀਤਾ ਸੀ ਗੁਰੂ ਜੀ ਦੇ ਅਧਿਆਤਮਕ ਵਿਚਾਰਾਂ ਤੋਂ ਬਹੁਤ ਹੀ ਪ੍ਰਭਾਵਿਤ ਹੋਇਆ। ਬਾਬਰ ਹਮਾਂਉ ਨਾਲ ਗੁਰੂ ਜੀ ਕੋਲ ਗਿਆ ਤਾਂ ਗੁਰੂ ਜੀ ਨੇ ਉਸ ਵਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਲਈ ਬਾਬਰ ਨੂੰ ਸਮਝਾਇਆ ਅਤੇ ਚੰਗੇ ਸਮਾਜਿਕ ਕਾਰਜ ਕਰਨ ਲਈ ਕਿਹਾ। ਬਾਬਰ ਗੁਰੂ ਜੀ ਤੋਂ ਪ੍ਰਭਾਵਿਤ ਹੋਇਆ। ਸੁਲਤਾਨ ਸਿਕੰਦਰ ਲੋਧੀ ਵੀ ਆਪ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਇਆ ਅਤੇ ਆਪ ਨੂੰ ਦਿੱਲੀ ਦੇ ਤੁਗਲਕਾਬਾਦ ਵਿੱਚ ਜਗ੍ਹਾ ਦਿੱਤੀ। ਬੇਗਮਪੁਰਾ ਸ਼ਹਿਰ ਗੁਰੂ ਰਵਿਦਾਸ ਜੀ ਦੇ ਆਪਣੇ ਸ਼ਬਦਾਂ ਵਿੱਚ ਇਕ ਐਸਾ ਸਥਾਨ ਹੈ, ਜਿੱਥੇ ਮਾਨਵਤਾ ਦੀ ਪੂਰੀ ਸੁਤੰਤਰਤਾ ਹੈ।

ਬੇਗਮ ਪੁਰਾ ਸਹਰ ਕੋ ਨਾਉ।।
ਦੂਖੁ ਅੰਦੋਹੁ ਨਹੀਂ ਤਿਹਿ ਠਾਉ।।
ਨਾ ਤਸਵੀਸ ਖਿਰਾਜੁ ਨਾ ਮਾਲੁ।।
ਖਉਫੁ ਨ ਖਤਾ ਨ ਤਰਸੁ ਜਵਾਲੁ।।੧।।
ਅਬ ਮੋਹਿ ਖੂਬ ਵਤਨ ਗਹ ਪਾਈ।।
ਉਹਾਂ ਖੈਰਿ ਸਦਾ ਮੇਰੇ ਭਾਈ।। ਰਹਾਉ।।
ਕਾਇਮੁ ਦਾਇਮੁ ਸਦਾ ਪਾਤਿਸਾਹੀ।।
ਦੋਮ ਨ ਸੇਮ ਏਕ ਸੋ ਆਹੀ।।
ਆਬਾਦਾਨੁ ਸਦਾ ਮਸਹੂਰ।।
ਉਹਾਂ ਗਨੀ ਬਸਹਿ ਮਾਮੂਰ।।੨।।
ਤਿਉ ਤਿਉ ਸੈਲ ਕਰਹਿ ਜਿਉ ਭਾਵੈ।।
ਮਹਰਮ ਮਹਲ ਨ ਕੋ ਅਟਕਾਵੈ।।
ਕਹਿ ਰਵਿਦਾਸ ਖਲਾਸੁ ਚਮਾਰਾ।।
ਜੋ ਹਮ ਸਹਰੀ ਸੋ ਮੀਤੁ ਹਮਾਰਾ।।੩।।

ਆਪ ਨੇ ਹਰ ਪ੍ਰਕਾਰ ਦੀ ਗੁਲਾਮੀ ਦੀ ਨਿੰਦਾ ਕੀਤੀ ਅਤੇ ਡੱਟਵਾਂ ਵਿਰੋਧ ਕੀਤਾ:-

ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤ।
ਰਵਿਦਾਸ ਦਾਸ ਪ੍ਰਾਧੀਨ ਸੋਂ ਕੌਣ ਕਰੈ ਹੈ ਪ੍ਰੀਤ।
ਪ੍ਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ।
ਰਵਿਦਾਸ ਦਾਸ ਪਰਾਧੀਨ ਕੋ ਸਭਹੀ ਸਮਝੇ ਹੀਨ।
ਰਵਿਦਾਸ ਮਨੁੱਖ ਕਰਿ ਵਸਨ ਕੂੰ ਸੁਖਕਰ ਹੈਂ ਦੂਈ ਠਾਂਵ।
ਇੱਕ ਸੁੱਖ ਹੈ ਸਵਰਾਜ ਮਹਿ ਦੂਸਰ ਮਰਘਟ ਗਾਂਵ।

ਆਪਜੀ ਨੇ ਉਸ ਵੇਲੇ ਫੈਲੀ ਬ੍ਰਾਹਮਣਵਾਦੀ ਪ੍ਰਥਾ ਜਿਸ ਵਿੱਚ ਜਾਤ ਅਧਾਰ ਤੇ ਇੱਕ ਬ੍ਰਾਹਮਣ ਨੂੰ ਸਭਤੋਂ ਵੱਧ ਪੂਜਨੀਕ ਅਤੇ ਸਨਮਾਨਯੋਗ ਮੰਨਿਆ ਜਾਂਦਾ ਸੀ ਦਾ ਵੀ ਕਰੜ੍ਹਾ ਵਿਰੋਧ ਕੀਤਾ:

ਬ੍ਰਾਹਮਣ ਮਤ ਪੂਜੀਏ ਜੋ ਹੋਵੈ ਗੁਣਹੀਨ।।
ਪੂਜੀਏ ਚਰਣ ਚੰਡਾਲ ਕੇ ਜੋ ਹੋਵੈ ਗੁਣ ਪ੍ਰਵੀਨ।।

ਆਪ ਨੂੰ ਅਛੂਤ ਵਰਗ ਅਤੇ ਨੀਂਵੀਂ ਜਾਤ ਨਾਲ ਸਬੰਧਿਤ ਹੋਣ ਤੇ ਕੋਈ ਵੀ ਦੁੱਖ ਅਤੇ ਹੀਣ ਭਾਵਨਾ ਨਹੀਂ ਸੀ ਅਤੇ ਆਪ ਨੇ ਕਿਹਾ ਹੈ:

ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ।।

ਆਪ ਨੇ ਅੰਧਵਿਸਵਾਸ ਦਾ ਵੀ ਡਟਕੇ ਵਿਰੋਧ ਕੀਤਾ ਹੈ ਅਤੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਹੈ:-

ਜਹਾਂ ਅੰਧ ਵਿਸ਼ਵਾਸ ਹੈ, ਸਚਿ ਪਰਖ ਤਹਿ ਨਾਹੀ।
ਰਵਿਦਾਸ ਸਚਿ ਸੋਈ ਜਾਨਿ, ਜੋ ਅਨੁਭਵ ਹੋਵਿ ਮਨ ਮਾਹ।

(ਬਾਕੀ ਅਗਲੇ ਸਫੇ 'ਤੇ)




Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html







My Struggle in Life:

Das Pawar, Ishwar: 9781682131558:

Amazon.com: Book

https://www.amazon.com/Struggle-Life-Ishwar-Das-Pawar/dp/1682131556


# ਪੰਜਾਬ ਦੀ ਬਣ ਰਹੀ ਨਵੀਂ ਤਸਵੀਰ ਅਤੇ ਨੌਜਵਾਨ



ਡਾ. ਸ਼ਿਆਮ ਸੁੰਦਰ ਦੀਪਤੀ

ਕਿਸੇ ਵੀ ਮੁਲਕ/ਸਮਾਜ ਬਾਰੇ ਅੰਦਾਜ਼ਾ ਉਸ ਦੇ ਸ਼ਹਿਰਾਂ ਵਿਚ ਲੱਗੇ ਪੋਸਟਰਾਂ/ਬੈਨਰਾਂ ਤੋਂ ਲਗਾਇਆ ਜਾ ਸਕਦਾ ਹੈ। ਅਜੋਕੇ ਪੰਜਾਬ ਬਾਰੇ ਗੱਲ ਕਰੀਏ ਤਾਂ ਸਭ ਤੋਂ ਵੱਧ ਗਿਣਤੀ ਆਈਲੈਂਟਸ ਸੈਂਟਰਾਂ, ਵਿਦੇਸ਼ ਭੇਜਣ ਵਾਲੇ ਏਜੰਟਾਂ ਦੀ ਹੋਵੇਗੀ। ਇਸ ਦੇ ਨਾਲ ਹੀ ਗਲੀ-ਮੁਹੱਲੇ ਵਿਚ ਖੁੱਲ੍ਹੇ ਜਿੰਮ ਵੀ ਨਜ਼ਰ ਪੈਣਗੇ। ਨਸ਼ਾ ਛੁਡਾਊ ਕੇਂਦਰਾਂ ਦੀ ਗੱਲ ਕਰੀਏ ਤਾਂ ਉਹ ਵੀ ਦਿਨ-ਬ-ਦਿਨ ਵਧ ਰਹੇ ਹਨ; ਨਾਲ ਹੀ ਨਵੇਂ ਬੁਢਾਪਾ ਘਰ ਖੋਲ੍ਹਣ ਦੀ ਮੰਗ ਵੀ ਸਰਕਾਰ ਕੋਲੋਂ ਕੀਤੀ ਜਾਣ ਲੱਗੀ ਹੈ। ਇਕ ਪੱਖ ਜੋ ਹੋਰ ਹੈ, ਇਹ ਹੈ ਤਾਂ ਭਾਵੇਂ ਬੜੇ ਸਾਕਾਰਾਤਮਕ ਤੇ ਸਾਰਥਕ ਹਾਲਤ ਵਾਲਾ ਜਿਵੇਂ ਉਮੀਦ, ਵਰਦਾਨ ਆਦਿ ਪਰ ਇਹ ਪੰਜਾਬ ਵਿਚ ਘਟ ਰਹੀ ਪ੍ਰਜਨਣ ਦਰ ਜਾਂ ਕਹੀਏ ਬਾਂਝਪੁਣੇ ਦੇ ਇਲਾਜ ਕੇਂਦਰਾਂ ਦਾ ਸੰਕੇਤ ਹੈ। ਇਹ ਸਾਰੇ ਹੀ ਸਿੱਧੇ-ਅਸਿੱਧੇ ਨੌਜਵਾਨੀ ਨਾਲ ਜੁੜੇ ਵਰਤਾਰੇ ਹਨ।

ਸਾਡੇ ਕੋਲ ਪੰਜਾਬ ਦੀ ਜਵਾਨੀ ਦਾ ਉਹ ਦ੍ਰਿਸ਼ ਹੈ ਜੋ ਪ੍ਰੋਫੈਸਰ ਪੂਰਨ ਸਿੰਘ ਨੇ ਚਿਤਰਿਆ ਹੈ: ਬੇਪਰਵਾਹ ਜਵਾਨ ਪੰਜਾਬ ਦੇ ਮੌਤ ਨੂੰ ਕਰਨ ਮਖੌਲਾਂ। ਜਾਪਦਾ ਹੈ, ਇਹ ਕਵੀ ਨੇ ਕਿਸੇ ਕਲਪਨਾ ਵਿਚ ਲਿਖਿਆ ਹੈ ਕਿਉਂ ਜੋ ਅਜੋਕੇ ਪੰਜਾਬੀ ਨੌਜਵਾਨ ਇਸ ਤਸਵੀਰ ਦੇ ਮੇਚ ਨਹੀਂ ਆਉਂਦੇ। ਪ੍ਰੋਫੈਸਰ ਪੂਰਨ ਸਿੰਘ ਹੀ ਨਹੀਂ, ਹੋਰ ਵੀ ਅਨੇਕਾਂ ਲਿਖਤਾਂ ਵਿਚ ਪੰਜਾਬ ਦੇ ਗੱਭਰੂ/ਮੁਟਿਆਰਾਂ ਦਾ ਭਰਵਾਂ ਜ਼ਿਕਰ ਮਿਲਦਾ ਹੈ; ਉਨ੍ਹਾਂ ਦੇ ਜੁੱਸੇ ਤੋਂ ਲੈ ਕੇ ਦਲੇਰੀ ਤੱਕ, ਜਿਵੇਂ ਪੰਜਾਬ ਵਿਚ ਪ੍ਰਚਲਿਤ ਅਖਾਣ ਹੈ- 'ਖਾਧਾ-ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ'। ਫ਼ੱਕਰਪੁਣਾ ਤੇ ਬੇਪਰਵਾਹੀ, ਮੌਤ ਨਾਲ ਮਖੌਲਾਂ ਕਰਨ ਵਾਲਾ ਪਿਛੋਕੜ ਵੀ ਸਮਝ ਸਕਦੇ ਹਾਂ: ਹਿੰਦੋਸਤਾਨ ਨੂੰ ਲੁੱਟਣ ਜਾਂ ਰਾਜ ਕਰਨ ਜੋ ਵੀ ਧਾੜਵੀ ਜਾਂ ਦੁਸ਼ਮਣ ਆਏ, ਪੰਜਾਬ ਦੇ ਰਾਹ ਤੋਂ ਹੀ ਆਉਂਦੇ ਰਹੇ ਹਨ ਤੇ ਉਨ੍ਹਾਂ ਦਾ ਸਾਹਮਣਾ ਪੰਜਾਬੀਆਂ ਨਾਲ ਹੀ ਹੁੰਦਾ ਰਿਹਾ ਹੈ।

ਮੁਲਕ ਵਿਚ ਭਾਵੇਂ ਮੁਗਲ ਵੀ ਰਹੇ ਤੇ ਅੰਗਰੇਜ਼ ਵੀ ਪਰ ਅੰਗਰੇਜ਼ੀ ਹਕੂਮਤ ਨਾਲ ਟਾਕਰਾ ਲੈਣ ਦੀ ਗੱਲ ਵੀ ਪੰਜਾਬ ਦੇ ਮਾਣਮੱਤੇ ਇਤਿਹਾਸ ਵਿਚ ਪਈ ਹੈ। 'ਪਗੜੀ ਸੰਭਾਲ ਜੱਟਾ' ਤੋਂ ਲੈ ਕੇ ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਅਤੇ ਊਧਮ ਸਿੰਘ ਦੀਆਂ ਕਥਾਵਾਂ ਇਸ ਧਰਤੀ ਦੇ ਨੌਜਵਾਨਾਂ ਦੀ ਬਾਤ ਪਾਉਂਦੀਆਂ ਹਨ। ਪੰਜਾਬ ਦੀ ਇਸ ਨੌਜਵਾਨੀ ਦੀ ਹਿੰਮਤ ਦਾ ਹਰਜਾਨਾ ਹੀ ਕਹਾਂਗੇ ਜੋ ਪੰਜਾਬ ਨੂੰ ਦੋ ਟੋਟਿਆਂ ਵਿਚ ਵੰਡਿਆ ਗਿਆ ਭਾਵੇਂ ਇਸ ਪਿੱਛੇ ਮੁਲਕ ਦੀ ਆਪਣੀ ਸਿਆਸਤ ਵੀ ਹੱਸੇਦਾਰ ਹੈ।

ਅਜੋਕੇ ਹਾਲਾਤ ਮੁਤਾਬਿਕ, ਨਜ਼ਰ ਆ ਰਹੀਆਂ ਅਲਾਮਤਾਂ ਦੀ ਗੱਲ ਕਰਨੀ ਹੋਵੇ ਤਾਂ ਸਮਝ ਨਹੀਂ ਆਉਂਦੀ ਕਿ ਤੰਦ ਕਿਥੋਂ ਫੜੀ ਜਾਵੇ। ਇਹ ਸਾਰੇ ਆਪਸ ਵਿਚ ਉਲਝੇ ਅਤੇ ਇਕ ਦੂਸਰੇ ਤੋਂ ਪੈਦਾ ਹੋਏ ਵਰਤਾਰੇ ਹਨ। ਫਿਰ ਵੀ ਇਕ ਮੁੱਦਾ ਜੋ ਤਕਰੀਬਨ ਤੀਹ ਕੁ ਸਾਲਾਂ ਤੋਂ ਕਾਫ਼ੀ ਉਭਰਿਆ ਹੈ ਤੇ ਉਸ ਨੂੰ ਮੁੱਦਾ ਬਣਾ ਕੇ ਕਈ ਸਰਕਾਰਾਂ ਬਣੀਆਂ ਹਨ, ਨਸ਼ਿਆਂ ਦਾ ਮੁੱਦਾ ਹੈ।

ਨਸ਼ੇ ਦੀ ਵਰਤੋਂ ਦਾ ਮਸਲਾ ਕੋਈ ਦਹਾਕਿਆਂ ਜਾਂ ਸਦੀਆਂ ਦਾ ਨਹੀਂ। ਅਫੀਮ ਦਾ ਇਤਿਹਾਸ ਤਿੰਨ ਹਜ਼ਾਰ ਸਾਲ ਦਾ ਹੈ ਤੇ ਤਕਰੀਬਨ ਇੰਨਾ ਹੀ ਸ਼ਰਾਬ ਦਾ। ਸ਼ਰਾਬ ਤਾਂ ਹੁਣ ਸਾਡੇ ਖਿੱਤੇ ਦੇ ਸੱਭਿਆਚਾਰ ਦਾ ਹਿੱਸਾ ਹੈ। ਸ਼ਰਾਬ ਤੋਂ ਬਿਨਾ ਤਾਂ ਹੁਣ ਪ੍ਰਾਹੁਣਾਚਾਰੀ ਪੂਰੀ ਨਹੀਂ ਸਮਝੀ ਜਾਂਦੀ। 'ਖਾਧਾ-ਪੀਤਾ' ਵਾਲੇ ਅਖਾਣ ਵਿਚ ਸ਼ਰਾਬ ਵੀ ਸ਼ਾਮਿਲ ਹੈ। ਜਿਥੋਂ ਤਕ ਅਫੀਮ ਦੀ ਗੱਲ ਹੈ, ਇਸ ਦੀ ਖੇਤੀ ਵੀ ਹੁੰਦੀ ਰਹੀ ਹੈ ਤੇ ਇਹ ਦਵਾ ਪ੍ਰਣਾਲੀ ਦਾ ਹਿੱਸਾ ਵੀ ਰਹੀ ਹੈ। ਦੋ-ਚਾਰ ਅਮਲੀ ਤਾਂ ਹਰ ਪਿੰਡ ਦਾ ਹਿੱਸਾ ਹਮੇਸ਼ਾ ਰਹੇ ਹਨ।

ਅਸਲ ਵਿਚ, ਨਸ਼ੇ ਉਦੋਂ ਸਮੱਸਿਆ ਬਣ ਕੇ ਉਭਰੇ ਹਨ ਜਦੋਂ ਇਨ੍ਹਾਂ ਦਾ ਗੈਰ-ਸਮਾਜਿਕ ਤੇ ਗੈਰ-ਕਾਨੂੰਨੀ ਰੂਪ, ਸਮੈਕ ਤੇ ਹੈਰੋਇਨ ਬਣਨੇ ਤੇ ਮਿਲਣੇ ਸ਼ੁਰੂ ਹੋਏ। ਨਸ਼ਿਆਂ ਦੀਆਂ ਇਨ੍ਹਾਂ ਕਿਸਮਾਂ ਨੂੰ 'ਮਨੋਵਿਗਿਆਨਕ ਯੁੱਧ' ਤਹਿਤ ਨੌਜਵਾਨਾਂ ਨੂੰ ਨਿਸ਼ਾਨਾ ਬਣਾ ਕੇ ਵਰਤੇ ਜਾਣ ਦੀ ਗੱਲ ਵੀ ਸਾਹਮਣੇ ਆਈ ਹੈ। ਪੰਜਾਬ ਦੀ ਜਵਾਨੀ ਦਾ ਘਾਣ ਕਰ ਰਹੀ ਇੰਨੀ ਗੰਭੀਰ ਸਮੱਸਿਆ ਨੂੰ ਸਾਡੇ ਸਿਆਸਤਦਾਨਾਂ ਨੇ ਸੰਜੀਦਗੀ ਨਾਲ ਨਹੀਂ ਲਿਆ ਤੇ ਨਤੀਜਾ ਸਾਹਮਣੇ ਹੈ- ਸਮੱਸਿਆ ਜਿਉਂ ਦੀ ਤਿਉਂ ਹੈ। ਹਰ ਸਰਕਾਰ ਦੇ ਦਾਅਵਿਆਂ ਦੇ ਬਾਵਜੂਦ ਨਸ਼ੇ ਰੋਕੇ ਨਹੀਂ ਜਾ ਰਹੇ। ਕੁਝ ਕੁ ਸਾਲ ਪਹਿਲਾਂ ਤਕ ਪੰਜਾਬ ਦੇ ਮਨੋਰੋਗ ਵਿਭਾਗ ਨਾਲ ਉਨ੍ਹਾਂ ਦੀ ਨਿਗਰਾਨੀ ਹੇਠ ਨਸ਼ਾ ਛੁਡਾਊ ਕੇਂਦਰ ਹੁੰਦੇ ਸਨ, ਅੱਜ ਇਹ ਹਰ ਜ਼ਿਲ੍ਹੇ ਵਿਚ ਹਨ ਅਤੇ ਮੈਡੀਕਲ ਕਾਲਜਾਂ ਨਾਲੋਂ 'ਬਿਹਤਰੀਨ ਨਸ਼ਾ ਛੁਡਾਊ ਕੇਂਦਰ' ਹਨ। ਇਸ ਨੂੰ ਪ੍ਰਾਪਤੀ ਕਹਿ ਕੇ ਵਡਿਆਇਆ ਜਾਂਦਾ ਹੈ।




ਨਸ਼ਿਆਂ ਦੀ ਵਧ ਰਹੀ ਵਰਤੋਂ ਦਾ ਇਕ ਨਤੀਜਾ ਇਹ ਹੈ ਕਿ ਪੰਜਾਬ ਵਿਚ ਨੌਜਵਾਨਾਂ ਦਾ ਪਰਵਾਸ ਲਗਾਤਾਰ ਵਧ ਰਿਹਾ ਹੈ। ਇਸ ਦਾ ਅੰਦਾਜ਼ਾ ਆਈਲੈਂਟਸ ਸੈਂਟਰਾਂ ਅਤੇ ਵਿਦੇਸ਼ ਭੇਜਣ ਵਾਲੇ ਏਜੰਟਾਂ ਦੀਆਂ ਦੁਕਾਨਾਂ ਤੋਂ ਲੱਗ ਸਕਦਾ ਹੈ। ਪਰਵਾਸ ਕੋਈ ਪਹਿਲੀ ਵਾਰ ਨਹੀਂ ਹੋ ਰਿਹਾ। ਸੌ ਸਾਲਾਂ ਪਹਿਲਾਂ ਤਾਂ ਅਮਰੀਕਾ ਕੈਨੇਡਾ ਵੱਲ ਉਡਾਣਾਂ ਜਾਣ ਲੱਗ ਪਈਆਂ ਸਨ, ਇਸ ਤੋਂ ਪਹਿਲਾਂ ਬ੍ਰਿਟੇਨ ਵੱਲ ਉਡਾਣਾਂ ਜਾ ਰਹੀਆਂ ਸਨ ਪਰ ਜਿਸ ਰਫ਼ਤਾਰ ਨਾਲ ਪਿਛਲੇ ਕੁਝ ਕੁ ਸਾਲਾਂ ਤੋਂ ਪਰਵਾਸ ਵਧਿਆ ਹੈ, ਉਸ ਨੇ ਕਈ ਸਵਾਲ ਖੜ੍ਹੇ ਕੀਤੇ ਹਨ। ਇਸ ਨਾਲ ਪੰਜਾਬ ਦੇ ਭਵਿੱਖ ਦੀ ਨਵੀਂ ਤਸਵੀਰ ਉੱਭਰ ਰਹੀ ਹੈ।

ਨੌਜਵਾਨਾਂ ਦੇ ਪਰਵਾਸ ਦੀ ਕਹਾਣੀ ਪੰਜਾਬ ਦੇ ਅਤਿਵਾਦ ਦੇ ਸਮੇਂ ਨਾਲ ਜ਼ਰੂਰ ਜੁੜਦੀ ਹੈ; ਫਿਰ ਨੌਜਵਾਨਾਂ ਦਾ ਇਥੇ ਆ ਕੇ ਡਾਲਰਾਂ ਦੇ ਰੰਗ ਦਿਖਾਉਣ ਨਾਲ ਹੋਰ ਨੌਜਵਾਨਾਂ ਨੇ ਵੀ ਇਸ ਪਾਸੇ ਰਾਹ ਬਣਾਇਆ। ਪੰਜਾਬ ਦੀ ਆਰਥਿਕ ਅਤੇ ਸਿਆਸੀ ਵਿਵਸਥਾ ਨੇ ਇਸ ਪੱਖ ਨੂੰ ਅਣਗੌਲਿਆਂ ਕੀਤਾ ਸਗੋਂ ਅਜਿਹਾ ਮਾਹੌਲ ਉਸਾਰਿਆ ਕਿ ਪਰਵਾਸ ਵੱਲ ਦੌੜ ਹੋਰ ਤੇਜ਼ ਹੋ ਗਈ। ਨਸ਼ਿਆਂ ਦੀ ਭੂਮਿਕਾ ਇੰਨੀ ਕੁ ਹੈ ਕਿ ਇਸ ਨੇ ਨੌਜਵਾਨਾਂ ਤੋਂ ਵੱਧ ਉਨ੍ਹਾਂ ਦੇ ਮਾਪਿਆਂ ਨੂੰ ਪ੍ਰੇਰਿਆ ਕਿ ਉਨ੍ਹਾਂ ਦੇ ਬੱਚੇ ਕਿਸੇ ਨਾ ਕਿਸੇ ਤਰ੍ਹਾਂ ਸੁਰੱਖਿਅਤ ਨਸ਼ਿਆਂ ਵਾਲੀ ਇਸ ਜ਼ਮੀਨ ਤੋਂ ਉੱਡ ਜਾਣ; ਭਾਵੇਂ ਉਹੀ ਮਾਪੇ ਹੁਣ ਪਛਤਾ ਰਹੇ ਹਨ ਕਿ ਘਰ ਖਾਲੀ ਹੋ ਰਹੇ ਹਨ! ਹੁਣ ਤਾਂ ਟਾਵਾਂ ਟਾਂਵਾਂ ਘਰ ਹੀ ਹੋਵੇਗਾ ਜਿਥੇ ਕੋਈ ਪੂਰਾ ਪਰਿਵਾਰ ਰਹਿੰਦਾ ਹੋਵੇ। ਪਹਿਲਾਂ ਪਰਵਾਸ ਕਰਦੇ ਲੋਕ ਪੰਜਾਬ ਨਾਲ ਜੁੜੇ ਰਹਿੰਦੇ ਸਨ, ਇਥੋਂ ਦੀ ਪਰਵਾਹ ਵੀ ਕਰਦੇ ਸਨ। ਹੁਣ ਨੌਜਵਾਨ ਚਾਹੁੰਦੇ ਹਨ ਕਿ ਸਭ ਕੁਝ ਵੇਚ-ਵੱਟ ਕੇ ਸਾਰੇ ਹੀ ਵਿਦੇਸ਼ ਪੁੱਜ ਜਾਣ। ਵਿਦੇਸ਼ ਦੀਆਂ ਸਰਕਾਰਾਂ ਵੀ ਇਸ ਲਈ ਉਤਸ਼ਾਹਿਤ ਕਰ ਰਹੀਆਂ ਹਨ। ਨਸ਼ੇ ਦੀ ਸ਼ੁਰੂਆਤ ਨੂੰ ਲੈ ਕੇ ਅਕਸਰ ਨੌਜਵਾਨਾਂ ਨੂੰ ਹੀ ਇਸ ਦਾ ਦੋਸ਼ੀ ਕਰਾਰ ਦਿੱਤਾ ਜਾਂਦਾ ਹੈ। ਇਸ ਦਾ ਅੰਦਾਜ਼ਾ ਕੁਝ ਕੁ ਸਵਾਲਾਂ ਦੇ ਜਵਾਬਾਂ ਤੋਂ ਲਗਾ ਸਕਦੇ ਹਾਂ:

- ਕੀ ਨੌਜਵਾਨਾਂ ਨੂੰ ਇਨ੍ਹਾਂ ਦੀ ਵਰਤੋਂ ਦਾ ਫਾਇਦਾ ਹੈ ਕਿ ਉਹ ਇਨ੍ਹਾਂ ਦੀ ਲੋਰ ਵਿਚ, ਰੰਗ-ਬਿਰੰਗੀ ਦੁਨੀਆ ਵਿਚ ਆਪਣਾ ਸਮਾਂ ਕੱਟਦੇ ਮਸਤ ਰਹਿੰਦੇ ਹਨ?
- ਕੀ ਨੌਜਵਾਨਾਂ ਦੇ ਮਾਪਿਆਂ ਨੂੰ ਇਸ ਦਾ ਫਾਇਦਾ ਹੈ ਜੋ ਇਨ੍ਹਾਂ ਦੇ ਮੋਢਿਆਂ 'ਤੇ ਪਰਿਵਾਰ ਦੀ ਜ਼ਿੰਮੇਵਾਰੀ ਦੇਣ ਲਈ ਟੇਕ ਲਾਈ ਬੈਠੇ ਹਨ?
- ਕੀ ਸਮਾਜ ਨੂੰ ਇਹ ਇਨ੍ਹਾਂ ਨਸ਼ਿਆਂ ਦੀ ਵਰਤੋਂ ਦਾ ਫਾਇਦਾ ਹੈ ਜਿਸ ਨੂੰ ਭਰੋਸਾ ਹੈ ਕਿ ਹੁਣ ਇਹ ਚੰਗੇ ਸਮਾਜ ਵਿਚ ਹਿੱਸਾ ਪਾਉਣਗੇ?

**(ਬਾਕੀ ਸਫਾ 23 'ਤੇ)**

# ਗੁਰੂ ਰਵਿਦਾਸ ਜੀ ਨੇ ਜਾਤ-ਪਾਤ ਦਾ ਖੰਡਨ ਕਰਕੇ ਉੱਚ ਵਰਗ ਦੇ ਜਾਤੀ ਅਭਿਮਾਨ ਤੇ ਹੰਕਾਰ ਨੂੰ ਸੱਟ ਮਾਰੀ

**(ਸਫਾ 20 ਦੀ ਬਾਕੀ)**

ਇੱਕ ਵਾਰ ਗੁਰੂ ਜੀ ਦੇ ਕੁੱਝ ਪੈਰੋਕਾਰਾਂ ਨੇ ਪਵਿੱਤਰ ਗੰਗਾ ਨਦੀ ਵਿੱਚ ਇਸ਼ਨਾਨ ਕਰਨ ਲਈ ਕਿਹਾ ਤਾਂ ਆਪ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਉਸਨੇ ਆਪਣੇ ਇੱਕ ਗਾਹਕ ਨੂੰ ਜੁੱਤੀ ਦੇਣ ਦਾ ਵਾਅਦਾ ਕੀਤਾ ਸੀ ਇਸ ਲਈ ਹੁਣ ਇਹ ਉਸਦੀ ਮੁੱਖ ਜ਼ਿੰਮੇਵਾਰੀ ਹੈ। ਰਵਿਦਾਸ ਜੀ ਦੇ ਇੱਕ ਪੈਰੋਕਾਰ ਨੇ ਉਹਨਾਂ ਨੂੰ ਦੁਬਾਰਾ ਬੇਨਤੀ ਕੀਤੀ ਤਾਂ ਉਹਨਾਂ ਕਿਹਾ ਕਿ ਉਹਨਾਂ ਦਾ ਮੰਨਣਾ ਹੈ ਕਿ 'ਮਨ ਚੰਗਾ, ਤੋ ਕਠੋਟੀ ਮੇਂ ਗੰਗਾ' ਭਾਵ ਸਰੀਰ ਨੂੰ ਪਵਿੱਤਰ ਨਦੀ ਵਿੱਚ ਇਸ਼ਨਾਨ ਕਰਨ ਦੀ ਨਹੀਂ ਆਤਮਾ ਨੂੰ ਸ਼ੁੱਧ ਕਰਨ ਦੀ ਲੋੜ ਹੈ। ਜੇਕਰ ਸਾਡੀ ਆਤਮਾ ਸ਼ੁੱਧ ਹੈ ਤਾਂ ਅਸੀਂ ਘਰ ਵਿੱਚ ਇਸ਼ਨਾਨ ਕਰਕੇ ਵੀ ਪੂਰੀ ਤਰ੍ਹਾਂ ਪਵਿੱਤਰ ਹੋ ਸਕਦੇ ਹਾਂ। ਉਨ੍ਹਾਂ ਨੇ ਲੋਕਾਂ ਨੂੰ ਇਹ ਸੰਦੇਸ਼ ਦਿੱਤਾ ਕਿ ਰੱਬ ਨੇ ਮਨੁੱਖ ਨੂੰ ਬਣਾਇਆ ਹੈ, ਨਾ ਕਿ ਮਨੁੱਖ ਨੇ ਰੱਬ ਨੂੰ ਬਣਾਇਆ ਹੈ ਭਾਵ ਇਸ ਧਰਤੀ ਤੇ ਹਰ ਕੋਈ ਰੱਬ ਦੁਆਰਾ ਬਣਾਇਆ ਗਿਆ ਹੈ ਅਤੇ ਸਾਰਿਆਂ ਦੇ ਬਰਾਬਰ ਅਧਿਕਾਰ ਹਨ। ਆਪ ਨੇ ਲੋਕਾਂ ਨੂੰ ਸਰਬ ਸਾਂਝੀਵਾਲਤਾ ਅਤੇ ਸਹਿਣਸ਼ੀਲਤਾ ਦਾ ਗਿਆਨ ਦਿੱਤਾ। ਆਪ ਨੇ ਇਸ ਸੰਸਾਰ ਦੀ ਤੁਲਨਾ ਕਸੁੰਭੇ ਦੇ ਫੁੱਲ ਨਾਲ ਕੀਤੀ ਅਤੇ ਕਿਹਾ ਹੈ:

ਜੈਸਾ ਰੰਗ ਕਸੁੰਭ ਕਾ ਤੈਸਾ ਇਹੁ ਸੰਸਾਰੁ॥
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ॥

ਆਪ ਨੇ ਸਭ ਨੂੰ ਮਿਲਕੇ ਇਕੱਠੇ ਰਹਿਣ ਲਈ ਕਿਹਾ ਹੈ:

ਸਤ ਸੰਗਤਿ ਮਿਲਿ ਰਹੀਐ ਮਾਧਉ, ਜੈਸੇ ਮਧੁਪ ਮਖੀਰਾ॥

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਕਈ ਭੱਟਾਂ ਅਤੇ ਭਗਤਾਂ ਨੇ ਵੀ ਗੁਰੂ ਰਵਿਦਾਸ ਜੀ ਦੀ ਉਪਮਾ ਕੀਤੀ ਹੈ। ਆਪ ਜੀ ਦੇ ਅੰਤਿਮ ਸਮੇਂ ਬਾਰੇ ਕੋਈ ਠੋਸ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ ਹੈ। ਬਹੁਤੇ ਇਤਿਹਾਸਕਾਰਾਂ ਅਨੁਸਾਰ ਆਪ ਲੱਗਭੱਗ 151 ਸਾਲ ਦੀ ਆਯੂ ਭੋਗਕੇ 1528 ਇਸਵੀ ਨੂੰ ਜੋਤੀ ਜੋਤ ਸਮਾ ਗਏ। ਚਿਤੌੜਗੜ੍ਹ ਵਿੱਚ ਮੀਰਾਂ ਬਾਈ ਦੇ ਮੰਦਿਰ ਦੇ ਬਾਹਰ ਬਣੀ ਛੱਤਰੀ ਹੇਠਾਂ ਆਪਜੀ ਦੇ ਚਰਨ ਕਮਲਾਂ ਦੇ ਨਿਸ਼ਾਨ ਮੌਜੂਦ ਹਨ।

ਵੱਖ ਵੱਖ ਇਤਿਹਾਸਕਾਰਾਂ ਅਤੇ ਬੁੱਧੀਜੀਵੀਆਂ ਵਲੋਂ ਸ਼੍ਰੀ ਗੁਰੂ ਰਵਿਦਾਸ ਜੀ ਨਾਲ ਜੁੜ੍ਹੇ ਧਾਰਮਿਕ ਸਥਾਨਾਂ ਦੀ ਖੋਜ ਕੀਤੀ ਜਾ ਰਹੀ ਹੈ। ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਵਾਰਾਨਸੀ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਗਟ ਉਤਸਵ ਤੇ ਪਹੁੰਚਦੇ ਹਨ। ਇਸ ਸਬੰਧੀ ਪੰਜਾਬ ਦੇ ਜਲੰਧਰ ਸ਼ਹਿਰ ਤੋਂ ਵਾਰਾਨਸੀ ਲਈ ਵਿਸ਼ੇਸ਼ ਰੇਲ ਗੱਡੀਆਂ ਚੱਲਦੀਆਂ ਹਨ ਅਤੇ ਵੱਡੀ ਗਿਣਤੀ ਵਿੱਚ ਲੋਕ ਵਾਰਾਨਸੀ ਜਾਂਦੇ ਹਨ। ਸਰਕਾਰ ਵਲੋਂ ਸਮੇਂ ਸਮੇਂ ਤੇ ਵਾਰਾਨਸੀ ਵਿੱਚ ਸ਼੍ਰੀ ਗੁਰੂ ਰਵਿਦਾਸ ਜੀ ਦੀ ਯਾਦ ਵਿੱਚ ਪ੍ਰੋਜੈਕਟ ਬਣਾਏ ਗਏ ਹਨ। ਵਾਰਾਨਸੀ ਵਿੱਚ ਗੁਰੂ ਰਵਿਦਾਸ ਦਾ ਇੱਕ ਵਿਸ਼ਾਲ ਮੰਦਰ ਹੈ ਜਿੱਥੇ ਹਰ ਸਾਲ ਲੱਖਾਂ ਲੋਕ ਵੱਖ ਵੱਖ ਥਾਵਾਂ ਤੋਂ ਪਹੁੰਚਦੇ ਹਨ। ਵਾਰਾਨਸੀ ਵਿੱਚ ਸ਼੍ਰੀ ਗੁਰੂ ਰਵਿਦਾਸ ਪਾਰਕ ਹੈ ਜੋ ਕਿ ਉਨ੍ਹਾਂ ਦੀ ਯਾਦ ਵਿੱਚ ਬਣਾਇਆ ਗਿਆ ਹੈ ਜਿਸਦਾ ਨਾਮ ''ਗੁਰੂ ਰਵਿਦਾਸ ਮੈਮੋਰੀਅਲ ਐਂਡ ਪਾਰਕ'' ਰੱਖਿਆ ਗਿਆ ਹੈ। ਸਰਕਾਰ ਦੁਆਰਾ ਗੰਗਾ ਨਦੀ ਦੇ ਕਿਨਾਰੇ ਵਾਰਾਣਸੀ ਦੇ ਪਾਰਕ ਦੇ ਨਾਲ ਬਣੇ ਘਾਟ ਦਾ ਨਾਮ ਉਨ੍ਹਾਂ ਦੇ ਨਾਮ ਤੇ ਗੁਰੂ ਰਵਿਦਾਸ ਘਾਟ ਰੱਖਣ ਦੀ ਤਜਵੀਜ਼ ਹੈ। ਗਿਆਨਪੁਰ ਜ਼ਿਲ੍ਹੇ ਦੇ ਨੇੜੇ ਨਗਰ ਜਿਸਦਾ ਪਹਿਲਾਂ ਨਾਮ ਭਦੋਹੀ ਸੀ ਹੁਣ ਇਸਦਾ ਨਾਮ ਸੰਤ ਰਵਿਦਾਸ ਨਗਰ ਰੱਖਿਆ ਗਿਆ ਹੈ। ਦੇਸ਼ ਦੇ ਨਾਲ-ਨਾਲ ਵਿਦੇਸ਼ਾਂ ਵਿਚ ਵੀ ਉਨ੍ਹਾਂ ਦੇ ਨਾਮ ਤੇ ਕਈ ਸਮਾਰਕ ਬਣਾਏ ਗਏ ਹਨ। ਪੰਜਾਬ ਸਰਕਾਰ ਵਲੋਂ ਸ਼੍ਰੀ ਗੁਰੂ ਰਵਿਦਾਸ ਦੀ ਚਰਨ ਛੋਹ ਪ੍ਰਾਪਤ ਧਰਤੀ ਪਿੰਡ ਖੁਰਾਲੀ ਦਾ ਨਾਮ ਸ਼੍ਰੀ ਖੁਰਾਲਗੜ੍ਹ ਸਾਹਿਬ ਰੱਖਿਆ ਗਿਆ ਹੈ ਅਤੇ ਯਾਦਗਾਰ ਸਥਾਪਿਤ ਕਰਨ ਲਈ ਸਾਲ 2016 ਵਿੱਚ 16 ਏਕੜ ਜਮੀਨ ਵਿੱਚ ਲੱਗਭੱਗ 110 ਕਰੋੜ੍ਹ ਦਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਜਿਸ ਵਿੱਚ 151 ਫੁੱਟ ਉੱਚਾ ਮਿਨਾਰ ਏ ਬੇਗਮਪੁਰਾ ਬਣਾਇਆ ਜਾਵੇਗਾ ਜਿਸਨੂੰ ਜੂਨ 2021 ਤੱਕ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਸੀ ਜੋਕਿ ਅਜੇ ਤੱਕ ਵੀ ਪੂਰਾ ਨਹੀਂ ਹੋ ਸਕਿਆ ਹੈ। ਸਮੇਂ ਸਮੇਂ ਤੇ ਪੰਜਾਬ ਦੇ ਮੁੱਖ ਮੰਤਰੀ ਸਮੇਤ ਸਰਕਾਰ ਦੇ ਕਈ ਮੰਤਰੀ ਅਤੇ ਅਧਿਕਾਰੀ ਇਸ ਸਥਾਨ ਤੇ ਕਈ ਵਾਰ ਆਏ ਅਤੇ ਇਸ ਇਲਾਕੇ ਦੇ ਵਿਕਾਸ ਲਈ ਕਈ ਘੋਸ਼ਣਾਵਾਂ ਕੀਤੀਆਂ ਪਰ ਬਹੁਤੀਆਂ ਘੋਸ਼ਣਾਵਾਂ ਕਾਗਜਾਂ ਵਿੱਚ ਹੀ ਰਹਿ ਗਈਆਂ ਹਨ ਅਤੇ ਇਹ ਇਤਿਹਸਕ ਸਥਾਨ ਅਜੇ ਵੀ ਵਿਕਾਸ ਤੋਂ ਬਾਂਝਾ ਰਹਿ ਗਿਆ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਦੇ ਤੁਗਲਕਾਬਾਦ ਵਿੱਚ ਬਣੇ ਸ਼੍ਰੀ ਗੁਰੂ ਰਵਿਦਾਸ ਦੇ ਇਤਿਹਾਸਿਕ ਮੰਦਿਰ ਨੂੰ ਸਰਕਾਰ ਵਲੋਂ ਢਾਹਿਆ ਗਿਆ ਹੈ ਅਤੇ ਜਦੋਂ ਦੇਸ਼ ਵਿਦੇਸ਼ ਦੇ ਲੋਕਾਂ ਨੇ ਇਸ ਸਬੰਧੀ ਰੋਸ ਪ੍ਰਦਰਸ਼ਨ ਕੀਤਾ ਤਾਂ ਸਰਕਾਰ ਨੇ 2019 ਵਿੱਚ 400 ਵਰਗ ਮੀਟਰ ਜਗ੍ਹਾ ਅਲਾਟ ਕੀਤੀ ਸੀ।

ਹੁਣ ਦਿੱਲੀ ਡਿਵੈਲਪਮੈਂਟ ਅਥਾਰਟੀ ਵਲੋਂ ਮਿਤੀ 27 ਅਕਤੂਬਰ 2021 ਨੂੰ ਭੇਜੇ ਗਏ ਇੱਕ ਪੱਤਰ ਅਨੁਸਾਰ ਇਸ ਜਗ੍ਹਾ ਦੀ 30 ਸਾਲ ਲਈ ਲੀਜ ਦੇ 43366765/- ਰੁਪਏ ਦੀ ਮੰਗ ਕੀਤੀ ਗਈ। ਪਿਛਲੇ ਸਾਲ 2022 ਵਿੱਚ ਪੰਜਾਬ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਲਈ 14 ਫਰਵਰੀ ਦਾ ਦਿਨ ਰੱਖਿਆ ਗਿਆ ਸੀ ਪਰੰਤੂ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ 16 ਫਰਵਰੀ ਨੂੰ ਵੇਖਦੇ ਹੋਏ ਚੋਣਾਂ ਦੀ ਮਿਤੀ ਬਦਲਕੇ 20 ਫਰਵਰੀ ਰੱਖੀ ਗਈ ਸੀ। ਸਮੁੱਚੇ ਵਿਸ਼ਵ ਵਿੱਚ ਭਾਈਚਾਰਕ ਸਾਂਝ ਅਤੇ ਸ਼ਾਂਤੀ ਦੀ ਸਥਾਪਨਾ ਦੇ ਨਾਲ-ਨਾਲ ਗੁਰੂ ਰਵਿਦਾਸ ਦਾ ਪ੍ਰਕਾਸ ਉਤਸਵ ਉਨ੍ਹਾਂ ਦੇ ਪੈਰੋਕਾਰਾਂ ਨੂੰ ਦਿੱਤੀਆਂ ਮਹਾਨ ਸਿੱਖਿਆਵਾਂ ਨੂੰ ਯਾਦ ਕਰਨ ਲਈ ਮਨਾਇਆ ਜਾਂਦਾ ਹੈ। ਗੁਰੂ ਰਵਿਦਾਸ ਜੀ ਦਾ ਜਨਮ ਉਤਸੱਵ ਮਨਾਉਣ ਦਾ ਅਸਲੀ ਮੰਤਵ ਪੂਰਾ ਕਰਨ ਲਈ ਉਨ੍ਹਾਂ ਵਲੋਂ ਦਿੱਤੀਆਂ ਸਿੱਖਿਆਵਾਂ ਨੂੰ ਅਪਣਾਕੇ ਸਮਾਜ ਵਿੱਚੋਂ ਪਖੰਡਵਾਦ ਨੂੰ ਦੂਰ ਕਰਕੇ ਦੁਨੀਆਂ ਵਿੱਚ ਬਰਾਬਰਤਾ ਵਾਲਾ ਸਮਾਜ ਉਸਾਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਵਲੋਂ ਦਰਸਾਏ ਬੇਗਮਪੁਰਾ ਦਾ ਸੁਪਨਾ ਪੂਰਾ ਹੋ ਸਕੇ।

# ਵੱਡਾ ਘੱਲੂਘਾਰਾ

ਸਿੱਖਾਂ ਦਾ ਪਹਿਲਾ ਘੱਲੂਘਾਰਾ ਮੁਗਲ ਸਾਮਰਾਜ ਦੇ ਢਹਿ-ਢੇਰੀ ਸਾਲਾਂ ਦੌਰਾਨ ਹੋਇਆ ਸੀ। ਕਤਲੇਆਮ ਨੂੰ 'ਛੋਟਾ ਘੱਲੂਘਾਰਾ' 'ਘੱਟ ਘੱਲੂਘਾਰਾ ਜਾਂ ਘੱਟ ਕਤਲੇਆਮ' ਵਜੋਂ ਜਾਣਿਆ ਜਾਂਦਾ ਹੈ। ਜਿਵੇਂ ਕਿ, ਇਹ ਵੱਡਾ ਘੱਲੂਘਾਰਾ, ਦੂਜਾ ਸਿੱਖ ਸਰਬਨਾਸ਼ ਸੰਨ 1762, ਜਿਸ ਨੂੰ ਘੱਲੂਘਾਰੇ ਵਜੋਂ ਵੀ ਜਾਣਿਆ ਜਾਂਦਾ ਹੈ।

ਸਿੱਖਾਂ ਦਾ ਸੰਖੇਪ ਇਤਿਹਾਸ: ਸ੍ਰੀ ਗੁਰੂ ਨਾਨਕ ਦੇਵ ਜੀ (1469-1539) ਦੀਆਂ ਸਿੱਖਿਆਵਾਂ ਨੇ ਸਿੱਖ ਧਰਮ ਨੂੰ ਜਨਮ ਦਿੱਤਾ ਜੋ ਕਿ ਇਕ ਵਿਲੱਖਣ ਸਮਾਜਿਕ ਸ਼ਕਤੀ ਬਣ ਗਿਆ ਸੀ, ਖਾਸ ਤੌਰ 'ਤੇ 1699 ਵਿਚ ਖਾਲਸਾ ਫੌਜ ਦੇ ਗਠਨ ਤੋਂ ਬਾਅਦ। ਮੁਗਲ ਸਾਮਰਾਜ ਅਤੇ ਅਨਿਆਂ ਦਾ ਕੋਈ ਹੋਰ ਰੂਪ ਸੀ। ਅਠਾਰਵੀਂ ਸਦੀ ਦੇ ਆਰੰਭ ਵਿਚ, ਖ਼ਾਲਸੇ ਨੂੰ ਉੱਤਰੀ ਭਾਰਤ ਅਤੇ ਪੰਜਾਬ ਦੇ ਬਹੁਤ ਸਾਰੇ ਮੁਸਲਮ ਸ਼ਾਸਕਾਂ ਦੁਆਰਾ ਗੈਰ ਕਾਨੂੰਨੀ ਠਹਿਰਾਇਆ ਗਿਆ ਸੀ ਅਤੇ ਅਕਸਰ ਪੰਜਾਬ ਅਤੇ ਗੁਆਂਢੀ ਕਸ਼ਮੀਰ ਦੇ ਦੂਰ-ਦੁਰਾਡੇ ਦੇ ਜੰਗਲਾਂ, ਰੇਗਿਸਤਾਨਾਂ ਅਤੇ ਦਲਦਲ ਦੇ ਮੈਦਾਨਾਂ ਦੀ ਸੁਰੱਖਿਆ ਦੀ ਮੰਗ ਕਰਕੇ ਬਚਣ ਲਈ ਮਜਬੂਰ ਕੀਤਾ ਜਾਂਦਾ ਸੀ।

1606 ਈਸਵੀ ਵਿਚ ਪੰਜਵੇਂ ਸਿੱਖ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ, ਸਿੱਖਾਂ ਨੇ ਹਥਿਆਰਾਂ ਦੀ ਵਰਤੋਂ ਅਤੇ ਸਵੈ-ਰੱਖਿਆ ਦੀ ਲੋੜ ਨੂੰ ਜਾਣ ਲਿਆ ਸੀ। ਸਿੱਖਾਂ ਨੇ, ਬਾਬਰ ਦੇ ਭਾਰਤ ਸੱਦੇ ਤੋਂ ਬਹੁਤ ਪਹਿਲਾਂ ਹਿੰਦੂਆਂ ਉੱਤੇ ਆਤੰਕ ਦੇ ਰਾਜ ਤੋਂ ਕਾਫ਼ੀ ਹੱਦ ਤੱਕ ਬਚਿਆ ਹੋਇਆ ਸੀ। ਉਹਨਾਂ ਦੇ ਧਾਰਮਿਕ ਸਥਾਨਾਂ ਲਈ ਉਹਨਾਂ ਦਾ ਯੋਗਦਾਨ, ਅਕਸਰ ਸੋਨੇ ਦੇ ਰੂਪ ਵਿਚ, ਬਾਬਰ ਵਰਗੇ ਆਦਮੀਆਂ ਲਈ ਆਸਾਨ ਚੋਣ ਸੀ। ਜਦੋਂ ਮੁਸਲਮਾਨਾਂ ਨੇ ਲੁੱਟਣ ਦੀ ਬਜਾਏ ਰਹਿਣ ਦੀ ਚੋਣ ਕੀਤੀ ਤਾਂ ਹਿੰਦੂ ਪੂਜਾ ਦੇ ਘਰਾਂ ਵਿਚ ਰੱਖੀਆਂ ਮੂਰਤੀਆਂ ਨੂੰ ਤੋੜ ਦਿੱਤਾ ਸੀ। ਇਸ ਲਈ ਜਦੋਂ ਸੂਫੀਆਂ ਦੇ ਨੇਕ ਪੁਰਸ਼ ਬਹੁਤ ਸਾਰੇ ਹਿੰਦੂਆਂ ਦੀਆਂ ਨੀਵੀਆਂ ਜਾਤਾਂ ਤੋਂ (ਜਿਨ੍ਹਾਂ ਨੂੰ ਹਿੰਦੂ ਪੂਜਾ ਦੀਆਂ ਕਿਤਾਬਾਂ ਦਾ ਅਧਿਐਨ ਕਰਨ ਜਾਂ ਹਿੰਦੂ ਮੰਦਰਾਂ ਵਿਚ ਦਾਖਲ ਹੋਣ ਤੋਂ ਵੀ ਰੋਕਿਆ ਗਿਆ ਸੀ) ਤੋਂ, ਬਹੁਤ ਸਾਰੇ ਲੋਕਾਂ ਨੂੰ ਇਸਲਾਮ ਵਿਚ ਪਰਿਵਰਤਿਤ ਕਰ ਰਹੇ ਸਨ, ਜਦੋਂ ਕਿ ਸੁੰਨੀ ਅਕਸਰ ਦਹਿਸ਼ਤ ਦਾ ਸਹਾਰਾ ਲੈਂਦੇ ਸਨ। ਤਸ਼ੱਦਦ ਅਤੇ ਜਬਰਦਸਤੀ ਧਰਮ ਪਰਿਵਰਤਨ। ਸਿੱਖਾਂ ਦੇ ਧਰਮ ਅਸਥਾਨਾਂ ਵਿਚ ਕੋਈ ਮੂਰਤੀਆਂ ਨਾ ਹੋਣ ਅਤੇ ਇਕ ਰੱਬ ਵਿਚ ਵਿਸ਼ਵਾਸ ਰੱਖਣ ਵਾਲੇ ਸਿੱਖਾਂ ਨੂੰ ਬਹੁਤ ਹੱਦ ਤੱਕ ਨਜ਼ਰ-ਅੰਦਾਜ਼ ਕੀਤਾ ਜਾਂਦਾ ਸੀ। ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਦੁਆਰਾ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ ਉਸ ਦੇ ਦਰਬਾਰ ਵਿਚ ਈਰਖਾਲੂ ਹਿੰਦੂ ਸ਼ਾਹੂਕਾਰ ਅਤੇ ਮੰਤਰੀ ਵਰਗੇ ਈਰਖਾਲੂ ਲੋਕਾਂ ਤੋਂ ਬਾਅਦ ਹੀ ਚੰਦੂ ਸ਼ਾਹ ਨੇ ਗ੍ਰਿਫ਼ਤਾਰੀ ਲਈ ਜ਼ੋਰ ਪਾਇਆ। ਜਹਾਂਗੀਰ ਦੇ ਪਿਤਾ ਅਕਬਰ ਅਤੇ ਉਸ ਦੇ ਪਿਤਾ ਹਮਾਯੂੰ ਸਿੱਖ ਗੁਰੂਆਂ ਦੇ ਮਹਿਮਾਨ ਅਤੇ ਪ੍ਰਸ਼ੰਸਕ ਸਨ। ਅਕਬਰ ਬਾਦਸ਼ਾਹ ਨੇ ਗੁਰੂ ਅਰਜਨ ਦੇਵ ਜੀ ਦੇ ਵਿਆਹ ਸਮੇਂ ਅੰਮ੍ਰਿਤਸਰ ਤੇ ਇਸ ਦੇ ਆਸ-ਪਾਸ ਦੇ ਪਿੰਡਾਂ ਦੀ ਜਾਗੀਰ ਤੋਂ ਤੋਹਫ਼ੇ ਵਜੋਂ ਦਿੱਤੀ ਸੀ। ਦੁਬਾਰਾ ਇਹ ਈਰਖਾ ਅਤੇ ਉਹਨਾਂ ਦੀ ਬੰਦਿਆਂ ਦੀਆਂ ਸਾਜ਼ਿਸ਼ਾਂ ਸਨ, ਜਿਨ੍ਹਾਂ ਨੇ ਮੁਗਲਾਂ ਨੂੰ ਗੁਰੂ ਹਰਗੋਬਿੰਦ ਜੀ ਨਾਲ ਪਹਿਲੀਆਂ, ਰੱਖਿਆਤਮਕ ਲੜਾਈਆਂ ਵਿਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ।



ਪ੍ਰੋ: ਐਚ.ਐਲ.ਕਪੂਰ

**ਮੀਰੀ ਪੀਰੀ:** ਕਈ ਸਾਲਾਂ ਦੀ ਸ਼ਾਂਤੀ ਤੋਂ ਬਾਅਦ, ਜਿਵੇਂ ਕਿ ਹਿੰਦੂਆਂ ਦੇ ਵਿਰੁੱਧ ਮੁਸਲਮਾਨਾਂ ਦਾ ਜ਼ਬਰਦਸਤੀ ਧਰਮ ਪਰਿਵਰਤਨ ਅਤੇ ਬਲਾਤਕਾਰਾਂ ਦੇ ਨਾਲ ਹਮਲਾ ਜਾਰੀ ਰਿਹਾ। ਹਜ਼ਾਰਾਂ ਲੋਕਾਂ ਦੁਆਰਾ ਹਿੰਦੂ ਪੂਜਾ ਦੇ ਘਰਾਂ ਨੂੰ ਤਬਾਹ ਕਰ ਦਿੱਤਾ ਗਿਆ, ਤਬਾਹ ਹੋਏ ਮੰਦਰਾਂ ਦੇ ਹਿੱਸਿਆਂ ਵਿਚੋਂ, ਉਸੇ ਥਾਂ 'ਤੇ ਮਸਜਿਦਾਂ ਬਣਾਈਆਂ ਗਈਆਂ ਸਨ। ਇਸ ਅਭਿਆਸ ਦੀਆਂ ਸਭ ਤੋਂ ਵਧੀਆ ਸ਼ੁਰੂਆਤੀ ਉਦਾਹਰਣਾਂ ਵਿਚੋਂ ਇਕ ਹੈ ਦਿੱਲੀ ਦਾ ਕੁਤਬ ਮੀਨਾਰ। ਜਦੋਂ ਔਰੰਗਜ਼ੇਬ ਨੇ ਗੱਦੀ 'ਤੇ ਕਬਜ਼ਾ ਕਰ ਲਿਆ ਅਤੇ ਆਪਣੇ ਪਿਤਾ ਸ਼ਾਹਜਹਾਂ ਨੂੰ ਕੈਦ ਕਰ ਲਿਆ, ਰਾਜ ਦੀ ਨੀਤੀ ਹਿੰਦੂ ਧਰਮ ਦੀ ਪੂਰੀ ਤਰ੍ਹਾਂ ਤਬਾਹੀ ਬਣ ਗਈ। ਹਿੰਦੂ ਧਰਮ ਉੱਤੇ ਹੋਏ ਇਸ ਹਮਲੇ ਦੇ ਬਚਾਅ ਵਿਚ ਹੀ ਗੁਰੂ ਤੇਗ ਬਹਾਦਰ ਜੀ ਨੇ ਔਰੰਗਜ਼ੇਬ ਦੇ ਮਨਸੂਬਿਆਂ ਨੂੰ ਰੋਕਣ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ ਸੀ।

ਉਨ੍ਹਾਂ ਦੇ ਨੌਜਵਾਨ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਇਹ ਦੇਖ ਕੇ ਕਿ ਔਰੰਗਜ਼ੇਬ ਭਾਰਤ ਵਿਚ ਹਿੰਦੂ ਧਰਮ ਨੂੰ ਖਤਮ ਕਰਨ ਦਾ ਇਰਾਦਾ ਰੱਖਦਾ ਸੀ, ਉਹ ਜਾਣਦੇ ਸਨ ਕਿ ਸਿੱਖ ਫਿਰ ਅੱਗੇ ਹੋਣਗੇ। ਗੁਰੂ ਜੀ ਨੇ ਸਿੱਖਾਂ ਨੂੰ ਸਿਖਲਾਈ ਅਤੇ ਹਥਿਆਰਾਂ ਨੂੰ ਦੁੱਗਣਾ ਕਰਨਾ ਸ਼ੁਰੂ ਕਰ ਦਿੱਤਾ। ਉਹ ਇਕ ਕਵੀ, ਵਿਦਵਾਨ ਅਤੇ ਸੰਤ ਸਿਪਾਹੀ ਬਣ ਗਏ। ਸ਼ਿਵਾਲਿਕ ਪਰਬਤ ਦੀ ਤਲਹਟੀ ਵਿਚ, ਉਹਨਾਂ ਦੇ ਪਿਤਾ ਦੁਆਰਾ ਵਸਾਏ ਗਏ ਕਸਬੇ ਦੇ ਆਲੇ ਦੁਆਲੇ ਦੇ ਰਾਜਾਂ ਦੇ ਹਿੰਦੂ ਸ਼ਾਸਕਾਂ ਦੀ ਈਰਖਾ ਨੂੰ ਦੇਖਦਿਆਂ, ਉਸ ਨੇ ਜਲਦੀ ਹੀ ਇਕ ਦੋਸਤਾਨਾ ਹਿੰਦੂ ਰਾਜੇ ਦੇ ਉਤਰ ਵਿਚ ਆਪਣੇ ਰਾਜ ਦਾ ਦੌਰਾ ਕਰਨ ਦਾ ਸੱਦਾ ਸਵੀਕਾਰ ਕਰ ਲਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਕਰਕੇ ਇਕ ਨਵੇਂ ਜੁਝਾਰੂ 'ਖਾਲਸਾ ਪੰਥ' ਦੀ ਸਿਰਜਣਾ ਕੀਤੀ ਅਤੇ 'ਸ਼ਾਂਤੀਵਾਦੀਆਂ ਦੇ ਇਕ ਪੰਥ ਨੂੰ ਅੰਦੋਲਨ ਦੇ ਖਾੜਕੂ ਭਾਈਚਾਰੇ' ਵਿਚ ਬਦਲ ਕੇ ਸਿੱਖ ਸਮਾਜ 'ਚ ਇਕ ਕ੍ਰਾਂਤੀ ਲਿਆ ਦਿੱਤੀ। ਉਹ 1708 ਵਿਚ ਜੋਤੀ ਜੋਤਿ ਸਮਾ ਗਏ ਪਰ ਉਹਨਾਂ ਨੇ ਬੇਇਨਸਾਫ਼ੀ ਵਿਰੁੱਧ ਲੜਾਈ ਵਿਚ ਲੋਕਾਂ ਦੀ ਕਲਪਨਾ ਨੂੰ ਹਵਾ ਦਿੱਤੀ ਤੇ ਆਪਣੇ ਜੀਵਨ ਕਾਲ 'ਚ ਚੌਦਾਂ ਜੰਗਾਂ ਲੜੀਆਂ ਤੇ ਉਹਨਾਂ ਨੂੰ ਆਜ਼ਾਦੀ ਦੀ ਡੂੰਘੀ ਤਾਂਘ ਦਿੱਤੀ, 'ਚਿੜੀਆਂ ਨੂੰ ਬਾਜ ਨਾਲ ਲੜਨ ਦੀ ਸਿਖਲਾਈ ਦਿੱਤੀ ਅਤੇ ਉਹਨਾਂ ਨੂੰ ਯਕੀਨ ਦਿਵਾਇਆ ਕਿ 'ਰਾਜ ਕਰੇਗਾ ਖਾਲਸਾ'।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਕਈ ਵੱਡੀਆਂ ਲੜਾਈਆਂ ਜਿੱਤ ਕੇ ਸਿੱਖਾਂ ਨੂੰ ਪ੍ਰਭੂਸੱਤਾ ਦਾ ਸਵਾਦ ਚਖਾਇਆ। ਇਹ 1715 ਵਿਚ ਉਨ੍ਹਾਂ ਦੀ ਮੌਤ ਤੋਂ ਬਾਅਦ ਆਏ, ਉਹਨਾਂ ਲੋਕਾਂ ਲਈ ਛੱਡ ਦਿੱਤਾ ਗਿਆ ਸੀ- ਸਰਦਾਰ ਕਪੂਰ ਸਿੰਘ, ਸਰਦਾਰ ਬੁੱਧ ਸਿੰਘ ਸੁੱਕਰਚੱਕੀਆ, ਸਰਦਾਰ ਬਾਗ ਸਿੰਘ ਹੋਲੋਵਾਲੀ, ਭਾਈ ਮਨੀ ਸਿੰਘ ਜੀ ਅਤੇ ਹੋਰ ਜਿਨ੍ਹਾਂ ਨੇ ਮੁਗਲ ਹਕੂਮਤ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਜਦੋਂ ਕਿ ਸਿੱਖ ਪ੍ਰਾਪਤੀ ਦੇ ਅੰਤ 'ਤੇ ਸਨ, ਉਹ 18ਵੀਂ ਸਦੀ ਦੇ ਮੱਧ ਤੱਕ ਗਿਣੀ ਜਾਣ ਵਾਲੀ ਤਾਕਤ ਸਨ। ਨੌਜਵਾਨ, ਵਧੇਰੇ ਦਲੇਰ ਅਤੇ ਦਲੇਰ ਵਿਅਕਤੀ ਉਭਰ ਕੇ ਸਾਹਮਣੇ ਆਏ ਸਨ ਅਤੇ ਸਿੱਖ ਹੁਣ ਇਕ ਸਾਂਝੇ ਮਕਸਦ ਲਈ ਆਪਣੀ ਫੌਜ ਦੀ ਇਕ ਏਕੀਕ੍ਰਿਤ ਕੇਂਦਰੀ ਕਮਾਂਡ, ਦਲ ਖਾਲਸਾ, 11 ਮਿਸਲਾਂ ਜਾਂ ਡਿਵੀਜ਼ਨਾਂ ਵਿਚ ਵੰਡੇ ਹੋਏ ਸਨ ਅਤੇ ਅੱਗੇ ਬੁੱਢਾ ਅਤੇ ਤਰੁਣਾ ਦਲ ਵਿਚ, ਦੋਵੇਂ ਅਧੀਨ ਇਕਜੁਟ ਹੋ ਗਏ ਸਨ। ਹਰਮਨ ਪਿਆਰੇ ਚੁਣੇ ਗਏ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਸੁਪਰੀਮ ਲੀਡਰਸ਼ਿਪ ਵਿਚ ਉਹ ਸਾਲ ਵਿਚ ਦੋ ਵਾਰ ਵਿਸਾਖੀ ਅਤੇ ਦੀਵਾਲੀ ਦੇ ਮੌਕੇ ਅੰਮ੍ਰਿਤਸਰ ਵਿਚ ਮਿਲਦੇ ਸਨ, ਇਕ ਕਸਬਾ, ਇਕ ਕਸਬਾ ਜਿਸ ਦਾ ਹੁਣ ਭਾਵਨਾਤਮਕ ਮਹੱਤਵ ਸੀ।

ਗੁਰਮਤਾ ਜਾਂ ਪਾਸ ਕੀਤੇ ਮਤੇ ਸਾਰੇ ਮੁਖੀਆਂ ਲਈ ਪਾਬੰਦ ਸਨ। ਸੰਘਰਸ਼ ਵਿਚ ਅਹਿਮ ਰੋਲ ਅਦਾ ਕਰਨ ਵਾਲੇ ਉਦੇਸ਼ ਦੀ ਹਮਾਇਤ ਵਿਚ ਇਕ ਲੋਕ ਲਹਿਰ ਤੇਜ਼ੀ ਨਾਲ ਬਣ ਰਹੀ ਸੀ। ਇਹ ਮੁਗਲਾਂ ਅਤੇ ਅਫ਼ਗਾਨਾਂ ਉੱਤੇ ਖ਼ਾਲਸੇ ਦੀਆਂ ਜਿੱਤਾਂ ਦੁਆਰਾ ਪੈਦਾ ਕੀਤੇ ਗਏ ਉਤਸ਼ਾਹ ਨਾਲ ਕੁਝ ਸਬੰਧ ਰੱਖਦਾ ਸੀ। ਇਸ ਲਈ ਉਨ੍ਹਾਂ ਦੀਆਂ ਧਾਰਨਾਵਾਂ ਉਹਨਾਂ ਨੂੰ ਦਲੇਰ ਬਣਾਉਂਦੀਆਂ ਅਤੇ ਪ੍ਰਭੂਸੱਤਾ ਲਈ ਪੂਰੀ ਤਰ੍ਹਾਂ ਨਾਲ ਬਦਲ ਗਈਆਂ।

**ਛੋਟਾ ਘੱਲੂਘਾਰਾ:** ਪਹਿਲਾ ਘੱਲੂਘਾਰਾ ਲਾਹੌਰ ਸਥਿਤ ਅਫ਼ਗਾਨਿਸਤਾਨ ਦੀ ਸੂਬਾਈ ਸਰਕਾਰ ਦੀ ਮੁਹਿੰਮ ਦੌਰਾਨ ਇਕ ਨਾਟਕੀ ਅਤੇ ਖ਼ੂਨੀ ਕਤਲੇਆਮ ਸੀ, ਜਿਸ ਦਾ ਇਰਾਦਾ ਸਿੱਖਾਂ ਦਾ ਸਫਾਇਆ ਕਰਨਾ ਸੀ। 1746 ਵਿਚ ਵਾਪਰੇ 'ਛੋਟੇ ਘੱਲੂਘਾਰੇ' ਨੂੰ ਸਿੱਖ ਇਤਿਹਾਸ ਵਿਚ ਯਾਦ ਕੀਤਾ ਜਾਂਦਾ ਹੈ ਕਿ ਕਿਵੇਂ 5 ਫਰਵਰੀ 1762 ਨੂੰ ਦਲ ਖਾਲਸਾ ਅਤੇ ਅਹਿਮਦ ਸ਼ਾਹ ਦੁਰਾਨੀ ਵਿਚਕਾਰ ਇਕ ਦਿਨ ਦੀ ਲੜਾਈ ਵਿਚ ਭਾਰੀ ਜਾਨੀ-ਮਾਲੀ ਲੜਾਈ ਲੜੀ ਗਈ ਸੀ।

**ਵੱਡਾ ਘੱਲੂਘਾਰਾ:** ਘੱਲੂਘਾਰਾ ਜਿਸ ਨੂੰ 'ਵੱਡਾ ਘੱਲੂਘਾਰਾ'ਕਿਹਾ ਜਾਂਦਾ ਹੈ। ਇਹ 5 ਫਰਵਰੀ 1762 ਈਸਵੀ ਨੂੰ ਕੁਪਹਰੀੜਾ ਨਾਮਕ ਸਥਾਨ 'ਤੇ ਹੋਇਆ, ਜੋ ਕਿ ਭਾਰਤ ਦੇ ਪੰਜਾਬ ਰਾਜ ਵਿਚ ਮਲੇਰਕੋਟਲਾ ਤੋਂ ਲਗਭਗ 12 ਕਿਲੋਮੀਟਰ ਉਤਰ ਵਿਚ ਸਥਿਤ ਹੈ।

ਜੰਡਿਆਲਾ ਦੇ ਆਪਣੇ ਮੁਖਬਰ ਅਕਾਲ ਦਾਸ ਤੋਂ ਸੂਚਨਾ ਮਿਲਣ 'ਤੇ ਅਹਿਮਦ ਸ਼ਾਹ ਦੁਰਾਨੀ ਨੇ ਭਾਰਤ 'ਤੇ ਆਪਣੇ ਛੇਵੇਂ ਹਮਲੇ ਸਮੇਂ ਹਮਲੇ ਕਰਕੇ ਸਿੱਖੀ ਨੂੰ ਜੜ੍ਹੋਂ ਪੁੱਟਣ ਲਈ ਆਇਆ। ਅਹਿਮਦ ਸ਼ਾਹ ਦੁਰਾਨੀ 3 ਫਰਵਰੀ 1762 ਨੂੰ ਵੱਡੀ ਫੌਜ, ਭਾਰੀ ਹਥਿਆਰ ਅਤੇ ਤੋਪਖਾਨੇ ਨਾਲ ਲਾਹੌਰ ਪਹੁੰਚਿਆ। ਖ਼ਤਰੇ ਨੂੰ ਭਾਂਪਦਿਆਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਚੜ੍ਹਤ ਸਿੰਘ ਸੁੱਕਰਚੱਕੀਆ ਨੇ ਲਾਹੌਰ ਛੱਡ ਦਿੱਤਾ ਅਤੇ ਸਤਲੁਜ ਪਰ ਕਰਕੇ ਮਾਲਵੇ ਵੱਲ ਚਲੇ ਗਏ। ਉਸ ਸਮੇਂ ਸਿੰਘਾਂ ਦੀ ਗਿਣਤੀ 40,000 ਸੀ, ਜਿਸ ਵਿਚ 1000 ਬੀਬੀਆਂ, ਬੱਚੇ ਅਤੇ ਬਜ਼ੁਰਗ ਸ਼ਾਮਲ ਸਨ। ਸਿੰਘ ਸੁਰੱਖਿਆ ਲਈ ਆਪਣੀਆਂ ਔਰਤਾਂ ਨੂੰ ਬੀਕਾਨੇਰ ਲਿਜਾਣਾ ਚਾਹੁੰਦੇ ਸਨ। ਅਹਿਮਦ ਸ਼ਾਹ ਨੇ ਸਰਹੰਦ ਦੇ ਆਪਣੇ ਸੂਬੇਦਾਰ ਜ਼ੈਨ ਖਾਨ ਨੂੰ ਉਸ ਦੇ ਆਉਣ ਤੱਕ ਸਿੰਘਾਂ ਨੂੰ ਰੁੱਝੇ ਰੱਖਣ ਲਈ ਕਿਹਾ। ਉਹ ਅਗਲੇ ਦਿਨ ਉਨ੍ਹਾਂ ਨੂੰ ਪੂਰੀ ਤਰ੍ਹਾਂ ਮਾਰਨ ਦਾ ਇਰਾਦਾ ਰੱਖਦੇ ਸਨ। ਭੀਖਨ ਖਾਨ ਮਲੇਰਕੋਟਲਾ ਦੇ ਜ਼ੈਨ ਖਾਨ ਵੀ ਸ਼ਾਮਲ ਹੋ ਗਏ। ਅਹਿਮਦ ਸ਼ਾਹ ਜਿੱਤ ਤੋਂ ਬਾਅਦ ਵਾਪਸ ਪਰਤਿਆ।

ਜਦੋਂ ਅਹਿਮਦ ਸ਼ਾਹ 1761 ਵਿਚ ਪਾਣੀਪਤ ਦੀ ਤੀਜੀ ਲੜਾਈ ਵਿਚ ਮਰਾਠਿਆਂ ਉੱਤੇ ਆਪਣੀ ਇਤਿਹਾਸਕ ਜਿੱਤ ਤੋਂ ਬਾਅਦ ਘਰ ਪਰਤ ਰਿਹਾ ਸੀ, ਤਾਂ ਸਿੱਖਾਂ ਨੇ ਉਸ ਨੂੰ ਸਤਲੁਜ ਤੋਂ ਲੈ ਕੇ ਸਿੰਧ ਤੱਕ ਹਰ ਤਰ੍ਹਾਂ ਤੰਗ ਕੀਤਾ ਸੀ। ਕੇਂਦਰੀ ਪੰਜਾਬ ਵੱਲ ਪਰਤ ਕੇ, ਉਹਨਾਂ ਨੇ ਚਾਰੇ ਪਾਸੇ ਦੇਸ਼ ਨੂੰ ਤਬਾਹ ਕਰ ਦਿੱਤਾ, ਚਾਰ ਮਹਿਲ ਵਿਚ ਅਫ਼ਗਾਨ ਫੌਜ ਨੂੰ ਤਬਾਹ ਕਰ ਦਿੱਤਾ, ਜਲੰਧਰ ਦੇ ਫੌਜਦਾਰ ਨੂੰ ਭਜਾ ਦਿੱਤਾ, ਸਰਹਿੰਦ ਅਤੇ ਮਲੇਰਕੋਟੀਆਂ ਨੂੰ ਲੁੱਟ ਲਿਆ, ਇਕ ਫੌਜ ਨੂੰ ਹਰਾਇਆ, 12000 ਤਕੜੀ ਫੌਜ, ਅਫ਼ਗਾਨਿਸਤਾਨ ਤੋਂ ਅਹਿਮਦ ਸ਼ਾਹ ਦੁਆਰਾ ਉਹਨਾਂ ਨੂੰ ਸਜ਼ਾ ਦੇਣ ਲਈ ਭੇਜੀ ਗਈ ਅਤੇ ਇਕ ਹੋਰ ਦੀ ਅਗਵਾਈ ਨਿੱਜੀ ਤੌਰ 'ਤੇ ਲਾਹੌਰ ਦੇ ਅਫ਼ਗਾਨ ਗਵਰਨਰ



ਦੁਆਰਾ ਕੀਤੀ ਗਈ ਅਤੇ ਇੱਥੋਂ ਤੱਕ ਕਿ ਲਾਹੌਰ 'ਤੇ ਵੀ ਕਬਜ਼ਾ ਕਰ ਲਿਆ, ਇਹ ਸਭ ਕੁਝ ਥੋੜ੍ਹੇ ਸਮੇਂ ਵਿਚ, ਜੂਨ-ਸਤੰਬਰ 1761 ਵਿਚ ਹੋਇਆ।

27 ਅਕਤੂਬਰ 1761 ਨੂੰ ਦੀਵਾਲੀ ਮੌਕੇ ਅੰਮ੍ਰਿਤਸਰ ਵਿਖੇ ਦਲ ਦੇ ਸੱਦੇ ਗਏ ਜਨਰਲ ਇਜਲਾਸ (ਸਰਬੱਤ ਖਾਲਸਾ) ਵਿਚ ਅਫ਼ਗਾਨਾਂ ਦੇ ਏਜੰਟਾਂ, ਮੁਖ਼ਬਰਾਂ ਅਤੇ ਸਹਿਯੋਗੀਆਂ ਨੂੰ ਸਜਾਵਾਂ ਦੇਣ ਦਾ ਸੰਕਲਪ ਲਿਆ ਗਿਆ, ਜਿਸ ਦੀ ਸ਼ੁਰੂਆਤ ਜੰਡਿਆਲਾ ਦੇ ਅਕੀਲ ਦਾਸ ਤੋਂ ਕੀਤੀ ਗਈ ਸੀ, ਜਿਸ ਦੀ ਸ਼ੁਰੂਆਤ ਧਰਮ ਦੇ ਮੁਖੀ ਤੋਂ ਸੀ। ਨਿਰੰਜਨੀਆ ਸੰਪਰਦਾ ਅਤੇ ਸਿੱਖਾਂ ਦਾ ਕੱਟੜ ਦੁਸ਼ਮਣ, ਅਕੀਲ ਦਾਸ ਨੇ ਅਹਿਮਦ ਸ਼ਾਹ ਦੁਰਾਨੀ ਨੂੰ ਦੂਤ ਭੇਜੇ, ਜੋ ਅਸਲ ਵਿਚ ਪਹਿਲਾਂ ਹੀ ਇਕ ਵੱਡੀ ਫੌਜ ਦੀ ਅਗਵਾਈ ਵਿਚ ਭਾਰਤ ਵਿਚ ਦਾਖਲ ਹੋ ਚੁੱਕਾ ਸੀ।

ਇਸ ਦੌਰਾਨ ਸਿੱਖਾਂ ਨੇ ਅੰਮ੍ਰਿਤਸਰ ਤੋਂ 18 ਕਿਲੋਮੀਟਰ ਪੂਰਬ ਵੱਲ ਜੰਡਿਆਲਾ ਨੂੰ ਘੇਰਾ ਪਾ ਲਿਆ ਸੀ। ਅਕਿਲ ਦਾਸ ਦੇ ਦੂਤ ਰੋਹਤਾਸ ਵਿਖੇ ਸ਼ਾਹ ਨੂੰ ਮਿਲੇ। ਬਾਅਦ ਵਾਲੇ ਨੇ ਤੇਜ਼ ਰਫ਼ਤਾਰ ਨਾਲ ਅੱਗੇ ਵਧਿਆ ਪਰ ਜੰਡਿਆਲੇ ਪਹੁੰਚਣ ਤੋਂ ਪਹਿਲਾਂ, ਸਿੱਖਾਂ ਨੇ ਘੇਰਾਬੰਦੀ ਹਟਾ ਲਈ ਸੀ ਅਤੇ ਹਮਲਾਵਰ ਦਾ ਸਾਹਮਣਾ ਕਰਨ ਤੋਂ ਪਹਿਲਾਂ ਆਪਣੇ ਪਰਿਵਾਰਾਂ ਨੂੰ ਮਾਲਵੇ ਦੇ ਉਜਾੜ ਭੂਮੀ ਦੀ ਸੁਰੱਖਿਆ ਵਿਚ ਭੇਜਣ ਦੇ ਉਦੇਸ਼ ਨਾਲ ਸਤਲੁਜ ਤੋਂ ਪਾਰ ਚਲੇ ਗਏ ਸਨ।

ਸ਼ਾਹ ਨੇ ਸਿੱਖਾਂ ਨੂੰ ਸਜ਼ਾ ਦੇਣ ਦਾ ਪੱਕਾ ਇਰਾਦਾ ਕੀਤਾ: ਦੂਜੇ ਪਾਸੇ, ਅਹਿਮਦ ਸ਼ਾਹ ਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਦ੍ਰਿੜ੍ਹ ਇਰਾਦਾ ਰੱਖਦੇ ਹੋਏ, ਸਰਹਿੰਦ ਦੇ ਫੌਜਦਾਰ ਜ਼ੈਨ ਖਾਨ ਅਤੇ ਮਲੇਰਕੋਟੀਆ ਦੇ ਮੁਖੀ ਭੀਖਨ ਖਾਨ ਨੂੰ ਸੰਦੇਸ਼ ਭੇਜੇ, ਉਹਨਾਂ ਨੂੰ ਤੁਰੰਤ ਸਿੱਖਾਂ ਦੀ ਅਗਾਂਹਵਧੂ ਜਾਂਚ ਕਰਨ ਲਈ ਕਿਹਾ, ਜਦੋਂ ਕਿ ਉਸਨੇ ਖੁਦ ਚਾਨਣਾ ਪਾਇਆ। ਘੋੜ ਸਵਾਰ ਫੌਜ ਨੇ ਇਕ ਵਾਰ ਰਵਾਨਾ ਹੋ ਕੇ 5 ਫਰਵਰੀ 1762 ਦੀ ਸਵੇਰ ਨੂੰ, ਮਲੇਰਕੋਟੀਆਂ ਤੋਂ 12 ਕਿਲੋਮੀਟਰ ਉਤਰ ਵੱਲ, ਕੁੱਪ ਰਹੀੜਾਂ ਵਿਖੇ ਡੇਰੇ ਲਾਏ ਹੋਏ ਸਿੱਖਾਂ ਨਾਲ 48 ਘੰਟੇ ਤੋਂ ਵੀ ਘੱਟ ਸਮੇਂ ਵਿਚ ਦੋ ਨਦੀ ਪਾਰਾਂ ਸਮੇਤ 200 ਕਿਲੋਮੀਟਰ ਦੀ ਦੂਰੀ ਤਹਿ ਕੀਤੀ।

ਦਲ ਖਾਲਸਾ, ਜਿਸ ਵਿਚ ਸਾਰੀਆਂ ਗਿਆਰਾਂ ਮਿਸਲਾਂ ਅਤੇ ਮਾਲਵੇ ਦੇ ਸਿੱਖ ਸਰਦਾਰਾਂ ਦੇ ਨੁਮਾਇੰਦੇ ਸ਼ਾਮਲ ਸਨ, ਹੈਰਾਨ ਰਹਿ ਗਏ। ਜ਼ੈਨ ਖਾਨ ਅਤੇ ਭੀਖਨ ਖਾਨ ਦੇ ਹਮਲਿਆਂ ਨੂੰ ਆਸਾਨੀ ਨਾਲ ਨਕਾਰ ਦਿੱਤਾ ਗਿਆ ਸੀ, ਪਰ ਅਹਿਮਦ ਸ਼ਾਹ ਦੀ ਮੁੱਖ ਸੰਸਥਾ, ਜੋ ਕਿ ਬਹੁਤ ਵੱਡੀ ਅਤੇ ਵਧੀਆ ਢੰਗ ਨਾਲ ਲੈਸ ਸੀ, ਨੇ ਜਲਦੀ ਹੀ ਉਹਨਾਂ ਨੂੰ ਪਛਾੜ ਦਿੱਤਾ। ਔਰਤਾਂ, ਬੱਚਿਆਂ, ਬੁੱਢਿਆਂ ਅਤੇ ਹੋਰ ਗੈਰ ਜੁਝਾਰੂਆਂ ਸਮੇਤ ਹੌਲੀ ਚੱਲ ਰਹੀ ਵਹੀਰ ਜਾਂ ਸਮਾਨ ਦੀ ਰੇਲ ਗੱਡੀ ਦੀ ਰੱਖਿਆ ਕਰਨ ਲਈ, ਸਿੱਖ ਆਪਣੇ ਆਮ ਚਾਲ-ਚੱਲਣ ਦਾ ਸਹਾਰਾ ਨਹੀਂ ਲੈ ਸਕਦੇ ਸਨ ਅਤੇ ਅਜਿਹੇ ਉੱਚੇ ਨੰਬਰਾਂ ਦੇ ਵਿਰੁੱਧ ਇਕ ਸਥਿਰ ਲੜਾਈ ਅਯੋਗ ਸੀ।

ਹਮਲੇ ਵਾਲੇ ਦਿਨ 5 ਫਰਵਰੀ 1762 ਜ਼ੈਨ ਖਾਨ ਨੇ ਆਪਣੇ 20,000 ਜਵਾਨਾਂ ਅਤੇ ਤੋਪਖਾਨੇ ਨਾਲ ਹਮਲਾ ਕੀਤਾ। ਅਬਦਾਲੀ ਵੀ 30,000 ਘੋੜਸਵਾਰਾਂ ਨਾਲ ਹਮਲੇ ਵਿਚ ਸ਼ਾਮਲ ਹੋ ਗਿਆ। ਜੱਸਾ ਸਿੰਘ ਅਤੇ ਚੜ੍ਹਤ ਸਿੰਘ ਨੇ ਆਪਣੀਆਂ ਔਰਤਾਂ ਨੂੰ ਘੇਰਾ ਪਾਉਣ ਅਤੇ ਜੰਗੀ ਰਣਨੀਤੀ ਵਜੋਂ ਬਰਨਾਲਾ ਵੱਲ ਅੱਗੇ ਵਧਣ ਦਾ ਹੁਕਮ ਦਿੱਤਾ। ਸਿੰਘਾਂ ਦਾ ਇਕੋ ਇਕ ਉਦੇਸ਼ ਸੀ ਕਿ ਕਿਸੇ ਤਰ੍ਹਾਂ ਆਪਣੀਆਂ ਔਰਤਾਂ ਨੂੰ ਬਚਾਇਆ ਜਾਵੇ ਅਤੇ ਦੁਸ਼ਮਣ ਨਾਲ ਲੜ ਕੇ ਉਨ੍ਹਾਂ ਦਾ ਵੱਧ ਤੋਂ ਵੱਧ ਨੁਕਸਾਨ ਕੀਤਾ ਜਾਵੇ। ਇਸ ਕਾਰਵਾਈ ਵਿਚ ਸਿੰਘਾਂ ਨੂੰ ਭਾਰੀ ਜਾਨੀ ਨੁਕਸਾਨ ਹੋਇਆ।

**ਬਹੁਤ ਸਾਰੇ ਸਿੱਖ ਮਾਰੇ ਗਏ:** 25,000 ਤੋਂ 30,000 ਦੇ ਕਰੀਬ ਸਿੰਘ ਸ਼ਹੀਦ ਹੋ ਗਏ। ਸਰਦਾਰ ਜੱਸਾ ਸਿੰਘ ਨੂੰ 22 ਅਤੇ ਸਰਦਾਰ ਚੜ੍ਹਤ ਸਿੰਘ ਨੂੰ 19 ਜ਼ਖਮ ਹੋਏ ਸਨ। ਇਸ ਲੜਾਈ ਵਿਚ ਹਰ ਸਿੱਖ ਯੋਧਾ ਜ਼ਖਮੀ ਹੋਇਆ ਸੀ। ਨਾਭਾ ਦੇ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ ਕਿ ਦਮਦਮਾ ਸਾਹਿਬ ਵਾਲੇ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਜੰਗ ਵਿਚ ਬਚਾਈ ਨਹੀਂ ਜਾ ਸਕੀ ਸੀ। ਪਰ ਸਿੰਘਾਂ ਨੇ ਅਜਿਹੇ ਕਤਲੇਆਮ ਤੋਂ ਬਾਅਦ ਵੀ ਕਦੇ ਮਨੋਬਲ ਨਹੀਂ ਗੁਆਇਆ, ਜਿਸ ਵਿਚ ਉਹਨਾਂ ਵਿਚੋਂ 70 ਪ੍ਰਤੀਸ਼ਤ ਤੋਂ ਵੱਧ ਜਾਨਾਂ ਚਲੀਆਂ ਗਈਆਂ। ਉਹਨਾਂ ਨੇ ਬਹੁਤ ਜਲਦੀ ਆਪਣੇ ਆਪ ਨੂੰ ਪੁਨਰ-ਗਠਿਤ ਕੀਤਾ ਅਤੇ ਜੁਲਾਈ 1762 ਵਿਚ ਇਕ ਵਾਰ ਫਿਰ ਲਾਹੌਰ ਨੂੰ ਘੇਰਾ ਪਾਉਣ ਅਤੇ ਘੇਰਾਬੰਦੀ ਕਰਨ ਦੇ ਯੋਗ ਹੋ ਗਏ।

ਇਸ ਲਈ ਦਲ ਦੇ ਕਮਾਂਡਰ-ਇਨ-ਚੀਫ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸਰਦਾਰ ਚੜ੍ਹਤ ਸਿੰਘ ਸੁੱਕਰਚੱਕੀਆ ਦੇ ਸੁਝਾਅ ਨੂੰ ਠੁਕਰਾ ਕੇ ਦੁਸ਼ਮਣ ਦਾ ਸਾਹਮਣਾ ਕਰਨ ਲਈ ਚਾਰ ਮਿਸਲਾਂ ਦਾ ਇਕ ਠੋਸ ਵਰਗ ਬਣਾਉਣ ਲਈ ਦੋ-ਦੋ ਮਿਸਲਾਂ ਨਾਲ ਵਹੀਰ ਅਤੇ ਸੰਤੁਲਨ ਦੀ ਰਾਖੀ ਕੀਤੀ। ਰਿਜ਼ਰਵ ਵਿਚ ਇਹ ਫੈਸਲਾ ਕੀਤਾ ਕਿ ਸਾਰੀਆਂ ਮਿਸਲਾਂ ਨੂੰ ਜੋੜ ਕੇ ਇਕ-ਇਕ ਫੋਰਸ ਬਣਾਉਣ ਲਈ ਵਹੀਰ ਦੇ ਦੁਆਲੇ ਘੇਰਾਬੰਦੀ ਕਰਨੀ ਚਾਹੀਦੀ ਹੈ ਅਤੇ ਮਾਲਵੇ ਦੇ ਸਰਦਾਰਾਂ ਦੇ ਏਜੰਟਾਂ ਦੇ ਮਾਰਗ ਦਰਸ਼ਕ ਵਜੋਂ ਕੰਮ ਕਰਦੇ ਹੋਏ, ਦੱਖਣ-ਪੱਛਮ ਵੱਲ 40 ਕਿਲੋਮੀਟਰ ਦੂਰ ਬਰਨਾਲਾ ਵੱਲ ਵਧਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ।

ਇਸ ਤਰ੍ਹਾਂ ਇਸ ਲੜਾਈ ਵਿਚ ਹਿੱਸਾ ਲੈਣ ਵਾਲੇ ਆਪਣੇ ਪਿਤਾ ਅਤੇ ਇਕ ਚਾਚੇ ਦੇ ਅਧਿਕਾਰ 'ਤੇ ਰਤਨ ਸਿੰਘ ਭੰਗੂ, ਪ੍ਰਚਾਰਮ ਪੰਥ ਪ੍ਰਕਾਸ਼, ਰਤਨ ਸਿੰਘ ਭੰਗੂ, ਜਿਸ ਨੇ ਇਸ ਲੜਾਈ ਵਿਚ ਹਿੱਸਾ ਲਿਆ ਸੀ, ਕਹਿੰਦਾ ਹੈ, 'ਲੜਦੇ ਸਮੇਂ ਲੜਦੇ-ਲੜਦੇ, ਚਲਦੇ-ਫਿਰਦੇ, ਉਹਨਾਂ ਨੇ ਵਹੀਰ ਨੂੰ ਮਾਰਚ ਕਰਦੇ ਹੋਏ, ਇਸ ਨੂੰ ਕੁਕੜੀ ਦੇ ਢੱਕਣ ਵਾਂਗ ਢਕਿਆ ਰੱਖਿਆ। ਇਸ ਦੇ ਖੰਭਾਂ ਹੇਠ ਇਸ ਦੀਆਂ ਮੁਰਗੀਆਂ।'' ਕਈ ਮੌਕਿਆਂ 'ਤੇ, ਸ਼ਾਹ ਦੀਆਂ ਫੌਜਾਂ ਨੇ ਘੇਰਾ ਤੋੜਿਆ ਅਤੇ ਬੇਸਹਾਰਾ ਗੈਰ ਲੜਾਈ ਕਰਨ ਵਾਲਿਆਂ ਦਾ ਕਤਲੇਆਮ ਕੀਤਾ, ਪਰ ਹਰ ਵਾਰ ਸਿੱਖ ਯੋਧਿਆਂ ਨੇ ਸੁਧਾਰ ਕੀਤਾ ਅਤੇ ਹਮਲਾਵਰਾਂ ਨੂੰ ਪਿੱਛੇ ਧੱਕ ਦਿੱਤਾ।

**ਸਿੱਖਾਂ ਨੇ ਬਰਨਾਲੇ ਵੱਲ ਕੂਚ ਕੀਤਾ:** ਦੁਪਹਿਰ ਤੱਕ ਉਹ ਇਕ ਵੱਡੇ ਛੱਪੜ 'ਤੇ ਪਹੁੰਚ ਗਏ, ਜਿਸਨੂੰ ਉਹ ਸਵੇਰ ਤੋਂ ਪਹਿਲਾਂ ਹੀ ਪਾਰ ਕਰ ਚੁੱਕੇ ਸਨ। ਲੜਾਈ ਆਪਣੇ ਆਪ ਬੰਦ ਹੋ ਗਈ ਕਿਉਂਕਿ ਦੋ ਤਾਕਤਾਂ ਪੈਲਮੇਲ, ਆਦਮੀ ਅਤੇ ਜਾਨਵਰ ਆਪਣੀ ਪਿਆਸ ਬੁਝਾਉਣ ਅਤੇ ਆਪਣੇ ਥੱਕੇ ਹੋਏ ਅੰਗਾਂ ਨੂੰ ਆਰਾਮ ਦੇਣ ਲਈ ਪਾਣੀ 'ਤੇ ਡਿੱਗ ਪਈਆਂ। ਲੜਾਈ ਮੁੜ ਸ਼ੁਰੂ ਨਹੀਂ ਹੋਈ ਸੀ। ਸਿੱਖਾਂ ਨੇ ਬਰਨਾਲੇ ਵੱਲ ਕੂਚ ਕੀਤਾ ਅਤੇ ਅਹਿਮਦ ਸ਼ਾਹ ਨੇ ਸਮਝਦਾਰੀ ਸਮਝੀ ਕਿ ਉਹ ਥੋੜ੍ਹੇ ਜਿਹੇ ਜਾਣੇ-ਪਛਾਣੇ ਅਰਧ ਮਾਰੂਥਲ ਵਿਚ ਉਹਨਾਂ ਦਾ ਪਿੱਛਾ ਨਾ ਕਰਨ ਵਾਲੀ ਫੌਜ ਨਾਲ ਜਿਸ ਨੂੰ ਪਿਛਲੇ ਦੋ ਦਿਨਾਂ ਤੋਂ ਆਰਾਮ ਨਹੀਂ ਮਿਲਿਆ ਸੀ ਅਤੇ ਦਿਨ ਭਰ ਚੱਲੀ ਲੜਾਈ ਵਿਚ ਕਾਫ਼ੀ ਨੁਕਸਾਨ ਹੋਇਆ ਸੀ।

ਸਿੱਖਾਂ ਦੇ ਜਾਨੀ ਨੁਕਸਾਨ ਦਾ ਅੰਦਾਜ਼ਾ 20,000 ਤੋਂ 50,000 ਤੱਕ ਹੈ। ਵਧੇਰੇ ਭਰੋਸੇਮੰਦ ਅੰਕੜੇ ਇਕ ਸਮਕਾਲੀ ਮੁਸਲਿਮ ਇਤਿਹਾਸਕਾਰ ਮਿਸਕੀਨ ਦੇ ਹਨ, ਜਿਨ੍ਹਾਂ ਨੇ 25,000 ਦਾ ਅੰਦਾਜ਼ਾ ਲਗਾਇਆ ਹੈ ਅਤੇ ਰਤਨ ਸਿੰਘ ਭੰਗੂ, ਜੋ 30,000 ਦੱਸਦਾ ਹੈ।ਇਹ ਸਿੱਖਾਂ ਲਈ ਬਹੁਤ ਵੱਡਾ ਝਟਕਾ ਹੋ ਸਕਦਾ ਸੀ, ਪਰ ਉਹਨਾਂ ਦੇ ਮਨੋਬਲ ਦੀ ਅਜਿਹੀ ਹਾਲਤ ਸੀ ਕਿ ਉਸ ਦਿਨ ਸ਼ਾਮ ਨੂੰ ਸਿੱਖ ਇਕੱਠੇ ਹੋਏ, ਪ੍ਰਚਮ ਪੰਥ ਪ੍ਰਕਾਸ਼ ਦਾ ਹਵਾਲਾ ਦੇਣ ਲਈ, ਇਕ ਨਿਹੰਗ ਨੇ ਖੜ੍ਹੇ ਹੋ ਕੇ ਉੱਚੀ ਆਵਾਜ਼ ਵਿਚ ਐਲਾਨ ਕੀਤਾ, ''ਨਸਲੀ ਨਸ਼ਟ ਹੋ ਗਿਆ ਹੈ, ਸੱਚਾ ਖਾਲਸਾ ਕਾਇਮ ਰਹੇਗਾ।''

ਸਿੱਖਾਂ ਨੇ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਸਰਹਿੰਦ ਦੇ ਜ਼ੈਨ ਖਾਂ 'ਤੇ ਹਮਲਾ ਕਰਨ ਲਈ ਦੁਬਾਰਾ ਚੜ੍ਹਾਈ ਕੀਤੀ, ਜਿਸ ਨੇ ਮਈ ਵਿਚ ਉਹਨਾਂ ਨੂੰ 50,000 ਰੁਪਏ ਦੇ ਕੇ ਸ਼ਾਂਤੀ ਖਰੀਦੀ ਸੀ, ਅਤੇ ਉਹ ਜੁਲਾਈ-ਅਗਸਤ 1762 ਦੌਰਾਨ ਲਾਹੌਰ ਦੇ ਇਲਾਕੇ ਨੂੰ ਤਬਾਹ ਕਰ ਰਹੇ ਸਨ, ਅਹਿਮਦ ਸ਼ਾਹ, ਜੋ ਅਜੇ ਵੀ ਪੰਜਾਬ ਵਿਚ ਸੀ, ਦੇਖ ਰਿਹਾ ਸੀ। ਉਨ੍ਹਾਂ ਦੇ ਹੱਥੋਂ ਜਲੰਧਰ ਦੁਆਬ ਦੀ ਤਬਾਹੀ ਬੇਵੱਸ ਹੋ ਗਈ।

**ਮੁਕਤੀ:** 1768 ਤੱਕ ਪੰਜਾਬ ਪੂਰੀ ਤਰ੍ਹਾਂ ਆਜ਼ਾਦ ਹੋ ਜਾਣਾ ਸੀ। ਅਹਿਮਦ ਸ਼ਾਹ ਦਸੰਬਰ, 1762 ਵਿਚ ਚਲਾ ਗਿਆ। 1763 ਦੇ ਸ਼ੁਰੂ ਵਿਚ ਹਰੀ ਸਿੰਘ ਭੰਗੀ ਨੇ ਪੰਜਾਬ ਵਿਚ ਸਭ ਤੋਂ ਵੱਡੀ ਅਫ਼ਗਾਨ ਜੇਬ ਕਸੂਰ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਜਲੰਧਰ ਦੁਆਬ ਨੂੰ ਜੱਸਾ ਸਿੰਘ ਆਹਲੂਵਾਲੀਆ ਨੇ ਵਾਪਸ ਲੈ ਲਿਆ।ਚੜ੍ਹਤ ਸਿੰਘ ਸੁੱਕਰਚੱਕੀਆ ਅਤੇ ਹਰੀ ਸਿੰਘ ਭੰਗੀ ਨੇ ਨਵੰਬਰ 1763ਵਿਚ ਸਿਆਲਕੋਟ ਵਿਖੇ ਜਹਾਨ ਖਾਨ ਨੂੰ ਹਰਾਇਆ ਅਤੇ ਜੱਸਾ ਸਿੰਘ ਆਹਲੂਵਾਲੀਆ ਨੇ ਮਲੇਰਕੋਟਲਾ ਦੇ ਨਵਾਬ ਭੀਕਨ ਖਾਨ ਨੂੰ ਹਰਾ ਕੇ ਮਾਰ ਦਿੱਤਾ। 1764 ਵਿਚ ਸਰਹਿੰਦ ਉੱਤੇ ਮੁੜ ਕਬਜ਼ਾ ਕਰ ਲਿਆ ਗਿਆ ਅਤੇ ਇਲਾਕੇ ਆਪਸ ਵਿਚ ਵੰਡ ਲਏ ਗਏ।

ਕੁਝ ਹਫਤਿਆਂ ਬਾਅਦ ਉਹ ਲਾਹੌਰ ਪਹੁੰਚੇ ਅਤੇ

**(ਬਾਕੀ ਅਗਲੇ ਸਫੇ 'ਤੇ)**

# ਸੁਖੀ ਪਰਿਵਾਰ ਲਈ ਬੱਚਿਆਂ ਦੀਆਂ ਭਾਵਨਾਵਾਂ ਸਮਝਣਾ ਜਰੂਰੀ



ਮੇਜਰ ਸਿੰਘ ਨਾਭਾ
91-94635-53962

ਸੁਖੀ ਪਰਿਵਾਰ ਦਾ ਹੋਣਾ ਅੱਜ ਦੇ ਮਾਪਿਆਂ ਲਈ ਚੁਣੌਤੀ ਭਰਿਆ ਵਿਸ਼ਾ ਹੈ । ਅੱਜ ਪਰਿਵਾਰਿਕ ਰਿਸ਼ਤੇ ਅਧੂਰੇ ਨਜ਼ਰ ਆਉਂਦੇ ਦਿਖਾਈ ਦਿੰਦੇ ਹਨ । ਭੈਣ, ਭਰਾ, ਮਾਸੀ, ਚਾਚੇ ਦੀ ਹੋਂਦ ਅੱਜ ਦੇ ਪਰਿਵਾਰਾਂ ਵਿੱਚ ਘੱਟਦੀ ਜਾ ਰਹੀ ਹੈ ।ਇਸ ਦਾ ਪ੍ਰਭਾਵ ਬੱਚਿਆਂ 'ਤੇ ਕਿਸੇ ਨਾ ਕਿਸੇ ਰੂਪ 'ਚ ਜਰੂਰ ਪੈਂਦਾ ਹੈ । ਸਾਡੇ ਸਮਾਜ ਵਿੱਚ ਸੱਸ ਨੂੰ ਆਮ ਤੌਰ ਤੇ ਸਤਿਕਾਰਿਤ ਰੁਤਬੇ ਨਾਲ ਨਹੀਂ ਦੇਖਿਆ ਜਾਂਦਾ।ਲੋਕ ਗੀਤਾਂ 'ਚ ਸੱਸਾਂ ਬਾਰੇ ਬਹੁਤ ਕੁਮੈਂਟ ਮਿਲਦੇ ਹਨ। ਪਹਿਲਾਂ ਕੁੜੀਆਂ ਤੀਆਂ 'ਚ ਆਪਣੀਆਂ ਸੱਸਾਂ ਦੇ ਜ਼ਿਆਦਤੀ ਵਾਲੇ ਰਵੱਈਏ ਤੋਂ ਤੰਗ ਹੋਈਆਂ ਬੋਲੀਆਂ ਪਾ ਕੇ ਆਪਣੀ ਭੜਾਸ ਕੱਢ ਲੈਂਦੀਆਂ ਸਨ।ਪਰ ਹੁਣ ਤਾਂ ਇਹੋ ਜਿਹੇ ਤਿਉਹਾਰ ਸਮੇਂ ਦੀ ਤੇਜ਼ ਰਫਤਾਰ ਨੇ ਆਲੋਪ ਕਰ ਦਿੱਤੇ ਹਨ। ਇਸ ਕਰਕੇ ਲੜਕੀਆਂ ਦੇ ਜਜ਼ਬਾਤ ਕਈ ਵਾਰੀ ਦੱਬੇ ਰਹਿ ਜਾਣ ਕਾਰਨ ਗਲਤ ਕਦਮ ਚੁੱਕਣ ਲਈ ਮਜਬੂਰ ਕਰ ਦਿੰਦੇ ਹਨ। ਰਿਸਤਾ ਹੋਣ ਸਮੇਂ ਸੱਸਾਂ ਆਮ ਹੀ ਕਹਿੰਦੀਆਂ ਸੁਣੀਆਂ ਜਾ ਸਕਦੀਆਂ ਹਨ, 'ਤੁਹਾਡੀ ਕੁੜੀ ਨੂੰ ਧੀ ਬਣਾ ਕੇ ਰੱਖੂੰ' ਜੋ ਕਿ ਵਧੀਆ ਗੱਲ ਹੈ।ਵੈਸੈ ਆਪਣੀਆਂ ਨੂੰਹਾਂ ਨੂੰ ਧੀਆਂ ਬਨਾਉਣਾ ਹਰ ਇੱਕ ਔਰਤ ਦੇ ਵਸ ਦੀ ਗੱਲ ਨਹੀਂ। ਕਹਿਣਾ ਸੌਖਾ ਹੁੰਦਾ ਹੈ ਪਰ ਨਿਭਾਉਣਾ ਔਖਾ ਹੁੰਦਾ ਹੈ।ਘਰ ਆਉਣ ਤੇ ਨੂੰਹ ਵਿੱਚ ਕਈ ਸੱਸਾਂ ਨੂੰ ਨੁਕਸ ਤਾਂ ਦਿੱਖਣ ਲੱਗ ਜਾਂਦੇ ਹਨ ਪਰ ਉਸ ਦੇ ਗੁਣ ਨਹੀਂ ਦਿੱਸਦੇ , ਇਥੇ ਸੱਸਾਂ ਨੂੰ ਬੜੀ ਸਾਵਧਾਨੀ ਨਾਲ ਆਪਣੀ ਧੀ ਦੇ ਗੁਣਾਂ ਅਵਗੁਣਾਂ ਨੂੰ ਜਰੂਰ ਵਿਚਾਰ ਲੈਣਾ ਚਾਹੀਦਾ ਹੈ ਅਤੇ ਕੋਈ ਗੱਲ ਕਾਹਲ 'ਚ ਨਹੀਂ ਕਰਨੀ ਚਾਹੀਦੀ। ਆਪਣੀ ਧੀ ਨੂੰ ਮਾਂ ਹਰੇਕ ਚੀਜ਼ ਬਾਪ ਤੋਂ ਚੋਰੀ ਵੀ ਲੈ ਕੇ ਦਿੰਦੀ ਹੈ ਪਰ ਨੂੰਹ ਨੂੰ ਲੋੜੀਂਦੀਆਂ ਚੀਜ਼ਾਂ ਉਸ ਦੇ ਪੇਕਿਆਂ ਤੋਂ ਮਜਬੂਰਨ ਲਿਆਉਣ ਲਈ ਸੱਸ ਕਿਸੇ ਨਾ ਕਿਸੇ ਤਰ੍ਹਾਂ ਹੱਥ ਕੰਡੇ ਵਰਤਦੀ ਰਹਿੰਦੀ ਹੈ। ਸਾਡੇ ਸਮਾਜ ਅੰਦਰਲੀ ਔਰਤ ਦੀ ਮਾਨਸਿਕਤਾ ਐਨੀ ਗਿਰ ਚੁੱਕੀ ਹੈ ਕਿ ਉਹ ਆਪਣੀ ਧੀ ਨਾਲ ਸਹੁਰਿਆਂ ਵਲੋਂ ਕੀਤੇ ਜਾਂਦੇ ਵਿਤਕਰੇ ਤੋਂ ਦੁੱਖੀ ਤਾਂ ਰਹਿੰਦੀ ਹੈ ਪਰ ਆਪਣੀ ਸੋਚ ਨੂੰ ਬਦਲਣ ਦੀ ਬਜਾਇ ਆਪ ਵੀ ਕਿਸੇ ਦੀ ਧੀ ਨਾਲ ਉਹੀ ਵਿਤਕਰਾ ਕਰਕੇ ਇੱਕ ਹੋਰ ਮਾਂ ਨੂੰ ਠੇਸ ਪਹੁੰਚਾਉਂਦੀ ਹੈ।ਵਿਆਹ ਤੋਂ ਬਾਅਦ ਅਕਸਰ ਮੱਧ-ਵਰਗੀ ਪਰਿਵਾਰ ਹਰੇਕ ਗੱਲ 'ਚ ਪੈਸੇ ਵਲੋਂ ਤੰਗੀ ਦੀ ਗੱ.ਲ ਕਰਨ ਲੱਗ ਜਾਂਦੇ ਹਨ।ਪਹਿਲਾਂ ਤਾਂ ਵਿਆਹ ਤੇ ਫਜੂ.ਲ ਖਰਚਾ ਕਰ ਲੈਂਦੇ ਹਨ ਫਿਰ ਜਦੋਂ ਵਿਆਹੁਤਾ ਬੱਚੇ ਆਪਣੀ ਜਿੰਦਗੀ ਨੂੰ ਸੁੱਖ ਸਹੂਲਤਾਂ ਲਈ ਖਰਚਾ ਮੰਗਦੇ ਹਨ ਤਾਂ ਅਕਸਰ ਘਰਾਂ 'ਚ ਕਲੇਸ਼ ਪੈਂਦਾ ਹੈ। ਸੱਸ ਬਣੀ ਔਰਤ ਨੂੰ ਆਪਣੇ ਪਿਛੋਕੜ ਤੇ ਗੰਭੀਰਤਾ ਨਾਲ ਝਾਤ ਮਾਰ ਲੈਣੀ ਚਾਹੀਦੀ ਹੈ। ਇਹ ਸੱਸ ਦਾ ਰੂਪ ਬਣੀ ਮਾਂ ਨੂੰ ਆਪਣੇ ਪੁੱਤ ਦੀ ਖੁਸ਼ੀ ਲਈ ਨਜ਼ਰੀਆ ਬਦਲਣ ਦੀ ਲੋੜ ਹੁੰਦੀ ਹੈ ।ਪੁੱਤ ਉੱਪਰ ਪਹਿਲਾਂ ਵਾਲਾ ਅਧਿਕਾਰ ਜਰੂਰ ਰੱਖੇ ਪਰ ਆਪਣੇ ਪਤੀ ਦੇਵ ਨਾਲ ਜਿਵੇਂ ਵਧੀਆ ਸਬੰਧ ਰੱਖਣ ਦੀ ਖਾਹਿਸ਼ ਆਪ ਰੱਖਦੀ ਹੈ ਇਸੇ ਤਰ੍ਹਾਂ ਨੂੰਹ ਦੇ ਸਬੰਧ ਵੀ ਆਪਣੇ ਬੇਟੇ ਨਾਲ ਰੱਖਣ ਦੇਣ ਦਾ ਮਾਦਾ ਰੱਖੇ। ਵਿਆਹ ਸਮੇਂ ਕਈ ਵਾਰ ਕਹਿਣ ਨੂੰ ਤਾਂ ਲੜਕੇ ਵਾਲੇ ਕਹਿਣਗੇ ਕਿ ਸਾਡੀ ਕੋਈ ਮੰਗ ਨਹੀਂ । ਪਰ ਬਾਅਦ 'ਚ ਜਦੋਂ ਲੜਕੀ ਵਾਲੇ ਰਿਸ਼ਤੇਦਾਰਾਂ ਲਈ ਪੁੱਛਦੇ ਹਨ ਤਾਂ ਕਈ ਤਾਂ ਹੌਲੀ ਹੌਲੀ ਵਿਆਹ ਤੱਕ ਹੀ ਕੋਈ ਨਾ ਕੋਈ ਖਾਹਿਸ਼ ਨੂੰ ਉਜਾਗਰ ਕਰਦੇ ਰਹਿੰਦੇ ਹਨ। ਚਲੋ ਸਮਾਜ ਦੀ ਸੋਚ ਬਦਲਣ ਨੂੰ ਆਪਣੇ ਆਪ ਨੂੰ ਸਮਝਾਉਣਾ ਪਵੇਗਾ ਕਿਉਂ ਕਿ ਆਪਾਂ ਹੀ ਸਮਾਜ ਦਾ ਅੰਗ ਹਾਂ। ਵੈਸੇ ਹਰੇਕ ਸਿਆਣਾ ਮਾਪਾ ਆਪਣੀ ਧੀ ਲਈ ਵਿਆਹ ਤੋਂ ਬਾਅਦ ਆਪਣੀ ਹੈਸ਼ੀਅਤ ਮੁਤਾਬਕ ਉਸਦਾ ਬਣਦਾ ਹਿੱਸਾ ਕਿਸੇ ਨਾ ਕਿਸੇ ਰੂਪ 'ਚ ਆਪਣੀ ਧੀ ਨੂੰ ਦਿੰਦਾ ਰਹਿੰਦਾ ਹੈ। ਉਂਝ ਵੀ ਹਰੇਕ ਧੀ ਦਾ ਆਪਣੇ ਮਾਂ-ਬਾਪ ਦੀ ਜਾਇਦਾਦ 'ਚ ਸੰਵਿਧਾਨਿਕ ਤੌਰ ਤੇ ਵੀ ਬਰਾਬਰ ਦਾ ਹਿੱਸਾ ਹੁੰਦਾ ਹੈ ਜੋ ਕਿ ਬਹੁਤੀਆਂ ਉਸ ਨੂੰ ਲੈਣ ਨੂੰ ਤਿਆਰ ਨਹੀਂ ਹੁੰਦੀਆਂ ਸਗੋਂ ਨਿੱਘੇ ਰਿਸ਼ਤੇ ਨੂੰ ਮਾਣਨ ਲਈ ਹੀ ਆਸਵੰਦ ਹੁੰਦੀਆਂ ਹਨ।

ਕਈ ਸ਼ੋਸ਼ਲ ਮੀਡੀਏ ਤੇ ਮਾਵਾਂ ਨੂੰ ਨਸੀਹਤਾਂ ਦਿੰਦੇ ਹਨ ਕਿ ਉਹ ਆਪਣੀਆਂ ਧੀਆਂ ਦੇ ਘਰ ਵਸਾਉਣ ਲਈ ਸਹੁਰਿਆਂ ਦੇ ਘਰਾਂ 'ਚ ਫੋਨ ਤੇ ਦਖਲਅੰਦਾਜ਼ੀ ਨਾ ਕਰਨ , ਬੇਟੀ ਨੂੰ ਗਲਤ ਗਾਈਡ ਨਾ ਕਰਨ।ਕਾਫੀ ਹੱਦ ਤੱਕ ਗੱਲ ਠੀਕ ਹੈ।ਕਈ ਮਾਵਾਂ ਜਿਆਦਾ ਸਮਝਾਉਣ ਦੀ ਬਜਾਇ ਭੜਕਾਉਣ ਦਾ ਕੰਮ ਕਰਦੀਆਂ ਹਨ। ਪਰ ਸਮਝਦਾਰ ਮਾਂ ਕਦੇ ਨਹੀਂ ਚਾਹੁੰਦੀ ਕਿ ਉਸ ਦੀ ਧੀ ਦਾ ਘਰ ਖਰਾਬ ਹੋਵੇ। ਸ਼ੁਰੂ ਸ਼ੁਰੂ 'ਚ ਧੀ ਲਈ ਨਵੇਂ ਪਰਿਵਾਰ ਨੂੰ ਸਮਝਣ ਲਈ ਸਮਾਂ ਲੱਗਦਾ ਹੈ। ਇਸ ਸਮੇਂ ਧੀ ਤੋਂ ਨੂੰਹ ਬਣੀ ਲੜਕੀ ਲਈ ਸੱਸ ਸਹੁਰੇ ਤੋਂ ਮਾਂ-ਬਾਪ ਵਾਲੇ ਪਿਆਰ ਵਾਂਗ ਜੇਕਰ ਪਿਆਰ ਮਿਲਦਾ ਹੈ ਤਾਂ ਉਹ ਛੇਤੀ ਪਰਿਵਾਰ ਵਿੱਚ ਘੁੱਲਮਿਲ ਜਾਵੇਗੀ ਨਹੀਂ ਤਾਂ ਸਮਾਂ ਲੱਗੇਗਾ।ਕਈ ਲੜਕੀਆਂ ਬਿਊਟੀ ਪਾਰਲਰ 'ਚ ਜਾਣ ਕਰਕੇ ਵਾਧੂ ਖਰਚੇ ਖੜ੍ਹੇ ਕਰਦੀਆਂ ਹਨ, ਉਥੇ ਲੜਕੀਆਂ ਨੂੰ ਸਹੁਰੇ ਪਰਿਵਾਰ ਦੀ ਸਥਿਤੀ ਨੂੰ ਸਮਝਣਾ ਚਾਹੀਦਾ ਹੈ ਅਤੇ ਇਹੋ ਜਿਹੇ ਫਜ਼ੂਲ ਖਰਚਿਆਂ ਤੋਂ ਜੇਕਰ ਹੋ ਸਕੇ ਤਾਂ ਬਚਣਾ ਚਾਹੀਦਾ ਹੈ।ਜੇਕਰ ਘਰ ਵਿੱਚ ਦੋ ਨੂੰਹਾਂ ਨੇ ਤਾਂ ਦੋਹਾਂ ਨਾਲ ਬਰਾਬਰ ਵਰਤਾਉ ਕਰਨਾ ਸੱਸ ਦੀ ਸਮਝਦਾਰੀ ਹੈ , ਹੋ ਸਕਦਾ ਦੋਹਾਂ ਦੇ ਸੁਭਾਅ 'ਚ, ਕੰਮਾਂ 'ਚ, ਰਹਿਣ-ਸਹਿਣ ਦੇ ਤੌਰ ਤਰੀਕੇ ਆਦਿ 'ਚ ਫਰਕ ਹੋਵੇ ਤਾਂ ਉਥੇ ਦੋਹਾਂ ਲਈ ਸੱਸ ਵਲੋਂ ਸੰਤਲੁਨ ਬਣਾ ਕੇ ਰੱਖਣਾ ਵੀ ਜਰੂਰੀ ਹੈ ਤਾਂ ਕਿ ਆਪਸੀ ਪਿਆਰ ਬਣਿਆ ਰਹੇ।



ਕਈ ਸੱਸਾਂ ਖਾਣ-ਪੀਣ ਵਾਲੀਆਂ ਚੀਜ਼ਾਂ ਆਪਣੇ ਕੰਟਰੋਲ 'ਚ ਜਾਂ ਕਈ ਤਾਂ ਜਿੰਦਰਾ ਹੀ ਮਾਰ ਕੇ ਰੱਖਦੀਆਂ ਹਨ। ਇਹੋ ਜਿਹੀਆਂ ਹਰਕਤਾਂ ਨੂੰ ਅੱਜਕਲ੍ਹ ਦੇ ਬੱਚੇ ਪਸ਼ੰਦ ਨਹੀਂ ਕਰਦੇ, ਇਸ ਨਾਲ ਆਪਸੀ ਨਫਰਤ ਪੈਦਾ ਹੋਣੀ ਸੰਭਵ ਹੈ। ਸੱਸ ਦਾ ਆਪਣੀ ਜ਼ਿੰਦਗੀ ਦਾ ਤਜਰਬਾ ਹੁੰਦਾ ਹੈ ਇਸ ਲਈ ਨੂੰਹ ਦੀਆਂ ਰਮਜ਼ਾਂ ਨੂੰ ਸਮਝ ਕੇ ਕੁਝ ਤਾਂ ਨੂੰਹਾਂ ਨੂੰ ਢਾਲ ਲੈਣਾ ਚਾਹੀਦਾ , ਕੁਝ ਆਪ ਢਲ ਜਾਣਾ ਚਾਹੀਦਾ ਹੈ।

ਕਈ ਸੱਸ-ਸਹੁਰੇ ਇਹੋ ਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਆਪਣੀ ਨੂੰਹ ਦੇ ਹਰੇਕ ਕੰਮ 'ਚ ਨੁਕਸ ਕੱਢਣ ਦੀ ਆਦਤ ਹੁੰਦੀ ਹੈ ਪਰ ਆਪ ਆਪਣੇ ਕੰਮਾਂ ਨੂੰ ਨਹੀਂ ਵਾਚਦੇ।ਤੀਸਰੀ ਅੱਖ ਜਰੂਰ ਉਨ੍ਹਾਂ ਦੇ ਕੰਮਾਂ ਨੂੰ ਦੇਖਦੀ ਹੁੰਦੀ ਹੈ।ਸੋ ਅੱਜ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਭਾਵਨਾਵਾਂ ਨੂੰ ਸਮਝਣ ਦੀ ਲੋੜ ਹੈ ਨਾ ਕਿ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਦਬਾਉਣਾ ਚਾਹੀਦਾ ਹੈ। ਇਸ ਤਰ੍ਹਾਂ ਆਪਣੇ ਬੱਚਿਆਂ ਦੀਆਂ ਖੁਸ਼ੀਆਂ ਨੂੰ ਕਾਇਮ ਰੱਖਿਆ ਜਾ ਸਕਦਾ ਹੈ।ਮੇਰੇ ਇੱਕ ਦੋਸਤ ਦੀ ਬੇਟੀ ਇੱਕਲੋਤੇ ਬੇਟੇ ਨੂੰ ਉਨ੍ਹਾਂ ਵਿਆਹ ਦਿੱਤੀ ਕਿ ਚਲੋ ਮੌਜ ਕਰੂਗੀ। ਪਰ ਥੋੜੇ ਚਿਰ ਬਾਅਦ ਛੋਟੀ ਛੋਟੀ ਗੱਲ 'ਤੇ ਸੱਸ ਨੂੰਹ 'ਚ ਨੋਕ ਝੋਕ ਹੋਣੀ ਸ਼ੁਰੂ ਹੋ ਗਈ ।ਘਰ ਪੋਤਾ ਵੀ ਹੋ ਗਿਆ ਪਰ ਕਲੇਸ ਵਧਦਾ ਗਿਆ। ਇੱਕਲੋਤਾ ਪੁੱਤ ਦੋਵੇਂ ਪਾਸੇ ਮੋਹ ਮਮਤਾ ਵਿੱਚ ਫਸ ਗਿਆ। ਇੱਕ ਦਿਨ ਰਾਤ ਨੂੰ ਦੋਸਤ ਦੀ ਬੇਟੀ ਦਾ ਫੋਨ ਆ ਗਿਆ ਤਾਂ ਭਾਵੁਕ ਹੋਈ ਬੇਟੀ ਦੀਆਂ ਗੱਲਾਂ ਸੁਣ ਕੇ ਦੋਸਤ ਨੂੰ ਕੁੜਮਾਂ ਦੇ ਘਰ ਬੰਦੇ ਲਿਜਾਣ ਤੱਕ ਨੋਬਤ ਹੋਣ ਤੇ ਰਿਸ਼ਤੇ 'ਚ ਕੁੜੱਤਣ ਵੱਧਣਾ ਯਕੀਨੀ ਸੀ ।ਆਪਸੀ ਬੋਲ ਕਬੋਲਾਂ ਕਾਰਨ ਕੁੜਮਾਂ 'ਚ ਰਿਸਤਾ ਖਤਮ ਹੀ ਹੋ ਗਿਆ। ਹੁਣ ਬੇਟੀ ਉੱਪਰਲੀ ਮੰਜ਼ਿਲ 'ਤੇ ਭਾਵੇਂ ਵੱਖਰੀ ਰਹਿੰਦੀ ਹੈ , ਪਰ ਬਿਮਾਰੀ ਆਦਿ ਸਮੇਂ ਫਿਰ ਵੀ ਬੇਟੀ ਨੂੰ ਸੰਭਾਲ ਕਰਨੀ ਪੈਂਦੀ ਹੈ। ਪਰ ਸੱਸ-ਸਹੁਰਾ ਅਜੇ ਵੀ ਠੀਕ ਹੋਣ ਤੇ ਭੋਰਾ ਸਮਝਦੇ ਨਹੀਂ , ਫਿਰ ਪਹਿਲੀਆਂ ਹਰਕਤਾਂ 'ਤੇ ਆ ਜਾਂਦੇ ਹਨ।ਇਹੋ ਜਿਹੇ ਮਾਪੇ ਨੂੰਹਾਂ ਲਈ ਘੱਟ ਪਰ ਆਪਣੇ ਬੇਟੇ ਦੀ ਜ਼ਿੰਦਗੀ ਲਈ ਜ਼ਿਆਦਾ ਮੁਸੀਬਤਾਂ ਖੜ੍ਹੀਆਂ ਕਰਦੇ ਨੇ।

ਮੇਰੇ ਇੱਕ ਜਾਣਕਾਰ ਦੀ ਬੇਟੀ ਸਰਕਾਰੀ ਸਕੂਲ 'ਚ ਅਧਿਆਪਕਾ ਲੱਗੀ ਹੋਈ ਹੈ। ਉਸ ਦਾ ਵਿਆਹ ਹੋਣ ਤੇ ਸਹੁਰੇ ਘਰ ਨੇੜੇ ਬਦਲੀ ਕਰਵਾ ਲਈ ।ਉਹ ਸਹੁਰੇ ਦੂਰ ਹੋਣ ਕਾਰਣ ਅਜੇ ਆਪਣੇ ਪੇਕੇ ਘਰ ਹੀ ਰਹਿ ਜਾਂਦੀ ਹਫਤੇ ਬਾਅਦ ਸਹੁਰੇ ਚਲੀ ਜਾਂਦੀ । ਸਕੂਲੋਂ ਰੀਲੀਵ ਹੋ ਕੇ ਜਾਣਾ ਸੀ ਤਾਂ ਆਪਣੇ ਪਤੀ ਨੂੰ ਸਵੇਰੇ ਆ ਕੇ ਅਗਲੇ ਸਕੂਲ 'ਚ ਹਾਜ਼ਰ ਹੋਣ ਲਈ ਲਿਜਾਣ ਬਾਰੇ ਕਹਿ ਦਿੱਤਾ। ਉਨ੍ਹਾਂ ਦੀ ਹਾਂ ਹੋ ਗਈ, ਪਰ ਜਦੋਂ ਪਤੀ ਦੇਵ ਨੇ ਆਪਣੀ ਮਾਂ ਨੂੰ ਸਵੇਰੇ ਜਾਣ ਬਾਰੇ ਦੱਸਿਆ ਤਾਂ ਕੰਜੂਸ ਮਾਂ ਨੇ ਪੁੱਤ ਤੋਂ ਕਹਾ ਦਿੱਤਾ, 'ਤੇਰੇ ਡੈਡੀ ਹੋਰੀਂ ਹੀ ਨਾਲ ਆ ਜਾਣ..'। ਇਹ ਸ਼ਬਦ ਸੁਣਦਿਆਂ ਹੀ ਲੜਕੀ ਨੇ ਫੋਨ ਕੱਟ ਦਿੱਤਾ। ਇਥੇ ਉਸ ਲੜਕੀ ਦੇ ਮਨ ਤੇ ਕੀ ਬੀਤੀ, ਇਹ ਆਪ ਹੀ ਸੋਚ ਲਓ।ਇਥੋਂ ਹੀ ਮਨਾਂ 'ਚ ਖਟਾਸ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਲਈ ਜ਼ਿੰਮੇਵਾਰੀ ਤੁਸੀਂ ਤਹਿ ਕਰਨੀ ਹੈ।

ਇੱਕ ਹੋਰ ਜਾਣਕਾਰ ਨੇ ਛੋਟੀ ਉਮਰੇ ਆਪਣੇ ਬੇਟੇ ਨੂੰ ਸਰਕਾਰੀ ਨੋਕਰੀ ਮਿਲਣ ਕਾਰਨ ਜਲਦੀ ਨਾਲ ਕਈ ਸਾਲ ਵੱਡੀ ਉਮਰ ਦੀ ਸਰਕਾਰੀ ਮੁਲਾਜ਼ਮ ਲੜਕੀ ਨਾਲ ਲੋਕਲ ਵਿਆਹ ਕਰ ਦਿੱਤਾ। ਲੜਕੇ ਦੇ ਪਿਤਾ ਨੇ ਨਾਲ ਦਾ ਪਲਾਟ ਖਰੀਦਣ ਲਈ ਬੈਂਕ ਲੋਨ ਲੈਕੇ ਪੈਸੇ ਮੋੜਨ ਲਈ ਮਨਾ ਲਿਆ ਤਾਂ ਕਿ ਉਨ੍ਹਾਂ ਦੀ ਪ੍ਰਾਪਰਟੀ ਬਣ ਜਾਵੇਗੀ ਅਤੇ ਭਵਿੱਖ 'ਚ ਵੱਖਰਾ ਮਕਾਨ ਵੀ ਆਸਾਨੀ ਨਾਲ ਬਣਾ ਲੈਣਗੇ। ਦੋ ਮੁਲਾਜ਼ਮਾਂ ਲਈ ਇਹ ਕੋਈ ਔਖਾ ਕੰਮ ਨਹੀਂ ਸੀ ।ਲੜਕੇ ਨੇ ਪਤਨੀ ਨਾਲ ਗੱਲ ਕੀਤੀ ਤਾਂ ਡਿਊਟੀ ਤੋਂ ਵਾਪਸੀ ਸਮੇਂ ਆਪਣੇ ਮਾਂ-ਬਾਪ ਦੇ ਘਰੇ ਚਲੀ ਗਈ, ਮਾਂ-ਬਾਪ ਨੇ ਗਲਤ ਸੋਚ ਕਿ ਤੁਸੀਂ ਤਾਂ ਕਰਜ਼ਾਈ ਬਣ ਜਾਉਗੇ ਅਤੇ ਬੇਟੀ ਨੂੰ ਹੋਰ ਉਕਸ਼ਾ ਦਿੱਤਾ ਅਤੇ ਉਹ ਰੋਸ ਵਜੋਂ ਘਰ ਹੀ ਨਾ ਆਈ ।ਕਈ ਦਿਨ ਕਲੇਸ਼ ਰਹਿਣ ਕਰਕੇ ਆਖਿਰ ਫੈਸਲਾ ਬਦਲਣ ਨਾਲ ਮਸਲਾ ਹੱਲ ਹੋਇਆ। ਇਥੇ ਲੜਕੀ ਦੀ ਗਲਤ ਫਹਿਮੀ ਕਾਰਨ ਅਚਾਨਕ ਘਰ ਦਾ ਮਾਹੌਲ ਖਰਾਬ ਹੋ ਗਿਆ ਸੀ । ਬਾਅਦ 'ਚ ਫਿਰ ਆਪਣੇ ਆਪ ਦੋਵਾਂ ਨੇ ਭਾਵੇਂ ਨਵਾਂ ਮਕਾਨ ਵੀ ਖਰੀਦ ਲਿਆ। ਧੀਆਂ ਨੂੰ ਵੀ ਸਹੁਰੇ ਘਰ ਜਾ ਕੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਐਵੇਂ ਹੀ ਜਲਦਬਾਜ਼ੀ 'ਚ ਦਰਕਿਨਾਰ ਨਹੀਂ ਕਰ ਦੇਣਾ ਚਾਹੀਦਾ। ਇਸ ਲਈ ਲੜਕੀਆਂ, ਮਾਵਾਂ ਅਤੇ ਸੱਸਾਂ ਨੂੰ ਪਹਿਲੇ ਪਹਿਲੇ ਹਰ ਕਦਮ ਸੋਚ ਸਮਝ ਕੇ ਚੁੱਕਣਾ ਚਾਹੀਦਾ ਹੈ ਕਿ ਰਿਸਤਿਆਂ 'ਚ ਤਰੇੜਾਂ ਨਹੀਂ ਸਗੋਂ ਪਿਆਰ ਵਾਲੀ ਮਿਠਾਸ ਪੈਦਾ ਹੋਵੇ ਜਿਸ ਨਾਲ ਘਰ ਦਾ ਮਾਹੌਲ ਸੁਖਾਵਾਂ ਬਣਿਆ ਰਹੇ। ਕੋਈ ਵੀ ਮਾਂ-ਬਾਪ ਆਪਣੇ ਬੱਚਿਆਂ ਦੀ ਵਿਆਹੁਤਾ ਜ਼ਿੰਦਗੀ 'ਚ ਤ੍ਰੇੜਾਂ ਪਾਉਣਾ ਨਹੀਂ ਚਾਹੁੰਦਾ ਹੁੰਦਾ ਪਰ ਕਈ ਵਾਰੀ ਨਿੱਕੀ ਜਿਹੀ ਗੱਲ ਤੋਂ ਇਹ ਵੱਧ ਕੇ ਕਲੇਸ਼ ਦਾ ਰੂਪ ਧਾਰਨ ਕਰ ਲੈਂਦਾ ਹੈ ਜਿਸ ਨੂੰ ਦੋਵੇਂ ਪਾਸੇ ਦੇ ਮਾਪਿਆਂ ਨੂੰ ਬੜੀ ਸਮਝਦਾਰੀ ਤੋਂ ਪਹਿਲਾਂ ਹੀ ਕੰਮ ਲੈਣਾ ਚਾਹੀਦਾ ਹੈ। ਹਊਮੇ ਦੋਹਾਂ ਪਰਿਵਾਰਾਂ ਲਈ ਬੜੀ ਅਹਿਮ ਹੈ , ਇਸ ਦੇ ਤਿਆਗ ਦੀ ਭਾਵਨਾ ਚੰਗੇ ਭਵਿੱਖ ਦੀ ਅੱਜਕਲ੍ਹ ਤਾਂ ਬਹੁਤੇ ਪਰਿਵਾਰ ਵੀ ਇੱਕ ਜਾਂ ਦੋ ਬੱਚਿਆਂ ਵਾਲੇ ਹੀ ਹਨ।

ਕਈ ਪਰਿਵਾਰਾਂ 'ਚ ਧੀਆਂ ਹੀ ਨਹੀਂ ਹਨ, ਉਨ੍ਹਾਂ ਨੂੰ ਧੀਆਂ ਦੀਆਂ ਭਾਵਨਾਵਾਂ ਦੀ ਸਮਝ ਜਰੂਰ ਹੋਣੀ ਚਾਹੀਦੀ ਹੈ। ਇਸ ਲਈ ਮਾਂ-ਬਾਪ ਨੂੰ ਵਿਆਹ ਤੋਂ ਪਹਿਲਾਂ ਹੀ ਆਉਣ ਵਾਲੀਆਂ ਚੁਣੌਤੀਆਂ ਲਈ ਜਾਣੂ ਹੋਣਾ ਚਾਹੀਦਾ ਤਾਂ ਕਿ ਆਪਣੇ ਬੱਚਿਆਂ ਦੀ ਜ਼ਿੰਦਗੀ ਨੂੰ ਖੁਸ਼ਗਵਾਰ ਬਣਾ ਸਕੀਏ।

# ਪੰਜਾਬ ਦੀ ਬਣ ਰਹੀ ਨਵੀਂ ਤਸਵੀਰ ਅਤੇ ਨੌਜਵਾਨ

**(ਸਫਾ 21 ਦੀ ਬਾਕੀ)**

- ਕੀ ਪ੍ਰਸ਼ਾਸਨ ਨੂੰ ਫਾਇਦਾ ਹੈ ਕਿ ਇਹ ਜੋਸ਼ੀਲੇ ਨੌਜਵਾਨ ਉਨ੍ਹਾਂ ਦੀ ਨੀਂਦ ਹਰਾਮ ਨਹੀਂ ਕਰਨਗੇ ਤੇ ਨਸ਼ਿਆਂ ਵਿਚ ਝੂਮਦੇ ਰਹਿਣਗੇ ਤੇ ਆਪਣੀ ਹੀ ਦੁਨੀਆ ਵਿਚ ਰੁੱਝੇ ਰਹਿਣਗੇ?
- ਕੀ ਸਿਆਸਤਦਾਨਾਂ ਨੂੰ ਫਾਇਦਾ ਹੈ ਜੋ ਸੱਤਾ ਚਾਹੁੰਦੇ ਹਨ ਜਿਸ ਲਈ ਨੌਜਵਾਨਾਂ ਦਾ ਬਾਹੂਬਲ ਵੀ ਚਾਹੀਦਾ ਹੈ ਤੇ ਨਸ਼ੇ ਦੀ ਸਮਗਲਿੰਗ ਰਾਹੀਂ ਕਾਲਾ ਪੈਸਾ ਵੀ।

ਇਨ੍ਹਾਂ ਤੱਥਾਂ ਦੇ ਮੱਥੇਨਜ਼ਰ ਆਪਾਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਪਰਿਵਾਰ, ਸਮਾਜ ਅਤੇ ਸੱਤਾ ਵਿਚ ਕਿਸ ਦਾ ਕਿਰਦਾਰ ਅਜਿਹਾ ਹੈ ਜੋ ਦੇਸ਼ ਦਾ ਵਿਕਾਸ ਚਾਹੁੰਦਾ ਹੈ ਤੇ ਲੋਕਾਂ ਦੀ ਤਰੱਕੀ ਦੇਖਣ ਦਾ ਚਾਹਵਾਨ ਹੈ। ਨਿਸ਼ਚੇ ਹੀ ਇਹ ਸੱਤਾ ਹੈ ਤੇ ਉਸ ਦਾ ਸਹਿਯੋਗੀ ਪ੍ਰਸ਼ਾਸਨ। ਉਹ ਕਿਉਂ ਚਾਹੁਣਗੇ ਕਿ ਹਾਲਾਤ ਵਿਚ ਸੁਧਾਰ ਹੋਵੇ ਜਾਂ ਤਬਦੀਲੀ ਆਵੇ। ਨਸ਼ਿਆਂ ਦੀ ਬੇਤਹਾਸ਼ਾ ਵਰਤੋਂ ਅਤੇ ਪਰਵਾਸ ਦਾ ਨਤੀਜਾ ਬੁੱਢਿਆਂ ਦਾ ਇਕੱਲੇ ਰਹਿ ਜਾਣਾ ਹੈ। ਨਾਲ ਘੱਟ ਰਹੀ ਪ੍ਰਜਨਣ ਦਰ ਦੀ ਜੋ ਗੱਲ ਹੋ ਰਹੀ ਹੈ, ਜੇ ਇਸ ਦੇ ਕਾਰਨਾਂ ਦੀ ਗੱਲ ਕਰੀਏ ਤਾਂ ਨਸ਼ਿਆਂ ਰਾਹੀਂ ਵਧ ਰਹੀ ਨਿਪੁਸੰਕਤਾ, ਪਰਵਾਸ ਅਤੇ ਵਿਆਹ ਦੀ ਉਮਰ ਵਿਚ ਵਾਧਾ ਵੀ ਕਾਰਨ ਹਨ।

ਨੌਜਵਾਨਾਂ ਦੇ ਸਮੇਂ ਨੂੰ ਹੋਸ਼ ਬਨਾਮ ਜੋਸ਼ ਦੇ ਰੂਪ ਵਿਚ ਵੀ ਪੇਸ਼ ਕੀਤਾ ਜਾਂਦਾ ਹੈ। ਇਹ ਕਿਹਾ ਜਾਂਦਾ ਹੈ ਕਿ ਇਹ ਉਮਰ ਜੋਸ਼ ਦੀ ਹੈ, ਹੋਸ਼ ਦੀ ਨਹੀਂ। ਇਹ ਗੱਲ ਦਰੁਸਤ ਨਹੀਂ ਸਗੋਂ ਭਟਕਾਉਣ ਵਾਲੀ ਹੈ। ਇਕ ਤੱਥ ਇਹ ਵੀ ਹੈ ਕਿ ਦੁਨੀਆ ਵਿਚ ਜਿੰਨੀਆਂ ਵੀ ਨਵੀਆਂ ਖੋਜਾਂ ਹੋਈਆਂ ਹਨ ਜਾਂ ਨਵੇਂ ਰਾਹਾਂ ਦੀ ਤਲਾਸ਼ ਹੋਈ ਹੈ, ਉਹ ਚਾਹੇ ਵਿਗਿਆਨ ਸੀ ਜਾਂ ਸਮਾਜ ਤੇ ਰਾਜਨੀਤੀ, ਉਹ ਰਾਹ ਇਸ ਜਵਾਨੀ ਨੇ ਹੀ ਖੋਜੇ ਹਨ। ਸਾਡੇ ਕੋਲ ਹਰ ਖੇਤਰ ਵਿਚ ਅਨੇਕਾਂ ਉਦਾਹਰਨਾਂ ਹਨ ਪਰ ਅਸੀਂ ਦੇਖ ਸਕਦੇ ਹਾਂ ਕਿ ਇਸ ਉਮਰ ਦੇ ਜੋਸ਼ੀਲੇ ਪੱਖ ਨੂੰ ਸਿਆਸਤ ਆਪਣੇ ਵਿਦਿਆਰਥੀ ਵਿੰਗ ਬਣਾ ਕੇ ਇਸਤੇਮਾਲ ਕਰਦੀ ਹੈ। ਇਨ੍ਹਾਂ ਦੀ ਸੋਚ ਨੂੰ ਸਹੀ ਰਾਹ ਨਾ ਦਿਖਾ ਕੇ ਇਨ੍ਹਾਂ ਨੂੰ ਭੀੜ ਦੇ ਰੂਪ ਵਿਚ ਵੱਧ ਵਰਤਿਆ ਜਾਂਦਾ ਹੈ।

ਇਸ ਵਿਗੜੇ ਹੋਏ ਮਾਹੌਲ ਨੇ ਜਿਥੇ ਹੋਰ ਨੁਕਸਾਨ ਕੀਤੇ ਹਨ, ਉਥੇ ਪੰਜਾਬ ਨੂੰ ਪਰਵਾਸ ਦਾ ਰਾਹ ਵੀ ਦਿਖਾਇਆ ਹੈ। ਹਰ ਸਾਲ ਕੁਝ ਨੌਜਵਾਨ ਨਸ਼ਿਆਂ ਦੀ ਭੇਂਟ ਚੜ੍ਹ ਰਹੇ ਹਨ ਤੇ ਕੁਝ ਪਰਵਾਸ ਕਰ ਰਹੇ ਹਨ; ਨਤੀਜੇ ਵਜੋਂ ਪੰਜਾਬ ਵਿਚ ਨੌਜਵਾਨਾਂ ਦੀ ਤਾਦਾਦ ਘਟ ਰਹੀ ਹੈ। ਇਸ ਦਾ ਅਸਿੱਧਾ ਪੈਮਾਨਾ ਇਹ ਵੀ ਹੈ ਕਿ ਪੰਜਾਬ ਦੀ ਪ੍ਰਜਨਣ ਅਤੇ ਆਬਾਦੀ ਵਾਧੇ ਦੀ ਦਰ ਕਾਫ਼ੀ ਘਟ ਰਹੀ ਹੈ। ਇਹ ਫ਼ਿਕਰ ਵਾਲਾ ਪੱਖ ਹੈ।

ਪਿਆਰ ਨਾਲ ਗ਼ੁਲਾਮੀ ਕਰਨ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਨੂੰ ਪਿੱਛਲੱਗੂ ਸਮਝ ਲਿਆ ਜਾਵੇ; ਇਸ ਦਾ ਇਹ ਮਤਲਬ ਨਹੀਂ ਕਿ ਵਰਗਲਾਏ ਜਾਣ ਜਾਂ ਕੁਰਾਹੇ ਪਾਏ ਜਾਣ। ਜੇ ਇਹ ਸੱਚ ਭਾਰੂ ਹੈ ਕਿ ਇਨ੍ਹਾਂ ਦਾ ਜੋਸ਼ ਵਰਤਿਆ ਜਾਵੇ ਤਾਂ ਅਸੀਂ ਵਧੀਆ ਭੱਵਿਖ ਨਹੀਂ ਉਸਾਰ ਰਹੇ। ਜਿਥੇ ਹਰ ਤੀਜਾ ਸ਼ਖਸ ਨਸ਼ੇ ਵਿਚ ਲੱਗਿਆ ਹੋਵੇ, ਪ੍ਰਜਨਣ ਦਰ 1.5 ਹੋ ਗਈ ਹੋਵੇ ਅਤੇ ਤਕਰੀਬਨ ਡੇਢ ਲੱਖ ਨੌਜਵਾਨ ਪੜ੍ਹਾਈ ਦੇ ਨਾਂ 'ਤੇ ਪੰਜਾਬ ਛੱਡ ਕੇ ਜਾ ਰਹੇ ਹੋਣ, ਉਸ ਸੂਬੇ ਦਾ ਵਿਕਾਸ ਕਿਸੇ ਦੇ ਹੱਥਾਂ ਵਿਚ ਹੈ, ਇਹ ਸਮਝ ਸਕਦੇ ਹਾਂ।

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਵੱਡਾ ਘੱਲੂਘਾਰਾ

**(ਸਫਾ 22 ਦੀ ਬਾਕੀ)**

ਗਵਰਨਰ ਕਾਬਲੀ ਮੱਲ ਨੂੰ ਸ਼ਰਤਾਂ ਸੁਣਾਈਆਂ। ਅਹਿਮਦ ਸ਼ਾਹ ਨੇ 30,000 ਦੀ ਫੌਜ ਲੈ ਕੇ ਵਾਪਸ ਜਾਣਾ ਸੀ। ਉਹ ਸਰਹਿੰਦ ਵੱਲ ਗਿਆ ਅਤੇ ਵਾਪਸ ਆਉਂਦੇ ਸਮੇਂ ਸਾਰੇ ਮਿਸਲ ਮੁਖੀਆਂ- ਜੱਸਾ ਸਿੰਘ ਆਹਲੂਵਾਲੀਆ, ਚੜ੍ਹਤ ਸਿੰਘ ਸੁੱਕਰਚੱਕੀਆ, ਭੰਗੀਆਂ, ਜੱਸਾ ਸਿੰਘ ਰਾਮਗੜ੍ਹੀਆ ਅਤੇ ਜੈ ਸਿੰਘ ਕਨ੍ਹਈਆ- ਅਹਿਮਦ ਸ਼ਾਹ ਨੇ ਉਸ 'ਤੇ ਹਮਲਾ ਕੀਤਾ ਗਿਆ ਅਤੇ ਮਹਿਸੂਸ ਕੀਤਾ ਗਿਆ ਕਿ ਉਸ ਦਾ ਅਧਿਕਾਰ ਉਸ ਦੇ ਡੇਰੇ ਵੱਲ ਨਹੀਂ ਸੀ।

ਅਪ੍ਰੈਲ, 1765 ਵਿਚ ਭੰਗੀ ਸਰਦਾਰਾਂ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ਲਹਿਣਾ ਸਿੰਘ ਦੇ ਸੁਹਿਰਦ ਪ੍ਰਸ਼ਾਸਨ ਨੇ ਸਿੱਖਾਂ ਪ੍ਰਤੀ ਲੋਕਾਂ ਦੇ ਦਿਲਾਂ ਨੂੰ ਬਦਲ ਦਿੱਤਾ। ਅਹਿਮਦਸ਼ਾਹ 1766 ਈ: ਵਿਚ 8ਵੀਂ ਵਾਰ ਪੰਜਾਬ ਆਇਆ, ਇਕ ਵਾਰ ਫਿਰ ਸਿੱਖ ਖ਼ਤਰੇ ਨੂੰ ਦੂਰ ਕਰਨ ਲਈ, ਲਾਹੌਰ ਵਿਚ ਉਸ ਨੇ ਸਿੱਖਾਂ ਲਈ ਆਬਾਦੀ ਨੂੰ ਚੰਗੀ ਤਰ੍ਹਾਂ ਸਮਝਿਆ, ਲਹਿਣਾ ਸਿੰਘ ਨੂੰ ਗਵਰਨਰਸ਼ਿਪ ਦੀ ਪੇਸ਼ਕਸ਼ ਕੀਤੀ ਗਈ ਤਾਂ ਹੀ ਨਿਮਰਤਾ ਨਾਲ ਇਨਕਾਰ ਕਰ ਦਿੱਤਾ ਗਿਆ। ਅਹਿਮਦ ਸ਼ਾਹ ਨਿਰਾਸ਼ ਅਤੇ ਉਲਝਣ ਵਿਚ ਸੀ।

ਸਿੱਖ ਉਸ ਨਾਲ ਲੜਨਗੇ ਨਹੀਂ ਅਤੇ ਉਹ ਉਸ ਦੀ ਦੋਸਤੀ ਨੂੰ ਰੱਦ ਕਰਨਗੇ। ਜਨਵਰੀ 1767 ਵਿਚ ਜਹਾਨ ਖਾਨ ਨੇ ਬੜੀ ਬਹਾਦਰੀ ਨਾਲ ਅੰਮ੍ਰਿਤਸਰ ਉੱਤੇ ਹਮਲਾ ਕੀਤਾ ਅਤੇ ਉਸ ਨੂੰ ਬਹੁਤ ਕੁੱਟਿਆ ਗਿਆ। ਇਸ ਹਮਲੇ ਦੌਰਾਨ ਅਹਿਮਦ ਸ਼ਾਹ ਨੇ ਦਿੱਲੀ ਪਹੁੰਚਣ ਦੀ ਕੋਸ਼ਿਸ਼ ਕੀਤੀ ਪਰ ਸਿੱਖਾਂ ਨੇ ਉਸ ਨੂੰ ਨਾ ਜਾਣ ਦਿੱਤਾ। ਉਹ ਉਸ ਦੇ ਉਪਰ ਘੁੰਮਦੇ ਰਹੇ ਅਤੇ ਉਸਨੂੰ ਤੰਗ ਕਰ ਦਿੱਤਾ। ਆਖਿਰ ਉਸ ਨੇ ਹਾਰ ਮੰਨ ਲਈ ਅਤੇ ਵਾਪਸ ਚਲਾ ਗਿਆ।

ਹਿੰਦੋਸਤਾਨ ਵਿਚ ਹੁਣ ਇਕਲੌਤੀ ਸ਼ਕਤੀ ਬਚੀ ਹੈ ਜੋ ਅਹਿਮਦ ਸ਼ਾਹ ਦਾ ਸਹਿਯੋਗੀ ਸੀ, ਨਜੀਬ-ਉਦ-ਦੌਲਾ, ਰੋਹਿਲਾ ਮੁਖੀ, ਜਿਸ ਦੇ ਇਲਾਕਿਆਂ ਵਿਚ ਸਿੱਖਾਂ ਨੇ ਤਬਾਹੀ ਸ਼ੁਰੂ ਕਰ ਦਿੱਤੀ ਸੀ। ਉਸਨੇ ਸ਼ੁਰੂਆਤੀ ਜਿੱਤਾਂ ਪ੍ਰਾਪਤ ਕੀਤੀਆਂ ਸਨ ਪਰ 1768 ਵਿਚ ਹਾਰ ਗਿਆ ਸੀ। ਇਹ ਅਫ਼ਗਾਨ ਸ਼ਾਸਨ ਦਾ ਆਖਰੀ ਗੜ੍ਹ ਸੀ।

ਪੰਜਾਬ ਹੁਣ 800 ਸਾਲਾਂ ਬਾਅਦ ਆਜ਼ਾਦ ਹੋਇਆ, ਅਹਿਮਦ ਸ਼ਾਹ ਨੇ ਦੁਬਾਰਾ ਆਉਣਾ ਸੀ- 1769 ਵਿਚ। ਇਹ ਉਸ ਦੀ ਨੌਵੀਂ ਅਤੇ ਆਖਰੀ ਕੋਸ਼ਿਸ਼ ਸੀ ਪਰ ਇਸ ਵਾਰ ਉਹ ਜੇਹਲਮ ਪਾਰ ਕਰਨ ਵਿਚ ਵੀ ਅਸਮਰੱਥ ਸੀ।

1783 ਵਿਚ ਜੱਸਾ ਸਿੰਘ, ਜਿਸ ਨੇ 40,000 ਘੋੜਿਆਂ ਨਾਲ ਦਿੱਲੀ ਅਤੇ ਚੌਗਿਰਦੇ 'ਤੇ ਹਮਲਾ ਕੀਤਾ, ਇਸ ਗੱਲ ਨੂੰ ਸਾਬਤ ਕਰਨ ਲਈ, ਦਿੱਲੀ ਦੀ ਗੱਦੀ 'ਤੇ ਬੈਠ ਗਿਆ। ਪੰਜਾਬ ਦੀ ਰੱਖਿਆ, ਭਾਰਤ ਦੇ ਪ੍ਰਵੇਸ਼ ਦੁਆਰ ਅਤੇ ਮੁਗਲਾਂ ਦੀ ਅਧੀਨਗੀ ਦੇ ਨਾਲ, ਜੱਸਾ ਸਿੰਘ ਆਹਲੂਵਾਲੀਆ ਅਤੇ ਸਿੱਖ ਸਰਦਾਰਾਂ ਨੇ ਆਪਣੇ ਦੇਸ਼ ਵਾਸੀਆਂ ਨੂੰ ਆਜ਼ਾਦੀ ਦਿਵਾਈ ਅਤੇ ਹਿੰਦੂ ਅਤੇ ਸਿੱਖ ਸਭਿਆਚਾਰ ਅਤੇ ਧਰਮ ਦੀ ਰੱਖਿਆ ਨੂੰ ਯਕੀਨੀ ਬਣਾਇਆ ਅਤੇ ਇਹ ਭਾਰਤ ਲਈ ਉਹਨਾਂ ਦਾ ਸਭ ਤੋਂ ਵੱਡਾ ਯੋਗਦਾਨ ਸੀ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**


Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust